ਐਮ.ਏ.(ਇਤਿਹਾਸ) ਭਾਗ ਪਹਿਲਾ (ਸਮੈਸਟਰ ਪਹਿਲਾ) ਪਰਚਾ ਦੂਜਾ

# ਵਿਸ਼ਵ ਦਾ ਇਤਿਹਾਸ (1500-1815)

ਯੂਨਿਟ ਨੰ: 1 ਸੈਕਸ਼ਨ : ਏ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**

1.1 : ਪੁਨਰ ਜਾਗ੍ਰਿਤੀ

1.2 : ਈਸਾਈ ਧਰਮ ਸੁਧਾਰ ਅੰਦੋਲਨ

1.3 : ਉਦਯੋਗਿਕ ਕ੍ਰਾਂਤੀ : ਕਾਰਣ ਅਤੇ ਪ੍ਰਭਾਵ

1.4 : ਅਮਰੀਕਨ ਕ੍ਰਾਂਤੀ ਕਾਰਣ ਅਤੇ ਮਹੱਤਤਾ

1.5 : ਫ੍ਰਾਂਸੀਸੀ ਕ੍ਰਾਂਤੀ ਦੇ ਕਾਰਣ - ਰਾਜਨੀਤਿਕ, ਸਮਾਜਿਕ ਤੇ ਆਰਥਿਕ

1.6 : ਫ੍ਰਾਂਸੀਸੀ ਕ੍ਰਾਂਤੀ ਦੇ ਕਾਰਣ - ਫ੍ਰਾਂਸੀਸੀ ਦਾਰਸ਼ਨਿਕਾਂ ਦਾ ਯੋਗਦਾਨ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।**

**ਪਾਠ ਨੰ: 1.1**

# ਪੁਨਰ ਜਾਗ੍ਰਿਤੀ (Renaissance)

**ਭਾਵ (Meaning) :** ਰੈਨੇਸਾਂਸ ਫ੍ਰਾਂਸੀਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਪੁਨਰ ਜਾਗ੍ਰਿਤੀ ਜਾਂ ਪੁਨਰ ਜਨਮ ਹੈ। ਇਸ ਦਾ ਸੀਮਤ ਭਾਵ ਯੂਨਾਨ ਅਤੇ ਰੋਮ ਦੇ ਪੁਰਾਤਨ ਸਾਹਿਤ ਦਾ ਅਧਿਐਨ ਕਰਨਾ ਹੈ। ਪਰੰਤੂ ਆਮ ਕਰਕੇ ਇਹ ਉਹ ਸਮੂਹਕ ਪਰਿਵਰਤਨਾਂ ਦਾ ਸੂਚਕ ਹੈ ਜਿਹੜੇ ਪੰਦਰ੍ਹਵੀਂ ਅਤੇ ਸੋਲਵੀਂ ਸਦੀ ਦੇ ਯੂਰਪ ਵਿੱਚ ਆਏ। ਨਤੀਜੇ ਵੱਜੋਂ ਆਧੁਨਿਕ ਯੁੱਗ ਨੇ ਮੱਧ ਕਾਲ ਦੀ ਥਾਂ ਲੈ ਲਈ। ਪੁਰਾਤਨ ਆਦਰਸ਼ ਅਤੇ ਵਿਚਾਰ ਅਲੋਪ ਹੋ ਗਏ ਅਤੇ ਇਕ ਨਵੀਨ ਮਾਨਸਕ ਦ੍ਰਿਸ਼ਟੀਕੋਣ ਨੇ ਉਨ੍ਹਾਂ ਦੀ ਥਾਂ ਲੈ ਲਈ। ਮੱਧ ਕਾਲ ਦੇ ਵਿਚਾਰ ਅਤੇ 'ਆਦਰਸ਼ ਜਾਂਦੇ ਰਹੇ ਅਤੇ ਨਵੇਂ ਯੁੱਗ ਦਾ ਜਨਮ ਹੋਇਆ, ਜਿਸ ਵਿੱਚ ਮਨੁੱਖ ਤਰਕਸ਼ੀਲ ਢੰਗ ਨਾਲ ਸੋਚਣ ਲੱਗ ਪਏ। ਇਸ ਪ੍ਰਕਾਰ ਪੁਨਰ ਜਾਗ੍ਰਿਤੀ ਲਹਿਰ ਨੇ ਬੌਧਿਕ, ਆਰਥਿਕ ਅਤੇ ਸਮਾਜਿਕ ਤਬਦੀਲੀ ਲਿਆਂਦੀ।

**ਮੱਧਕਾਲ ਦਾ ਦ੍ਰਿਸ਼ਟੀਕੋਣ :** ਮੱਧ ਕਾਲ ਵਿੱਚ ਧਰਮ ਤੋਂ ਪ੍ਰਭਾਵਿਤ ਹੋ ਕੇ, ਇਸ ਸੰਸਾਰ ਨੂੰ ਜਿਸ ਵਿੱਚ ਕਿ ਅਸੀਂ ਵਸਦੇ ਹਾਂ, 'ਰੋਣ ਧੋਣ' ਦੀ ਥਾਂ ਸਮਝਿਆ ਜਾਂਦਾ ਸੀ ਅਤੇ ਇਸ ਦੀ ਕੋਈ ਕਦਰ ਨਹੀਂ ਕੀਤੀ ਜਾਂਦੀ ਸੀ। ਉਸ ਵੇਲੇ ਜੀਵਨ ਦੀਆਂ ਖੁਸ਼ੀਆਂ ਨੂੰ ਇਸ ਲਈ ਦੁਰਕਾਰਿਆ ਜਾਂਦਾ ਸੀ ਕਿ ਇਹ ਸ਼ੈਤਾਨ ਦੇ ਫੰਧੇ ਸਨ, ਆਤਮਾ ਕੈਦੀ ਸੀ ਅਤੇ ਸਵਰਗ ਨੂੰ ਉਡ ਜਾਣ ਲਈ ਤਾਂਘਦੀ ਸੀ। ਚਰਚ ਅਨੁਸਾਰ ਮਨੁੱਖੀ ਜਾਤੀ ਹੀ ਪ੍ਰਲੋਕ ਲਈ ਆਪਣੇ ਆਪ ਨੂੰ ਤਿਆਰ ਕਰ ਸਕਦੀ ਸੀ ਪਰ ਪ੍ਰਲੋਕ ਦੀ ਇਹ ਤਾਂਘ ਈਸਾਈ ਮੱਤ ਦਾ ਅਸਲੀ ਰੂਪ ਨਹੀਂ ਸੀ ਅਤੇ ਨਾ ਹੀ ਸਾਰੇ ਈਸਾਈਆਂ ਦਾ ਵਿਚਾਰ ਸੀ। ਪਰੰਤੂ ਇਹ ਚਰਚ ਦਾ ਈਸਾਈ ਮੱਤ ਜ਼ਰੂਰੀ ਸੀ ਅਤੇ ਉਨ੍ਹਾਂ ਸ਼ਰਧਾਲੂਆਂ ਈਸਾਈਆਂ ਦਾ ਵੀ ਨਿਸ਼ਚਾ ਸੀ, ਜਿਨ੍ਹਾਂ ਨੂੰ ਮੁੱਢ ਤੋਂ ਇਹ ਸਿੱਖਿਆ ਦਿੱਤੀ ਜਾਂਦੀ ਸੀ ਕਿ ਉਨ੍ਹਾਂ ਨੂੰ ਧਾਰਮਿਕ ਗੱਲਾਂ ਵਿੱਚ ਸ਼ੰਕਾ ਨਹੀਂ ਕਰਨਾ ਚਾਹੀਦਾ ਅਤੇ ਚਰਚ ਦੀ ਉੱਚਤਾ ਨੂੰ ਪ੍ਰਵਾਨ ਕਰਨਾ ਹੀ ਬਣਦਾ ਸੀ। ਚਰਚ ਦੀ ਸ਼ਕਤੀ ਦਾ ਅੰਧ ਵਿਸ਼ਵਾਸ ਮੱਧ ਕਾਲੀਨ ਜੀਵਨ ਦਾ ਮੂਲ ਸਿਧਾਂਤ ਸੀ। ਇਸ ਪ੍ਰਕਾਰ ਵਿਅਕਤੀਗਤ ਸੁਤੰਤਰਤਾ ਸੀਮਿਤ ਸੀ।

## ਪੁਨਰ ਜਾਗ੍ਰਿਤੀ ਦੇ ਕਾਰਣ

ਇਸ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਧਰਮ ਯੁੱਧ (1096-1274 ਈ.) ਨਾਲ ਆਉਣੀ ਆਰੰਭ ਹੋ ਗਈ। ਇਨ੍ਹਾਂ ਧਰਮ ਯੁੱਧਾਂ ਨੇ ਪੱਛਮ ਦਾ ਪੂਰਬ ਨਾਲ ਸੰਪਰਕ ਬਣਾ ਦਿੱਤਾ। ਯੁੱਧਕਾਰ ਜਿੱਥੇ ਵੀ ਗਏ ਉਨ੍ਹਾਂ ਦੇਸ਼ਾਂ ਦੀ ਵਸੋਂ, ਭੂਗੋਲ ਬਨਾਸਪਤੀ ਅਤੇ ਜੰਤੂਆਂ ਦਾ ਸਾਖਿਅਤ ਗਿਆਨ ਹੋ ਗਿਆ ਅਤੇ ਵਪਾਰ ਦੇ ਵਿਕਾਸ ਨੇ ਹੋਰਨਾਂ ਦੇਸ਼ਾਂ ਦੀ ਖੋਜ ਲਈ ਪ੍ਰੇਰਨਾ ਦਿੱਤੀ।

ਇੱਥੇ ਇਕ ਗੱਲ ਚੇਤੇ ਰੱਖਣੀ ਬਹੁਤ ਜ਼ਰੂਰੀ ਹੈ ਕਿ ਇਤਿਹਾਸ ਨੂੰ ਸਿਰਫ ਮਿਤੀਆਂ ਦਾ ਪਲੰਦਾ ਸਮਝਣਾ ਗਲਤੀ ਹੈ। ਇਹ ਵਾਸਤਵ ਵਿੱਚ ਅਜਿਹਾ ਨਹੀਂ। ਇਤਿਹਾਸ ਸੱਚਾਈ ਦੀ ਭਾਲ ਦਾ ਨਾਂ ਹੈ। ਇਸ ਲਈ ਸਾਨੂੰ ਮਿਤੀਆਂ ਨਾਲ ਨਹੀਂ ਚੰਬੜਨਾ ਚਾਹੀਦਾ। ਅੰਦੋਲਨ ਜਾਂ ਲਹਿਰਾਂ ਘੜੀ ਦੀ ਟਿਕ-ਟਿਕ ਨਾਲ ਹੀ ਸ਼ੁਰੂ ਹੁੰਦੀਆਂ ਹਨ ਤੇ ਨਾ ਹੀ ਇੰਝ ਸਮਾਪਤ ਹੁੰਦੀਆਂ ਹਨ। ਅਦਲਾ ਬਦਲੀ ਕਦੀ ਵੀ ਤਿੱਖੀ ਨਹੀਂ ਹੁੰਦੀ। ਇਹ ਸਹਿਜੇ ਹੋਇਆ ਕਰਦੀ ਹੈ। ਇਸ ਪ੍ਰਕਾਰ ਪੁਨਰ ਜਾਗ੍ਰਿਤੀ ਆਗਮਨ ਦੀਆਂ ਨਿਸ਼ਾਨੀਆਂ ਸਾਨੂੰ ਮੱਧ ਕਾਲ ਵਿੱਚ ਦਿਸਦੀਆਂ ਹਨ ਅਤੇ ਇਹ ਅਦਲਾ ਬਦਲੀ ਇਕ ਲੰਮੇ ਸਮੇਂ ਤੱਕ ਜਾਰੀ ਰਹੀ।

## ਪੁਨਰ ਜਾਗ੍ਰਤੀ ਦੇ ਕਾਰਣ :-

**ਸਾਮੰਤਵਾਦ ਦਾ ਪਤਨ :** ਪੁਨਰ ਜਾਗ੍ਰਿਤੀ ਦੇ ਉਭਾਰ ਲਈ ਅਹਿਮ ਕਾਰਨਾਂ ਵਿੱਚੋਂ ਇਕ ਸਾਮੰਤਵਾਦ ਦਾ ਪਤਨ ਵੀ ਸੀ। ਸਾਮੰਤ ਪ੍ਰਥਾ ਦੇ ਪਤਨ ਹੋਣ ਨਾਲ ਮੱਧ ਵਰਗ ਦੀ ਸ਼ਕਤੀ ਦਾ ਉਭਾਰ ਹੋਇਆ। ਮੱਧ ਵਰਗ ਦੇ ਅਮੀਰ ਲੋਕ ਸਮਰਾਟਾਂ ਨੂੰ ਸੈਨਾ ਰੱਖਣ ਲਈ ਧਨ ਰਾਸ਼ੀ ਦੇਣ ਲੱਗੇ, ਜਦੋਂ ਕਿ ਪਹਿਲਾਂ ਇਨ੍ਹਾਂ ਨੂੰ ਸਾਮੰਤਾਂ ਉੱਤੇ ਨਿਰਭਰ ਰਹਿਣਾ ਪੈਂਦਾ ਸੀ। ਵਣਜ ਅਤੇ ਵਪਾਰ ਦੀ ਉੱਨਤੀ ਦੇ ਕਾਰਨ ਕੀਮਤਾਂ ਵਿੱਚ ਵਾਧਾ ਹੋਇਆ, ਜਿਸ ਦਾ ਫਾਇਦਾ ਮੱਧ ਵਰਗ ਨੂੰ ਹੋਇਆ ਅਤੇ ਸਾਮੰਤਾਂ ਦੀਆਂ ਜ਼ਮੀਨਾਂ ਦੇ ਕਰਾਏ ਵਿੱਚ ਵਾਧਾ ਨਾ ਹੋਣ ਕਰਕੇ, ਉਨ੍ਹਾਂ ਨੂੰ ਕਰਜ਼ ਦੀਆਂ ਰਕਮਾਂ ਚੁਕਾਣ ਲਈ ਜ਼ਮੀਨਾਂ ਵੇਚਣੀਆਂ ਪਈਆਂ। ਇਸ ਸਾਮੰਤਵਾਦ ਦਾ ਪਤਨ, ਪੁਨਰ ਜਾਗ੍ਰਿਤੀ ਲਿਆਉਣ ਵਿੱਚ ਸਹਾਈ ਸਿੱਧ ਹੋਇਆ।

**ਧਰਮ ਯੁੱਧ :** ਧਰਮ ਯੁੱਧਾਂ ਨੇ ਸਮਾਜਿਕ, ਆਰਥਿਕ ਅਤੇ ਬੌਧਿਕ ਤਿੰਨ ਦ੍ਰਿਸ਼ਟੀਆਂ ਤੋਂ ਯੂਰਪ ਉਤੇ ਬਹੁਤ ਪ੍ਰਭਾਵ ਪਾਇਆ। ਇਨ੍ਹਾਂ ਯੁੱਧਾਂ ਨੇ ਜਾਗੀਰਦਾਰਾਂ ਦੀ ਸ਼ਕਤੀ ਕਮਜ਼ੋਰ ਕਰ ਦਿੱਤੀ ਅਤੇ ਨਤੀਜਾ ਇਹ ਹੋਇਆ ਕਿ ਮੱਧ ਸਾਮੰਤ ਪ੍ਰਥਾ ਖਤਮ ਹੋ ਗਈ, ਜੋ ਮੱਧਕਾਲੀਨ ਯੁੱਗ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਸੀ।

ਇਸ ਤੋਂ ਇਲਾਵਾ ਧਰਮ ਯੁੱਧਾਂ ਨੇ ਵਪਾਰ ਅਤੇ ਤਜ਼ਾਰਤ ਨੂੰ ਬੜਾ ਉਤਸ਼ਾਹ ਦਿੱਤਾ। ਨਵੇਂ-ਨਵੇਂ ਸ਼ਹਿਰ ਵਸ ਗਏ ਵਿਸ਼ੇਸ਼ ਕਰਕੇ ਇਟਲੀ ਵਿੱਚ ਜਿਨ੍ਹਾਂ ਰਾਹੀਂ ਯੂਰਪ ਤੇ ਪੱਛਮੀ ਏਸ਼ੀਆ ਵਿਚਕਾਰ ਵਪਾਰ ਹੋਣ ਲਗਿਆ। ਵਪਾਰ ਨਾਲ ਲੋਕਾਂ ਨੂੰ ਧਨ ਮਿਲਿਆ ਅਤੇ ਸਮਾਜ ਵਿੱਚ ਚੰਗਾ ਸਥਾਨ ਪ੍ਰਾਪਤ ਹੋਇਆ। ਇਸ ਦੇ ਫਲਸਰੂਪ ਇਕ ਨਵੀਂ ਦਰਮਿਆਨੀ ਸ਼੍ਰੇਣੀ (Middle Class) ਦੀ ਉਤਪੱਤੀ ਹੋਈ ਜਿਸ ਨੇ ਯੂਰਪ ਦੇ ਸਮਾਜ ਵਿੱਚ ਮਹੱਤਵਪੂਰਣ ਕੰਮ ਕੀਤਾ ਅਤੇ ਆਧੁਨਿਕ ਯੁੱਗ ਨੂੰ ਸਹੀ ਰੂਪ ਪ੍ਰਦਾਨ ਕੀਤਾ।

ਬੌਧਿਕ ਦ੍ਰਿਸ਼ਟੀ ਤੋਂ ਵੀ ਧਰਮ ਯੁੱਧਾਂ ਨੇ ਮਹੱਤਵਪੂਰਣ ਕੰਮ ਕੀਤਾ ਅਤੇ ਇਨ੍ਹਾਂ ਯੁੱਧਾਂ ਸਦਕੇ ਬੌਧਿਕ ਅਲੱਗਤਵ (Intellectual Isolation) ਖਤਮ ਹੋ ਗਿਆ। ਯੂਰਪੀਨ ਲੋਕ ਮੱਧ ਪੂਰਬ ਦੇ ਇਸਲਾਮੀ ਸਭਿਅਤਾ ਦੇ ਸੰਪਰਕ ਵਿੱਚ ਆਏ ਜੋ ਕਿ ਕਾਫੀ ਹੱਦ ਤੱਕ ਸਰੇਸ਼ਟ ਯੂਨਾਨੀ ਸਭਿਅਤਾ ਤੇ ਆਧਾਰਿਤ ਸੀ। ਇਸ ਸਦਕੇ ਹੀ ਯੂਰਪੀਨਾਂ ਨੇ ਪ੍ਰਾਚੀਨ ਯੂਨਾਨੀ ਫਿਲਾਸਫੀ ਅਤੇ ਸੰਸਕ੍ਰਿਤ ਨੂੰ ਸਿਖਿਆ। ਇਹੋ ਜਿਹੇ ਧਰਮ ਯੁੱਧਾਂ ਵਿੱਚ ਭਾਗ ਲੈਣ ਵਾਲੇ ਯੂਰਪੀਨ ਲੋਕ ਨਵੇਂ ਵਿਚਾਰ ਲੈ ਕੇ ਆਪਣੇ-ਆਪਣੇ ਦੇਸ਼ ਨੂੰ ਵਾਪਸ ਮੁੜਦੇ ਸਨ। ਉਹ ਹੁਣ ਮਹਿਸੂਸ ਕਰਨ ਲਗ ਪਏ ਕਿ ਕਿਸੇ ਵਿਸ਼ੇ ਬਾਰੇ ਵੀ ਈਸਾਈ ਧਰਮ ਅਤੇ ਈਸਾਈ ਸਿੱਖਿਆ ਅੰਤਮ ਸੱਚਾਈ ਨਹੀਂ ਹੈ ਬਲਕਿ

ਉਹ ਹੁਣ ਚਰਚ ਦੀ ਕੱਟੜਤਾ ਅਤੇ ਉਸ ਦੇ ਅਧਿਕਾਰਾਂ ਉੱਤੇ ਸ਼ੱਕ ਕਰਨ ਲਗ ਪਏ। ਧਰਮ ਯੁੱਧਾਂ ਨੇ ਜਿਸ ਬੌਧਿਕ ਖੋਜ ਅਤੇ ਖਿਆਲਾਂ ਅਤੇ ਸੁਤੰਤਰਤਾ ਨੂੰ ਜਨਮ ਦਿੱਤਾ, ਉਹ ਪੁਨਰ ਜਾਗ੍ਰਿਤੀ ਦੇ ਖਿਲਰਨ ਵਿੱਚ ਸਹਾਈ ਹੋਣ ਵਾਲੇ ਮਹੱਤਵਪੂਰਣ ਕਾਰਣਾਂ ਵਿੱਚੋਂ ਇਕ ਸੀ।

**ਭੂਗੋਲਿਕ ਖੋਜਾ :** ਪੁਨਰ ਜਾਗ੍ਰਿਤੀ ਨੂੰ ਲਿਆਉਣ ਵਾਲਾ ਇਕ ਹੋਰ ਕਾਰਣ ਭੂਗੋਲਿਕ ਖੋਜਾਂ ਹਨ। ਇਨ੍ਹਾਂ ਭੂਗੋਲਿਕ ਖੋਜਾਂ ਨੇ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕੀਤਾ ਅਤੇ ਯੂਰਪ ਨਿਵਾਸੀਆਂ ਨੂੰ ਵਿਦੇਸ਼ੀਆਂ ਅਤੇ ਉਨ੍ਹਾਂ ਦੀ ਸਭਿਅਤਾ ਦੇ ਨੇੜੇ ਲਿਆਂਦਾ। ਪਰ ਇੱਥੇ ਇਹ ਖਾਸ ਧਿਆਨ ਦੇਣ ਵਾਲੀ ਗੱਲ ਹੈ ਕਿ ਸ਼ੁਰੂ-ਸ਼ੁਰੂ ਵਿੱਚ ਜਿਹਾਦਾਂ ਨੇ ਨਵੀਆਂ ਮੰਡੀਆਂ ਅਤੇ ਵਪਾਰਕ ਮਾਰਗਾਂ ਦੀ ਭਾਲ ਦੀ ਖਾਹਿਸ਼ ਪੈਦਾ ਕੀਤੀ। ਇਸੀ ਆਸ਼ੇ ਨੂੰ ਲੈ ਕੇ ਪਹਿਲਾਂ ਮਾਰਕੋ ਪੋਲੋ ਨੇ ਅਤੇ ਫਿਰ ਅਨੇਕ ਯੂਰਪੀਆਂ ਨੇ ਨਵੇਂ ਦੇਸ਼ਾਂ ਅਤੇ ਨਵੇਂ ਵਪਾਰਿਕ ਮਾਰਗਾਂ ਦੀ ਖੋਜ ਆਰੰਭ ਕੀਤੀ।

**ਛਾਪੇਖਾਨੇ ਦੀ ਕਾਢ :** ਛਾਪੇਖਾਨੇ ਦੀ ਕਾਢ ਨੇ ਵੀ ਪੁਨਰ ਜਾਗ੍ਰਿਤੀ ਦੇ ਵਿਕਾਸ ਵਿੱਚ ਯੋਗ ਦਾਨ ਪਾਇਆ। ਜਰਮਨੀ ਦੇ ਮੇਨਜ਼ (Mains) ਨਾਮੀ ਸਥਾਨ ਵਿਖੇ ਜਾਂਨ ਗੁਟਨਬਰਗ ਨੇ 1450 ਈ. ਵਿੱਚ ਧਾਤੀ ਟੁਕੜਿਆਂ (Metal Blocks) ਨਾਲ ਛਾਪਣਾ ਸ਼ੁਰੂ ਕੀਤਾ। ਛਾਪੇਖਾਨੇ ਦੀ ਕਾਢ ਤੋਂ ਬਿਨ੍ਹਾਂ, ਪੁਸਤਕਾਂ ਬੜੀਆਂ ਕੀਮਤੀ ਸਨ ਅਤੇ ਬੜੀ ਕਠਿਨਤਾ ਨਾਲ ਮਿਲਦੀਆਂ ਸਨ। ਇਸ ਕਰਕੇ ਸਿੱਖਿਆ ਕੇਵਲ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਸੀ। ਪਰ ਛਾਪੇਖਾਨੇ ਦੀ ਕਾਢ ਅਤੇ ਇਸ ਦੇ ਨਿਕਾਸ ਨਾਲ ਪੁਸਤਕਾਂ ਆਸਾਨੀ ਨਾਲ ਮਿਲਣ ਲੱਗ ਗਈਆਂ ਅਤੇ ਸਿੱਖਿਆ ਦਾ ਪ੍ਰਸਾਰ ਵੱਧ ਗਿਆ। ਮੱਧ ਕਾਲੀਨ ਯੁੱਗ ਦੇ ਟਾਕਰੇ ਹੁਣ ਬਹੁਤ ਲੋਕ ਸਿੱਖਿਆ ਪ੍ਰਾਪਤ ਕਰਨ ਲਗ ਪਏ। ਇਸ ਨੇ ਪੁਨਰ ਜਾਗ੍ਰਿਤੀ ਤੇ ਵਿਕਾਸ ਵਿੱਚ ਮਹੱਤਵਪੂਰਣ ਸਹਾਇਤਾ ਕੀਤੀ।

**ਕੁਸਤੰਨਤੁਨੀਆਂ ਤੇ ਕਬਜ਼ਾ :** ਪੰਦਰ੍ਹਵੀਂ ਸਦੀ ਵਿੱਚ ਪਰਿਵਰਤਨ ਤੇਜ਼ੀ ਨਾਲ ਆਏ। 29 ਮਈ, 1453 ਨੂੰ ਸੁਲਤਾਨ ਮੁਹੰਮਦ ਦੂਜੇ ਦਾ ਕੁਸਤੰਨਤੁਨੀਆਂ ਦੇ ਨਗਰ ਉੱਤੇ ਕਬਜ਼ਾ ਹੋ ਗਿਆ। ਇਸ ਨੇ ਪੁਨਰ ਜਾਗ੍ਰਿਤੀ ਨੂੰ ਹੁਲਾਰਾ ਦਿੱਤਾ। ਇਸ ਦਾ ਕਾਰਣ ਇਹ ਸੀ ਕਿ ਕੁਸਤੰਨਤੁਨੀਆਂ ਯੂਨਾਨੀਆਂ-ਰੋਮਨ ਸਮਰਾਜ ਦੀ ਆਖਰੀ ਯਾਦ ਸੀ। ਇਕ ਹਜ਼ਾਰ ਤੋਂ ਵਧੇਰੇ ਵਰ੍ਹੇ ਹੋਏ ਜਦੋਂ ਕਿ ਨਗਰ ਨੂੰ ਕਾਨਸਏਨਟਾਈਨ ਨੇ ਵਸਾਇਆ ਸੀ, ਏਥੇ ਰੋਮਨ ਸਾਮਰਾਜ ਰਾਜ ਕਰਦੇ ਰਹੇ ਸਨ। ਮੁਸਲਮਾਨਾਂ ਦੇ ਹੱਥੋਂ ਇਸ ਨਗਰ ਦੇ ਪਤਨ ਹੋਣ ਨਾਲ ਇਥੇ ਵਸਦੇ ਈਸਾਈ ਨਵੇਂ ਘਰਾਂ ਦੀ ਭਾਲ ਵਿੱਚ ਇਥੋਂ ਨੱਠ ਗਏ। ਉਨ੍ਹਾਂ ਵਿਚੋਂ ਬਹੁਤ ਸਾਰੇ ਇਟਲੀ ਚਲੇ ਗਏ ਕਿਉਂਕਿ ਇਸ ਨੂੰ ਬਾਕੀ ਦੇ ਯੂਰਪ ਤੋਂ ਵਧੇਰੇ ਸੱਭਯ ਸਮਝਿਆ ਜਾਂਦਾ ਸੀ। ਉਹ ਆਪਣੀਆਂ ਬਹੁ-ਮੁਲੀਆਂ ਅਤੇ ਰੋਮਨ ਫਿਲਾਸਫੀ ਦੀਆਂ ਪੁਸਤਕਾਂ ਅਤੇ ਲਿਖਤਾਂ ਆਪਣੇ ਨਾਲ ਹੀ ਲੈ ਗਏ। ਅਰਸਤੂ ਅਤੇ ਪਲੈਟੋ ਦੇ ਵਿਚਾਰਾਂ ਦੀ ਨਵੀਂ ਵਿਆਖਿਆ ਨੇ ਇਟਲੀ ਦੇ ਜੀਵਨ ਵਿੱਚ ਨਵੀਂ ਰੂਹ ਫੂਕ ਦਿੱਤੀ। ਯੂਨਾਨੀ ਫਿਲਾਸਫੀ ਦਾ ਗਿਆਨ ਕੁਝ ਕੁ ਲੋਕਾਂ ਵਿੱਚ ਫੈਸ਼ਨ ਹੀ ਬਣ ਗਿਆ। ਇਟਲੀ ਤੋਂ ਜਾਗ੍ਰਿਤੀ ਐਲਪਸ ਪਰਬਤ ਪਾਰ ਤੋਂ ਫਰਾਂਸ, ਇੰਗਲਿਸਤਾਨ ਅਤੇ ਨੀਂਦਰਲੈਂਡ ਵਿੱਚ ਵੀ ਫੈਲ ਗਈ। ਫਰਾਂਸ ਦੇ ਬਾਦਸ਼ਾਹ ਫਰਾਂਸਿਸ ਨੇ ਪਹਿਲੇ ਫਰਾਂਸੀਸੀਆਂ ਨੂੰ ਨਵੀਂ ਸਿੱਖਿਆ ਦੇਣ ਲਈ ਇਟਲੀ ਤੋਂ ਵਿਦਵਾਨ

ਬੁਲਾਏ। ਇੰਗਲੈਂਡ ਦੇ ਸਮਰਾਟ ਹੈਨਰੀ ਅਠਵੇਂ, ਸਪੇਨ ਦੇ ਚਾਰਲਸ ਪੰਜਵੇਂ ਅਤੇ ਹੋਰ ਰਾਜਿਆਂ ਨੇ ਆਪਣੇ ਦਰਬਾਰਾਂ ਵਿੱਚ ਵਿਦਵਾਨਾਂ ਨੂੰ ਸਰਪ੍ਰਸਤੀ ਦਿੱਤੀ। ਇੰਗਲੈਂਡ ਵਿੱਚ ਪੁਨਰ ਜਾਗ੍ਰਿਤੀ ਦਾ ਨੇਤਾ ਚੋਸਰ ਸੀ। ਆਕਸਫੋਰਡ ਅਤੇ ਕੈਂਬਰਿਜ ਯੂਨੀਵਰਸਿਟੀਆਂ ਪੁਨਰ ਜਾਗ੍ਰਿਤੀ ਦੀ ਨਵੀਂ ਸੰਸਕ੍ਰਿਤੀ ਦੇ ਕੇਂਦਰ ਬਣ ਗਈਆਂ।

## ਪੁਨਰ ਜਾਗ੍ਰਿਤੀ ਦੇ ਪ੍ਰਭਾਵ

ਯੂਨਾਨੀ ਜੀਵਨ ਪ੍ਰਤਿ ਵਿਚਾਰ ਮੱਧ ਕਾਲੀ ਵਿਚਾਰਾਂ ਤੋਂ ਉੱਕੇ ਹੀ ਵੱਖਰੇ ਸਨ। ਯੂਨਾਨੀ ਜੀਵਨ ਆਨੰਦ ਮਾਣਦੇ ਸਨ ਅਤੇ ਇਸ ਸੰਸਾਰ ਨੂੰ ਕੇਵਲ ਦਮੜਿਆਂ ਦਾ ਪਸਾਰਾ ਨਹੀਂ ਸਮਝਦੇ ਸਨ। ਉਹ ਸੰਤੁਲਤਾ ਨੂੰ ਪੜ੍ਹਦੇ ਸਨ। ਉਹ ਸਵਾਲ ਜਵਾਬ ਕਰਦੇ ਸਨ। ਉਹ ਕਿਸੇ ਗੱਲ ਨੂੰ ਮੰਨਣ ਤੋਂ ਪਹਿਲੇ ਉਸ ਦੀ ਖੋਜ ਕਰਦੇ ਸਨ। ਉਹ ਹਰ ਗੱਲ ਤੇ ਕਿਉਂ ਅਤੇ ਕਿਵੇਂ ਨੂੰ ਜਾਣਨ ਵਿੱਚ ਉਤਸ਼ਾਹ ਰੱਖਦੇ ਸਨ। ਉਨ੍ਹਾਂ ਨੇ ਆਪਣੀ ਮਾਨਸਿਕ ਦ੍ਰਿਸ਼ਟੀ ਪੜਚੋਲੀ ਬਣਾ ਲਈ। ਵਾਨ ਲੂਨ (Van Loon) ਲਿਖਦਾ ਹੈ, ''ਕਿ ਲੋਕ ਕੇਵਲ ਸੁਣਨ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਂਦੇ ਸਨ। ਉਹ ਜੀਵਨ ਦੇ ਨਾਟਕ ਵਿੱਚ ਖੇਡਣਾ ਚਾਹੁੰਦੇ ਸਨ।'' ਉਹ ਇਸੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਸਨ। ਇਸ ਸੰਸਾਰਕ ਰੁਚੀ ਨੂੰ ਸੁਰਜੀਤ ਕਰਨ ਅਤੇ ਸੰਸਾਰਕ ਜੀਵਨ ਦੇ ਆਨੰਦ ਮਾਣਨ ਨੂੰ ਪੁਨਰ ਜਾਗ੍ਰਿਤੀ ਦਾ ਨਾਂ ਦਿੱਤਾ ਜਾਂਦਾ ਹੈ। ਆਮ ਕਰਕੇ ਲੋਕ ਆਪ ਸੁਣਨ ਤੇ ਵਿਚਾਰਣ ਲੱਗ ਪਏ ਅਤੇ ਉਹ ਅੱਖਾਂ ਮੀਟ ਕੇ ਕਿਸੇ ਗੱਲ ਨੂੰ ਪਰਵਾਨ ਕਰਨ ਨੂੰ ਤਿਆਰ ਨਹੀਂ ਸਨ। ਸਿੱਟਾ ਇਹ ਹੋਇਆ ਕਿ ਪੁਨਰ ਜਾਗ੍ਰਿਤੀ ਨਾਲ ਮਨੁੱਖ ਦਾ ਪੂਰਣ ਸੁਭਾਅ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਗਿਆ। ਇਸ ਨੇ ਮਨੁੱਖ ਨੂੰ ਫਿਰ ਤੋਂ ਲੱਭਿਆ, ਮਨੁੱਖ ਵਿਚਾਰ ਅਤੇ ਕਰਨੀ ਪ੍ਰਤਿ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਲੱਗ ਪਿਆ। ਉਹ ਮੌਤ ਮਗਰੋਂ ਜੀਵਨ ਤੋਂ ਇਸ ਜੀਵਨ ਵਿੱਚ ਵਧੇਰਾ ਰੁਚਿਤ ਹੋ ਗਿਆ। ਆਪਣੇ ਜੀਵਨ ਦੇ ਆਨੰਦ ਵਿੱਚ ਮਨੁੱਖ ਖੁਸ਼ੀ ਅਨੁਭਵ ਕਰਨ ਲੱਗ ਪਿਆ, ਪ੍ਰਕ੍ਰਿਤੀ ਵਿਗਿਆਨ ਅਤੇ ਕਲਾ ਵਿੱਚ ਉਹ ਸਾਰੀਆਂ ਗੱਲਾਂ ਜਿਹੜੀਆਂ ਮਨੁੱਖ ਉਤੇ ਪ੍ਰਭਾਵ ਪਾਉਂਦੀਆਂ ਸਨ, ਉਹਨਾਂ ਲਈ ਮਹੱਤਵਪੂਰਨ ਹੋ ਗਈਆਂ, ਇਸ ਤਰ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਮਾਨਵ-ਵਾਦ ਆਖਦੇ ਸਨ।

ਪੁਨਰ-ਜਾਗ੍ਰਿਤੀ ਲਹਿਰ ਨੇ ਜੀਵਨ ਦੇ ਹਰ ਪੱਖ ਉਤੇ ਪ੍ਰਭਾਵ ਪਾਇਆ। ਇਹ ਕੇਵਲ ਪੁਰਾਤਨ ਸਰਬੋਤਮ ਰਚਨਾਵਾਂ ਦੇ ਅਧਿਐਨ ਤੱਕ ਸੀਮਤ ਨਹੀਂ ਸੀ, ਭਾਵੇਂ ਉਹ ਨਿਰਸੰਦੇਹ ਇਸ ਦਾ ਮਹੱਤਵਪੂਰਣ ਪੱਖ ਸੀ। ਇਸ ਨੇ ਵਿਗਿਆਨਕ ਕਾਢ, ਭੂਗੋਲਿਕ ਖੋਜਾਂ, ਸਿੱਖਿਆ, ਰਾਜਨੀਤੀ, ਸਾਹਿੱਤ ਅਤੇ ਧਰਮ ਉਤੇ ਵੀ ਪ੍ਰਭਾਵ ਪਾਇਆ। ਕਲਾ ਅਤੇ ਭਵਨ ਉਸਾਰੀ ਉਤੇ ਵੀ ਇਸ ਦਾ ਉੱਘਾ ਪ੍ਰਭਾਵ ਪਿਆ। ਵਿਗਿਆਨਕ ਪ੍ਰਕ੍ਰਿਤੀ ਦਾ ਅਧਿਐਨ ਕਰਨ ਲਗ ਪਏ। ਇਸ ਪ੍ਰਕਾਰ ਜਿਹੜੇ ਤੱਤ ਉਨ੍ਹਾਂ ਨੂੰ ਲੱਭੇ, ਉਸ ਉਤੇ ਆਪਣੇ ਸਿੱਧਾਂਤਾਂ ਨੂੰ ਵਾਦ-ਵਿਵਾਦ ਤੋਂ ਬਿਨਾਂ ਮੰਨਣ ਤੋਂ ਨਾਂਹ ਕਰ ਦਿੱਤੀ। ਇਕ-ਇਕ ਕਰਕੇ ਇਨ੍ਹਾਂ ਸਾਰੀਆਂ ਉਤੇ ਇਥੇ ਵਿਚਾਰ ਕੀਤਾ ਗਿਆ ਹੈ। ਹੁਣ ਅਸੀਂ ਇਨ੍ਹਾਂ ਪ੍ਰਭਾਵਾਂ ਦਾ ਵਿਸਥਾਰ ਨਾਲ ਅਧਿਐਨ ਕਰਾਂਗੇ।

**ਵਿਗਿਆਨ ਦੀ ਪ੍ਰਗਤੀ :** ਆਧੁਨਿਕ ਵਿਗਿਆਨ ਦਾ ਇਤਿਹਾਸ ਪੁਨਰ ਜਾਗ੍ਰਿਤੀ ਤੋਂ ਹੀ ਆਰੰਭ ਹੁੰਦਾ ਹੈ ਕਿਉਂਕਿ ਖੋਜ ਦੀ ਭਾਵਨਾ ਦੁਆਰਾ ਕਾਢਾਂ ਨਿਕਲਦੀਆਂ ਹਨ ਅਤੇ ਉਸ ਸਮੇਂ ਵੀ ਨਿਕਲੀਆਂ। ਕੁੱਝ ਮਹੱਤਵਪੂਰਣ ਕਾਢਾਂ ਨਿਮਨਲਿਖਤ ਹਨ:

ਯੂਰਪ ਵਿੱਚ ਜਹਾਜ਼ੀ ਕੰਪਾਸ (Compass) ਨੂੰ 1260 ਈਸਵੀ ਵਿੱਚ ਮਾਰਕੋ ਪੋਲੋ ਚੀਨ ਤੋਂ ਲਿਆਇਆ। ਇਸ ਨਾਲ ਸਮੁੰਦਰੀ ਸਫਰ ਸੁਖਾਲੇ ਬਣ ਗਏ। ਲਾਰੰਸ ਕੋਸਟਲਰ ਨੇ ਲੱਕੜੀ ਦੇ ਟੁਕੜਿਆਂ (Metal Blocks) ਤੋਂ ਛਾਪਣਾ ਸ਼ੁਰੂ ਕਰ ਦਿੱਤਾ। 1476 ਈ. ਵਿੱਚ ਵਿਲੀਅਮ ਬੈਕਸਟਨ ਨੇ ਪਹਿਲਾ ਛਾਪਾਖਾਨਾ ਲਾਇਆ। 1490 ਈ. ਵਿੱਚ ਅਲਡੂਅਸ ਮਾਨੁਸ਼ੀਅਸ (Alduous Manutious) ਨੇ ਵੀਨਸ ਵਿੱਚ ਛਾਪਾਖਾਨਾ ਲਾਇਆ। ਛਾਪੇਖਾਨੇ ਦੇ ਸ਼ੁਰੂ ਹੋਣ ਨਾਲ ਪੜ੍ਹਾਈ ਨੂੰ ਉਤਸ਼ਾਹ ਮਿਲਿਆ। ਕਿਤਾਬਾਂ ਸਸਤੀਆਂ ਹੋ ਗਈਆਂ ਅਤੇ ਨਵੀਂ ਸਿੱਖਿਆ ਲੋਕਾਂ ਦੀ ਪਹੁੰਚ ਵਿੱਚ ਆ ਗਈ। ਬਾਰੂਦ, ਜਿਸ ਨੇ ਯੁੱਧ ਦੇ ਸਾਧਨਾਂ ਵਿੱਚ ਕ੍ਰਾਂਤੀ ਲੈ ਆਂਦੀ, ਚੀਨੀਆਂ ਨੂੰ ਇਸ ਦਾ ਪਤਾ ਸੀ ਪਰ ਯੂਰਪ ਵਿੱਚ ਇਹ ਪੰਦਰ੍ਹਵੀਂ ਸਦੀ ਦੇ ਅੰਤ ਨੂੰ ਆਇਆ। ਬਾਰੂਦ ਦੀ ਵਰਤੋਂ ਨਾਲ ਜਾਗੀਰਦਾਰਾਂ ਦੇ ਪੱਕੇ ਪੱਥਰਾਂ ਦੇ ਕਿਲਿਆਂ ਦਾ ਲਾਭ ਜਾਂਦਾ ਰਿਹਾ। ਉਚ ਕੁਲੀਨਾਂ, ਸ਼ਸਤ੍ਰ-ਬੰਦ ਯੁੱਧਾਂ ਵੀਰਾਂ ਅਤੇ ਤੀਰ ਮਾਰੱਖਣਾਂ ਦੀ ਮਹੱਤਤਾ ਖਤਮ ਹੋ ਗਈ। ਇਕ ਪੋਲਿਸ ਵਿਗਿਆਨੀ ਕੋਪਰਨੀਕਸ (1473 ਈ.-1543 ਈ.) ਨੇ ਪੁਰਾਣਾ ਸਿੱਧਾਂਤ ਤੋੜ ਦਿੱਤਾ ਕਿ ਭੂਮੀ ਸੰਸਾਰ ਦਾ ਕੇਂਦਰ ਹੈ ਅਤੇ ਸੂਰਜ ਇਸ ਦੇ ਦੁਆਲੇ ਘੁੰਮਦਾ ਹੈ। ਕੋਪਰਨੀਕਸ ਨੇ ਸੂਰਜ-ਮੰਡਲ ਦਾ ਅਧਿਐਨ ਕੀਤਾ ਅਤੇ 1543 ਈ. ਵਿੱਚ ਆਪਣੀ ਪੁਸਤਕ ''ਅਕਾਸ਼ੀ ਸ਼ਕਤੀਆਂ ਦੇ ਚੱਕਰ'' ਲਿਖੀ। ਵੀਹ ਵਰ੍ਹਿਆਂ ਪਿੱਛੋਂ ਗਲੀਲੋ (1564 ਈ.-1642 ਈ.) ਨੇ ਪੀਸਾ (ਇਟਲੀ) ਵਿੱਚ ਜਨਮ ਲਿਆ। ਉਸ ਨੇ ਦੂਰਬੀਨ ਨੂੰ ਸੰਪੂਰਨ ਕੀਤਾ ਅਤੇ ਉਸ ਨੇ ਕੋਪਰਨੀਕਸ ਦੇ ਉੱਪਰ ਲਿਖਤ ਸਿਧਾਂਤ ਦੀ ਪੁਸ਼ਟੀ ਕੀਤੀ ਭਾਵੇਂ ਉਸ ਨੂੰ ਅਜਿਹਾ ਕਰਨ ਵਿੱਚ ਜਾਨ ਦੇਣੀ ਪਈ।

**ਭੂਗੋਲਿਕ ਖੋਜਾਂ :** ਖੋਜ ਦੀ ਭਾਵਨਾ ਨੇ ਕਈਆਂ ਨੂੰ ਨਵੀਆਂ ਬਸਤੀਆਂ ਨੂੰ ਲੱਭਣ ਲਈ ਪ੍ਰੇਰਿਤ ਕੀਤਾ ਪਰ ਇਹ ਪ੍ਰੇਰਣਾ ਵਪਾਰਿਕ ਹਿੱਤਾਂ ਵੱਲ ਵੀ ਘੱਟ ਨਹੀਂ ਸੀ। ਜਦੋਂ ਤੁਰਕ ਕੁਸਤੱਨਤੁਨੀਆਂ ਦੇ ਮਾਲਕ ਬਣ ਗਏ ਤਾਂ ਉਨ੍ਹਾਂ ਨੇ ਪੂਰਬ ਪੱਛਮ ਦੇ ਵਪਾਰ ਉੱਤੇ ਇਤਨੇ ਭਾਰੀ ਕਰ ਲਾ ਦਿੱਤੇ ਕਿ ਇਸ ਨੇ ਵਪਾਰਕ ਲਾਭ ਖਤਮ ਹੋ ਗਏ ਪਰ ਕਾਫ਼ੀ ਸਮੇਂ ਤੋਂ ਯੂਰਪ ਵਿੱਚ ਵਿਸ਼ੇਸ਼ ਕਰਕੇ ਮਸਾਲਿਆਂ ਦੀ ਕਾਫ਼ੀ ਮੰਗ ਸੀ ਕਿਉਂਕਿ ਉਸ ਵੇਲੇ ਤਕ ਕੇਵਲ ਗਰਮ ਮਸਾਲੇ ਹੀ ਖੁਰਾਕ ਨੂੰ ਬਣਾਉਣ ਵਾਲੇ ਸਨ। ਕਿਉਂਕਿ ਯੂਰਪੀਅਨ ਗਰਮ ਮਸਾਲਿਆਂ ਤੋਂ ਬਿਨਾਂ ਨਹੀਂ ਸੀ ਰਹਿ ਸਕਦੇ ਤੇ ਇਸ ਦੀ ਆਯਾਤ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੇ ਨਵੇਂ ਵਪਾਰਕ ਮਾਰਗਾਂ ਦੀ ਖੋਜ ਕਰਨੀ ਸ਼ੁਰੂ ਕੀਤੀ। ਇਸ ਕਾਰਨ ਯੂਰਪੀ ਬਸਤੀ ਦੀ ਨੀਂਹ ਰੱਖੀ ਜਿਨ੍ਹਾਂ ਨੇ ਨਿਰਯਾਤ ਲਈ ਮੰਡੀਆਂ ਦਾ ਕੰਮ ਕੀਤਾ। ਨਿਮਨਲਿਖਤ ਮੁੱਖ ਭੂਗੋਲਿਕ ਖੋਜਾਂ ਕੀਤੀਆਂ ਗਈਆਂ :

1483 ਈ. ਬੋਰਥਲੋਮੀਓ ਡਾਇਜ਼ ਦੇ ਆਸਾਵਾਦੀ ਖਾੜੀ (Cape of Good Hope) ਦੇ ਦੁਆਲੇ ਚੱਕਰ ਲਾਇਆ। 1492 ਈ. ਵਿੱਚ ਕਰਿਸਟੋਫਰ ਕੋਲੰਬਸ ਭਾਰਤ ਦੀ ਖੋਜ ਵਿੱਚ ਪੱਛਮ ਨੂੰ ਜਹਾਜ਼ ਚਲਾਉਂਦਾ ਹੋਇਆ ਵੈਸਟ ਇੰਡੀਜ਼ ਜਾ ਪੁੱਜਾ। ਜੋਹਨ ਕੈਬਟ ਲੈਬਰੋਸਡੋਹ ਪੁੱਜਿਆ ਅਤੇ ਇਸ ਪ੍ਰਕਾਰ ਉਸ ਨੇ ਈਸਟ ਇੰਡੀਜ਼ ਨੂੰ ਲੱਭਿਆ। ਪੁਰਤਗਾਲ ਦੇ ਰਾਜ ਕੁਮਾਰ ਹੈਨਰੀ (1394 ਈ. -1460) ਜਿਸ ਨੂੰ ਜਹਾਜ਼ਰਾਨੀ ਹੈਨਰੀ ਆਖਿਆ ਜਾਂਦਾ ਹੈ, ਨੇ ਅਫਰੀਕਾ ਦਾ ਪੱਛਮੀ ਤੱਟ ਲੱਭਿਆ। 1497-98 ਈਸਵੀ ਵਿੱਚ ਨਟਾਲ ਨੂੰ ਲੱਭਣ ਪਿੱਛੋਂ ਪੁਰਤਗੇਜੀ ਵਾਸਕੋਡੀਗਾਮਾ ਭਾਰਤ ਵੱਲ ਜਹਾਜ਼ ਰਾਹੀਂ ਆਇਆ ਅਤੇ ਕਾਲੀਕੱਟ ਪਹੁੰਚਿਆ। 1520 ਈ. ਵਿੱਚ ਪੁਰਤਗੇਜ਼ੀ ਨੇ ਬਰਾਜ਼ੀਲ

ਨੂੰ ਲੱਭਿਆ। 1519 ਈ. ਇਕ ਸਪੇਨੀ ਕੋਰਤਿਸ ਮੈਕਸੀਕੋ ਪੁੱਜਾ। 1520 ਈਸਵੀ ਵਿੱਚ ਇਕ ਹੋਰ ਸਪੇਨੀ ਮੰਗੇਲਨ ਹੋਰਨ ਖਾੜੀ ਵਿੱਚੋਂ ਹੁੰਦਾ ਹੋਇਆ ਸ਼ਾਂਤ ਮਹਾਂਸਾਗਰ ਵਿੱਚ ਆਇਆ। ਬਸਤੀਆਂ ਦੇ ਬਨਾਉਣ ਨਾਲ ਉਪਨਿਵੇਸ਼ੀ ਰਾਜ ਸ਼ੁਰੂ ਹੋ ਗਿਆ ਅਤੇ ਬਸਤੀਆਂ ਲਈ ਭੱਜ ਦੌੜ ਯੂਰਪੀ ਕੰਮਾਂ ਨੂੰ ਉਪਨਿਵੇਸ਼ੀ ਯੁੱਧਾਂ ਦੀ ਲਪੇਟ ਵਿੱਚ ਲੈ ਆਈ।

**ਬੌਧਿਕ ਤੇ ਵਿਦਿਅਕ ਉੱਨਤੀ :** ਸਰਬੋਤਮ ਗ੍ਰੰਥਾਂ ਦੇ ਅਧਿਐਨ ਨਾਲ ਸਿੱਖਿਆ ਵਿੱਚ ਉਤਸ਼ਾਹ ਵਧਿਆ ਅਤੇ ਲਾਤੀਨੀ ਸਾਹਿਤਕ ਰਚਨਾਵਾਂ ਨੂੰ ਪੜ੍ਹਿਆ ਗਿਆ, ਉਨ੍ਹਾਂ ਦੇ ਵਿਚਾਰਾਂ ਨੂੰ ਗ੍ਰਹਿਣ ਕੀਤਾ ਗਿਆ ਅਤੇ ਮੁੜ ਪੇਸ਼ ਕੀਤਾ ਗਿਆ। ਸਦਾਚਾਰੀ ਲਾਤੀਨੀ ਹੋ ਗਿਆ। ਯੂਨਾਨੀ ਫਿਲਾਸਫੀ ਪੜ੍ਹਨ ਨਾਲ ਵਿਅਕਤੀਗਤ ਸੁਤੰਤਰਤਾ ਅਤੇ ਗਿਆਨ ਪ੍ਰਤਿ ਖੋਜ ਦੀ ਭਾਵਨਾ ਹੋਰ ਵੀ ਵਧ ਗਈ। ਨਵੀਂ ਭਾਂਤ ਦੇ ਸਕੂਲ ਖੋਲ੍ਹੇ ਗਏ। ਨਿਤੋਰੀਨੇਡਾ ਫੌਲਡਰ (Nittorindoda Folder) (1378 ਈ.–1446 ਈ.) ਜਿਹੇ ਅਧਿਆਪਕਾਂ ਨੇ ਸਰਵੋਤਮ ਗ੍ਰੰਥਾਂ ਨੂੰ ਪੜ੍ਹਾਉਣ ਦੇ ਨਾਲ-ਨਾਲ ਚੰਗਾ ਆਚਾਰ, ਸਵੱਛ ਸਰਗਰਮੀਆਂ ਅਤੇ ਅਨੁਸ਼ਾਸਨ ਵੀ ਸਿਖਾਇਆ।

ਹੋਰ ਜਾਨਣ ਦੀ ਚਾਹ ਨੇ ਲੋਕਾਂ ਨੂੰ ਅੱਗੇ ਤੋਂ ਬੁੱਧੀਮਾਨ ਬਣਾ ਦਿੱਤਾ। ਮਾਨਸਿਕ ਧਨ ਪ੍ਰਤੱਖ ਹੋ ਗਿਆ ਅਤੇ ਮਨੁੱਖੀ ਵਿਚਾਰਾਂ ਦੀ ਉੱਚਤਾ ਨੂੰ ਸਮਝ ਲਿਆ ਗਿਆ। ਯੂਨਾਨੀ ਤੇ ਲਾਤੀਨੀ ਦੇ ਰੂਪ ਅਤੇ ਵਿਸ਼ੇ ਨੂੰ ਗ੍ਰਹਿਣ ਕਰ ਲਿਆ ਗਿਆ। ਇਟਲੀ ਵਿੱਚ ਪੁਨਰ ਜਾਗ੍ਰਿਤੀ ਤੇ ਰੋਮਨ ਅਤੇ ਯੂਨਾਨੀ ਸਰਵੋਤਮ ਗ੍ਰੰਥਾਂ ਦਾ ਸਭ ਤੋਂ ਵੱਧ ਅਧਿਐਨ ਹੋਇਆ। ਇਸ ਕੰਮ ਵਿੱਚ ਰਾਜਿਆਂ ਨੇ ਵਿਦਵਾਨਾਂ ਨੂੰ ਉਤਸ਼ਾਹ ਦਿੱਤਾ। ਪੋਪ ਵੀ ਪਿੱਛੇ ਨਾ ਰਹੇ। ਫਲੋਰੰਸ ਵਿੱਚ ਅਕਾਦਮੀਆਂ ਖੋਲ੍ਹੀਆਂ ਗਈਆਂ। ਕੌਸ਼ੀਮੇ-ਦੀ-ਮੇਦਸੀ ਨੇ ਰੋਮ ਵਿੱਚ ਅਤੇ ਜ਼ੂਲੀਅਮ ਪੋਪਨੀਅਜ਼ ਲੇਤਮ ਨੇ ਨੈਪਲਜ਼ ਅਤੇ ਵੀਨਸ ਵਿੱਚ ਅਕਾਦਮੀਆਂ ਖੋਲ੍ਹੀਆਂ। ਪੋਪ ਨਿਕੋਲਸ (1447 ਈ.–1455 ਈ.) ਨੇ ਪੰਜ ਹਜ਼ਾਰ ਲਿਖਤਾਂ ਇਕੱਠੀਆਂ ਕੀਤੀਆਂ, ਜਿਹੜੀਆਂ ਵੈਟੀਕਨ ਲਾਇਬਰੇਰੀ ਦਾ ਮੁੱਢ ਬਣੀਆਂ। ਕੋਸ਼ੀਮੋ-ਦੀ-ਮੇਦਸੀ ਨੇ ਕਈ ਹੱਥ ਲਿਖਤਾਂ ਫਲੋਰੰਸ ਵਿਖੇ ਸੰਤ ਮਾਰਕ ਦੀ ਲਾਇਬਰੇਰੀ ਨੂੰ ਦਿੱਤੀਆਂ। ਪੋਪ ਲਿਉ (1513 ਈ.–1521 ਈ.) ਨੇ ਰੋਮ ਨੂੰ ਸੰਸਾਰ ਭਰ ਦੇ ਸਾਹਿਤ ਦੀ ਰਾਜਧਾਨੀ ਬਣਾ ਦਿੱਤਾ।

**ਕੌਮੀ ਵਿਚਾਰਾਂ ਦਾ ਉਭਾਰ :** ਮੱਧ ਯੂਰਪ ਰਾਜਨੀਤਿਕ ਜੀਵਨ ਨੂੰ ਪਵਿੱਤਰ ਰੋਮਨ ਸਾਮਰਾਜ ਵਿੱਚ ਢਾਲਦਾ ਸੀ। ਪਰ ਸੌ ਸਾਲਾ ਯੁੱਧ ਨੇ ਤੇ ਨਵੀਂ ਮੱਧ ਸ਼੍ਰੇਣੀ ਦੇ ਹਿੱਤਾਂ ਨੇ ਤਬਦੀਲੀ ਲੈ ਆਂਦੀ। ਯੂਰਪ ਵਿੱਚ ਕੌਮੀ ਰਾਜ ਅਤੇ ਸ਼ਕਤੀਵਾਨ ਰਾਜਤੰਤਰ ਉਠ ਖਲੋਤੇ। ਹਰ ਇਕ ਕੌਮ ਨੇ ਆਪਣੇ ਆਪ ਨੂੰ ਸਥਾਈ ਫੌਜਾਂ ਨਾਲ ਤਕੜਾ ਬਣਾਇਆ ਅਤੇ ਸਥਾਈ ਫੌਜਾਂ ਨੂੰ ਰੱਖੀ ਰੱਖਣ ਲਈ ਕਰ ਲਏ। ਹਰ ਦੇਸ਼ ਦੀ ਨਵੀਂ ਮੱਧ ਸ਼੍ਰੇਣੀ ਦੇ ਵਪਾਰੀ ਵਰਗ ਨੇ ਆਪਣੇ ਰਾਜੇ ਦਾ ਸਾਥ ਦਿੱਤਾ। ਕਿਉਂਕਿ ਤਾਕਤਵਰ ਰਾਜ ਹੀ ਬਸਤੀਆਂ ਵਿੱਚ ਉਨ੍ਹਾਂ ਦੇ ਵਪਾਰਕ ਹਿੱਤਾਂ ਲਈ ਲੜ ਸਕਦੇ ਸਨ। ਹੁਣ ਉਹ ਰਾਜਿਆਂ ਦੇ ਪੱਕੇ ਪਿੱਠੂ ਸਨ। ਹੁਣ ਉਨ੍ਹਾਂ ਨੇ ਕੌਮ ਦੀ ਹਮਾਇਤ ਕੀਤੀ ਅਤੇ ਪਵਿੱਤਰ ਰੋਮਨ ਸਾਮਰਾਜ ਅਤੇ ਪੋਪ ਦੀ ਸਰਵ-ਵਿਆਪੀ ਪ੍ਰਭੁੱਤਾ ਦੀ ਅਵਗਿਆ ਕੀਤੀ। ਕੌਮੀ ਰਾਜਿਆਂ ਦੀਆਂ ਸਥਾਈ ਫੌਜਾਂ ਨੇ ਰਈਸਾਂ (Barons) ਦੀ ਸ਼ਕਤੀ ਦਾ ਵੀ ਨਾਸ਼ ਕਰ ਦਿੱਤਾ। ਇਸ ਪ੍ਰਕਾਰ ਸਾਮੰਤਵਾਦ ਦਾ ਹੌਲੀ-ਹੌਲੀ ਪਤਨ ਹੋ ਗਿਆ।

ਸ਼ਕਤੀਸ਼ਾਲੀ ਰਾਜਿਆਂ ਦੀ ਹਾਲਤ ਦਾ ਨਿਕੋਲੋ ਮੈਕਿਆਵਲੀ ਨੇ ਆਪਣੀ ਪੁਸਤਕ 'ਦੀ ਪ੍ਰਿੰਸ' (The Prince) ਵਿੱਚ ਵਰਨਣ ਕੀਤਾ ਹੈ। ਉਸ ਨੇ ਰਾਜੇ ਨੂੰ ਇਕ ਨਿਰੰਕੁਸ਼ ਸ਼ਾਸਕ ਦਿਖਾਇਆ ਹੈ। ਉਸ ਲਈ ਇਹ ਜ਼ਰੂਰੀ ਨਹੀਂ ਕਿ ਉਹ ਉਨ੍ਹਾਂ ਸਦਾਚਾਰਕ ਸਿੱਧਾਂਤਾਂ ਉੱਤੇ ਚਲੇ ਜਿਨ੍ਹਾਂ ਉੱਤੇ ਉਹ ਸਾਧਾਰਣ ਵਿਅਕਤੀ ਦੀ ਹਾਲਤ ਵਿੱਚ ਚਲਦਾ ਹੁੰਦਾ ਸੀ, ਅੱਤਿਆਚਾਰ ਅਤੇ ਧੋਖੇਬਾਜੀ ਕੀਤੀ ਜਾ ਸਕਦੀ ਸੀ। ਸਾਧਨ ਕੋਈ ਕਿਉਂ ਨਾ ਵਰਤੇ ਜਾਣ, ਸਿੱਟਾ ਠੀਕ ਨਿਕਲਣਾ ਚਾਹੀਦਾ ਹੈ। ਉਸ ਦੀ ਰਚਨਾ ਨੇ ਸਮਕਾਲੀ ਸਰਕਾਰਾਂ ਉੱਤੇ ਕਾਫੀ ਪ੍ਰਭਾਵ ਪਾਇਆ।

ਰਾਸ਼ਟਰਵਾਦ ਨੇ ਕੌਮੀ ਭਾਸ਼ਾਵਾਂ ਦੇ ਪ੍ਰਯੋਗ ਨੂੰ ਉਤਸ਼ਾਹ ਦਿੱਤਾ। ਲਾਤੀਨੀ ਭਾਸ਼ਾ ਬਾਇਬਲ ਦਾ ਕੌਮੀ ਭਾਸ਼ਾਵਾਂ ਵਿੱਚ ਅਨੁਵਾਦ ਸ਼ੁਰੂ ਹੋ ਗਿਆ। ਲਿਖਾਰੀ ਰੋਜ਼ ਦੀ ਵਰਤੋਂ ਵਾਲੀ ਭਾਸ਼ਾ ਵਰਤਣ ਲਗ ਪਏ।

**ਧਰਮ-ਨਿਰਪੱਖਤਾ ਦਾ ਵਿਕਾਸ :** ਧਰਮ-ਨਿਰਪੱਖਤਾ ਦੇ ਵਿਕਾਸ ਵਿੱਚ ਪੁਨਰ ਜਾਗ੍ਰਿਤੀ ਦੀ ਸਹਿਯੋਗ ਦੀ ਚਰਚਾ ਕਰਦੇ ਹੋਏ ਡੀ.ਸੀ. ਸੋਮਰਵਾਲ ਨੇ ਲਿਖਿਆ ਹੈ, ''ਇਟਲੀ ਦੀ ਪੁਨਰ ਜਾਗ੍ਰਿਤੀ ਦਾ ਪੋਪ ਨਾਲ ਕੋਈ ਵੈਰ ਨਹੀਂ ਸੀ। ਇਹਨੇ ਕੇਵਲ ਉਸ ਵੱਲ ਪਿੱਠ ਕਰ ਦਿੱਤੀ ਅਤੇ ਧਰਮ ਉਪਚਾਰਕ ਆਗੂਆਂ ਨੇ ਧਰਮ ਨੂੰ ਤਿਆਗ ਦਿੱਤਾ ਅਤੇ ਪੁਨਰ ਜਾਗ੍ਰਿਤੀ ਲਹਿਰ ਦੇ ਅਨੁਆਈ ਬਣ ਗਏ। ਖੋਜ ਦੀ ਰੁਚੀ ਨੇ ਪੋਪ ਦੀ ਸ਼ਕਤੀ ਨੂੰ ਉਡਾ ਦਿੱਤਾ ਅਤੇ ਕਈ ਪ੍ਰਚਲਿਤ ਵਿਸ਼ਵਾਸਾਂ ਨੂੰ ਤੋੜ ਦਿੱਤਾ। ਕੌਮੀ ਦੇ ਮਨੋਭਾਵਨਾ ਨੇ ਪੋਪ ਦੇ ਅੰਤਰ ਰਾਸ਼ਟਰੀ ਦਬਾਓ ਨੂੰ ਬਲਹੀਨ ਕਰ ਦਿੱਤਾ। ਕਿਸੇ ਵਿਦੇਸ਼ੀ ਦੀ ਅਧੀਨਤਾ ਧਾਰਮਿਕ, ਮਾਮਲਿਆਂ ਵਿੱਚ ਅਸਹਿ ਹੋ ਗਈ, ਪੋਪ ਦੀਆਂ ਉਗਰਾਹੀਆਂ ਹੁਣ ਮਾਰੂ ਮਹਿਸੂਸ ਹੋਣ ਲਗ ਪਈਆਂ। ਸੰਸਾਰ ਰੁਚੀਆਂ ਦੀ ਉੱਤੇਜਨਾ ਨੇ ਚਰਚ-ਸਿੱਧਾਂਤ ਨੂੰ ਜੜਾਂ ਤੋਂ ਪੁੱਟ ਦਿੱਤਾ। ਪੁਨਰ ਜਾਗ੍ਰਿਤੀ ਵੇਲੇ ਦੇ ਮਨੁੱਖ ਨੇ ਜੀਵਨ ਨੂੰ ਇਸ ਸੰਸਾਰ ਵਿੱਚ ਅਨੰਦਮਈ ਅਤੇ ਲਾਭਵੰਦ ਬਣਾਉਣ ਲਈ ਕਾਫ਼ੀ ਮਿਹਨਤ ਕੀਤੀ।

## ਪੁਨਰ ਜਾਗ੍ਰਿਤੀ ਸਾਹਿਤ

ਪੁਨਰ ਜਾਗ੍ਰਿਤੀ ਨੇ ਸਾਹਿਤ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਸਾਹਿਤਕਾਰਾਂ ਨੂੰ ਭਾਰੀ ਪ੍ਰੇਰਣਾ ਦਿੱਤੀ। ਨਤੀਜੇ ਵੱਜੋਂ ਯੂਰਪ ਦੇ ਭਿੰਨ-ਭਿੰਨ ਮੁਲਕਾਂ ਵਿੱਚ ਸਾਹਿਤਕ ਉਨਤੀ ਇਸ ਪ੍ਰਕਾਰ ਹੋਈ :

**ਇਟਲੀ ਵਿੱਚ :** ਹੈਲੀ ਦਾਂਤੇ (1266-1321 ਈ.) ਟਸਕਨੀ ਭਾਸ਼ਾ ਵਿੱਚ ਦਾਂਤੇ ਦੀ ਪੁਸਤਕ 'ਦੈਵੀ-ਸੁਖਾਂਤ' (Divine Comedy) ਪੁਨਰ ਜਾਗ੍ਰਿਤੀ ਸਾਹਿਤ ਦੀ ਸਾਕਾਰ ਹੈ। ਬੋਕੈਸ਼ਿਊ (Boccaccio) (1313-1375 ਈ.) ਦੀ ਵਾਰਤਕ ਦਾ ਪਿਤਾ ਸਮਝਿਆ ਜਾਂਦਾ ਹੈ ਉਸ ਦੀ ਮਹਾਨ ਰਚਨਾ 'ਡੇਕਮਿਰੋਨ' (Decameron) ਨਿੱਕੀ ਕਹਾਣੀਆਂ ਦਾ ਸੰਗ੍ਰਹਿ ਜਿਨ੍ਹਾਂ ਵਿੱਚ ਜੀਵਨ ਭਰਿਆ ਪਿਆ ਹੈ। ਪੈਟਰੀਆਰਕ (Patriarch) (1302-1374 ਈ.) ਫਲੋਰੰਸ ਦਾ ਰਹਿਣ ਵਾਲਾ ਸੀ ਅਤੇ ਇਸ ਨੇ ਲਾਤੀਨੀ ਵਿੱਚ ਲਿਖਿਆ। ਉਸ ਨੂੰ ਪੋਪ ਕਲੇਮੈਂਟ VI ਸਮਰਾਟ ਚਾਰਲਸ V ਅਤੇ ਨੇਪਲਜ਼ ਦੇ ਸ਼ਾਸਕ ਦੀ ਪ੍ਰਤੀਪਾਲਨਾ ਪ੍ਰਾਪਤ ਸੀ। ਉਸ ਨੇ ਪ੍ਰਾਚੀਨ ਰੋਮਨ ਇਤਿਹਾਸਕਾਰ ਅਤੇ ਸੁਭਾਵਕਤਾ ਸਿਸਰੋ ਨੂੰ ਫਿਰ ਸੁਰਜੀਤ ਕਰ ਦਿੱਤਾ।

**ਫਰਾਂਸ ਵਿੱਚ :** ਫਰਾਂਸਿਸ ਰਾਬੇਲੈਸ (Francois Rabelasis) (1444–1553 ਈ.) ਨੇ ਵਿੱਦਿਆ ਅਤੇ ਜੀਵਨ ਭਰਪੂਰ ਫ੍ਰਾਂਸੀਸੀ ਭਾਸ਼ਾ ਲਿਖਤੀ ਲਿਖੀਆਂ। ਜੋਹਨ ਕਾਲਵਿਨ (1509–1560 ਈ.) ਧਾਰਮਿਕ ਸੁਧਾਰਕ ਸੀ ਅਤੇ ਉਸ ਨੇ ਫ੍ਰਾਂਸੀਸੀ ਵਾਰਤਕ ਵਿੱਚ ਸ਼ੈਲੀ ਵਿਕਸਿਤ ਕੀਤੀ। ਮਾਈਕਲ ਦਿ ਮਾਂਟੇਨ (Michael de Montaigne) ਇਕ ਨਿਬੰਧ ਲੇਖਕ ਸੀ। ਉਸ ਨੇ ਆਪਣੇ ਲੇਖਾਂ ਰਾਹੀਂ ਮਨੁੱਖੀ ਸੁਤੰਤਰਤਾ ਅਤੇ ਵਿਸ਼ਵ-ਭਾਈਚਾਰੇ ਦੀਆਂ ਭਾਵਨਾਵਾਂ ਦਾ ਪ੍ਰਚਾਰ ਕੀਤਾ।

**ਇੰਗਲੈਂਡ ਵਿੱਚ :** ਜਾਫਰੇ ਚੌਸਰ (1340–1405 ਈ.) ਕੈਂਟਰਬਰੀ ਕਹਾਣੀਆਂ (Canterbury Tales) ਲਿਖੀਆਂ ਹਨ ਅਤੇ ਇਹ ਪੁਸਤਕ ਮਧਯੁੱਗ ਤੇ ਆਧੁਨਿਕ ਯੁੱਗ ਵਿਚਕਾਰ ਇਕ ਕੜੀ ਮੰਨੀ ਜਾਦੀ ਹੈ। ਸਰ ਟਾਮਸ ਮੋਰ (1478–1535 ਈ.) ਦੀ ਪੁਸਤਕ 'ਇਕ ਆਦਰਸ਼ਕ ਟਾਪੂ' (Utopia) ਉਸ ਵੇਲੇ ਦੇ ਸਮਾਜ ਦੀ ਆਲੋਚਨਾ ਕਰਦੀ ਹੈ। ਐਲਿਜ਼ਬਿਥ ਦਾ ਯੁੱਗ 'ਗਾਉਂਦੇ ਪੰਛੀਆਂ' ਦਾ ਸਮਾਂ ਸੀ। ਇਨ੍ਹਾਂ ਵਿੱਚੋਂ ਸਭ ਤੋਂ ਹਸੀਲਾ ਅਤੇ ਉਚਤਮ ਵਿਲੀਅਮ ਸ਼ੈਕਸਪੀਅਰ ਹੈ। ਉਹ ਪੁਨਰ ਜਾਗ੍ਰਤੀ ਭਾਵਨਾ ਦਾ ਸਭ ਤੋਂ ਚੰਗਾ ਸੂਚਕ ਹੈ। ਉਦਾਹਰਣ ਵੱਜੋਂ ਹੈਮਲੈਟ ਵਿੱਚ ਲਿਖਿਆ ਹੈ, ''ਮਨੁੱਖ ਰੱਬ ਦੀ ਕਿੰਨੀ ਚੰਗੀ ਘੜਤ ਹੈ, ਕਿੰਨਾ ਸਾਉ ਅਨੰਤ ਸ਼ਕਤੀ ਵਾਲਾ ਸੰਸਾਰ ਦੀ ਸੁੰਦਰਤਾ ਅਤੇ ਜੀਵਾਂ ਵਿੱਚੋਂ ਨਿਪੁੰਨ ਹੈ।'' ਐਡਮੰਡ ਸਪੈਂਸਰ ਯੋਧਿਆਂ ਦੇ ਗੁਣਾਂ ਦਾ ਵਰਣਨ ਕਰਦਾ ਹੈ। ਫਰਾਂਸਿਸ ਬੇਕਨ (1561–1626 ਈ.) ਇਕ ਆਦਰਸ਼ਕ ਰਾਜ ਬਾਰੇ ਦੱਸਦਾ ਹੈ ਅਤੇ ਵਿਗਿਆਨ ਦੀ ਪੜ੍ਹਾਈ ਨੂੰ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਉਤਸ਼ਾਹ ਦੇਂਦਾ ਹੈ। ਕਰਿਸਟੋਫਰ ਮਾਰਕੋ ਅਤੇ ਬੈਨ ਜੋਹਨਸਨ ਇਸ ਯੁੱਗ ਦੇ ਮਹਾਨ ਲੇਖਕ ਹਨ। ਇਨ੍ਹਾਂ ਤੋਂ ਇਲਾਵਾ ਵਿਲੀਅਮ ਸੈਲਿੰਗ, ਕਰਾਈਸਟ ਸਕੂਲ ਕੈਂਟਰਬਰੀ ਦੇ ਇਕ ਅਧਿਆਪਕ ਨੇ ਯੂਨਾਨੀ ਹੱਥ ਲਿਖਤਾਂ ਬਾਰੇ ਉਸ ਦੀ ਇਕ ਸ਼ਿਸ਼ ਤਾਮਸ ਲਿਸਕਰੇ ਨੇ ਲੰਡਨ ਵਿਖੇ ਹਕੀਮਾਂ ਦੇ ਸ਼ਾਹੀ ਸਕੂਲ ਦੀ ਨੀਂਹ ਰੱਖੀ। (1518 ਈ.) ਵਿਲੀਅਮ ਗਰੋਮੀਨ ਨੇ ਯੂਨਾਨੀ ਸਾਹਿਤ ਉੱਤੇ ਲੈਕਚਰ ਦਿੱਤੇ। ਜੋਹਨ ਕੋਲਿਟ ਆਕਸਫੋਰਡ ਵਿਖੇ ਈਸਾਈ ਈਮਾਨ ਉੱਤੇ ਭਾਸ਼ਨ ਦਿੱਤੇ। ਉਸ ਨੇ ਪਾਲ ਸਕੂਲ ਦੀ ਨੀਂਹ ਰੱਖੀ। (1510 ਈ.) ਕੋਲਿਟ ਅਤੇ ਸਰ ਵਿਦਵਾਨ ਈਰਾਸਮਸ (1464–1586 ਈ.) ਦੇ ਮਿੱਤਰ ਸਨ ਜਿਹੜਾ ਅੰਤਰ ਰਾਸ਼ਟਰੀ ਪ੍ਰਸਿੱਧਤਾ ਦਾ ਮਾਲਕ ਸੀ। ਉਸ ਨੇ ਉਨ੍ਹਾਂ ਵਿਸ਼ਵਾਸਾਂ ਦੀ ਜਿਹੜੇ ਭਰਮਾਂ ਅਤੇ ਭੁਲੇਖਿਆਂ ਉੱਤੇ ਆਧਾਰਿਤ ਸਨ, ਦੀ ਆਪਣੀ ਪੁਸਤਕ ''ਮੂਰਖਤਾ ਦੀ ਉਪਮਾ'' (Praise of Folly) ਵਿੱਚ ਕੜੀ ਨੁਕਤਾਚੀਨੀ ਕੀਤੀ। ਸੋਲ੍ਹਵੀਂ ਸਦੀ ਵਿੱਚ ਇਹ ਇਕ ਪੁਸਤਕ ਸਭ ਤੋਂ ਵੱਧ ਵਿਕੀ। ਹੈਨਰੀ VII ਦੀ ਮਾਂ ਲੇਡੀ ਮਾਰਗ੍ਰੇਟ ਬੋਫਰਟ ਨੇ ਕੈਂਬਰਿਜ ਵਿਖੇ ਕਰਾਈਸਟ ਅਤੇ ਜੌਹਨ ਕਾਲਜਾਂ ਦੀ ਨੀਂਹ ਰੱਖੀ।

## ਪੁਨਰ ਜਾਗ੍ਰਿਤੀ ਸਮੇਂ ਦੀ ਕਲਾ

ਪੁਨਰ ਜਾਗ੍ਰਿਤੀ ਦਾ ਪ੍ਰਭਾਵ ਕਲਾ ਦੇ ਖੇਤਰ ਵਿੱਚ ਹੇਠ ਲਿਖੇ ਸਿਰਲੇਖਾਂ ਹੇਠ ਪੜ੍ਹਿਆ ਜਾ ਸਕਦਾ ਹੈ :

**ਚਿਤ੍ਰਕਲਾ :** ਪੁਨਰ ਜਾਗ੍ਰਿਤੀ ਦੀ ਭਾਵਨਾ ਸੁਤੰਤਰਤਾ ਨਾਲ ਕਲਾ ਵਿੱਚ ਪ੍ਰਗਟ ਹੋਈ। ਮੱਧ ਯੁੱਗ ਵਿੱਚ ਕਲਾ ਤੇ ਚਰਚ ਦਾ ਪ੍ਰਭਾਵ ਸੀ ਪਰ ਪੁਨਰ ਜਾਗ੍ਰਿਤੀ ਦੀ ਕਲਾ ਨੇ ਧਰਮ ਨਾਲੋਂ ਵਧੇਰੇ ਆਨੰਦ, ਸੰਗ ਸੰਸਾਰ ਰੁਚੀਆਂ, ਧਨ ਅਤੇ ਕੰਗਾਲੀ

ਨੂੰ ਪੂਰੀ ਤਰ੍ਹਾਂ ਉਲੀਕਿਆ। ਚਿੱਤਰਕਾਰੀ ਪ੍ਰਾਕ੍ਰਿਤਕ ਪ੍ਰੇਮ ਅਤੇ ਮਨੁੱਖੀ ਸੁੰਦਰਤਾ ਦੀ ਪ੍ਰਸੰਸਾ ਵਿੱਚ ਵਿਖਾਈ ਗਈ। ਇਸ ਵਿੱਚ ਸੁਤੰਤਰਤਾ ਅਤੇ ਵਿਅਕਤੀਵਾਦੀ ਭਾਵਨਾ ਸੀ। ਕਲਾਕਾਰਾਂ ਨੇ ਰਵਾਇਤੀ ਕਲਾ ਨੂੰ ਤਿਆਗ ਦਿੱਤਾ ਅਤੇ ਜੀਵਨ ਨਮੂਨੇ ਖਿੱਚਣ ਲੱਗ ਪਏ। ਹੇਠ ਲਿਖੇ ਚਿੱਤਰਕਾਰ ਪੁਨਰ ਜਾਗ੍ਰਿਤੀ ਦੇ ਵੱਡੇ ਸੂਚਕ ਸਨ :

**ਫਰਾਂ ਆਂਜਲਕੋ** (1387–1414 ਈ.) ਇਕ ਵਿਰੱਕਤ ਸਾਧ ਸੀ ਜਿਸ ਨੇ ਛੋਟੇ-ਛੋਟੇ ਗਿਰਜਿਆਂ, ਮੱਠਾਂ ਅਤੇ ਪੂਜਾ ਸਥਾਨਾਂ ਦੀ ਚਿੱਤਰਕਾਰੀ ਕੀਤੀ। ਉਸ ਦੇ ਵਿਸ਼ੇ ਬਾਈਬਲ ਵਿੱਚੋਂ ਸਨ।

**ਲੀਓਨਾਰਡੋ-ਡਾ-ਵਿੰਸੀ** (Leonardo da Vinci 1452-1519 ਈ.) ਚਿੱਤਰਕਾਰ ਹੋਣ ਦੇ ਨਾਤੇ ਮੂਰਤੀਕਾਰ ਵੀ ਸੀ ਜਿਹੜਾ ਮਨੁੱਖੀ ਸਰੀਰ ਵਰਗੀਆਂ ਤਸਵੀਰਾਂ ਬਣਾਉਂਦਾ ਸੀ ਅਤੇ ਰੰਗਾਂ ਦਾ ਪ੍ਰਯੋਗ ਕਰਦਾ ਸੀ। 'ਮੋਨਾ ਲੀਸਾ', 'ਦੀ ਲਾਸਟ ਸਪਰ' ਅਤੇ 'ਦੀ ਵਰਜਿਨ ਰਾਕਸ' ਉਸ ਦੀਆਂ ਸਰਵ ਉਤਮ ਕ੍ਰਿਤੀਆਂ ਮੰਨੀਆਂ ਜਾਂਦੀਆਂ ਹਨ।

**ਮਾਈਕਲ ਏਂਜਾਲੋ** (1475–1564 ਈ.) ਉਸਰੱਈਆ, ਚਿੱਤਰਕਾਰ ਅਤੇ ਮੂਰਤੀਕਾਰ ਸੀ। ਉਸ ਨੇ ਸੇਂਟ ਪੀਟਰ ਦੇ ਗਿਰਜਾ ਘਰ ਦੇ ਗੁੰਬਦ ਦਾ ਨਕਸ਼ਾ ਬਣਾਇਆ ਅਤੇ ਪੋਪ ਦੇ ਮਹਿਲ ਦੀ ਛੱਤ ਦੀ ਚਿੱਤਰਕਾਰੀ ਕੀਤੀ। ਉਸ ਨੇ ਪਰਲੋ ਦੀ ਤਸਵੀਰ ਬੜੀ ਬਾਰੀਕੀ ਨਾਲ ਖਿੱਚੀ। ਉਸ ਨੇ ਮੂਸਾ, ਇਕ ਦਾਸ ਅਤੇ ਡੇਵਡ ਦੇ ਬੁੱਤ ਬਣਾਏ ਜਿਹੜੇ ਸੰਸਾਰ ਵਿੱਚ ਸਭ ਤੋਂ ਸੁੰਦਰ ਸਮਝੇ ਜਾਂਦੇ ਹਨ। ਰਫੇਲ ਸਾਂਜਰੋ ਨੇ ਮੋਡੇਨਾ ਤੇ ਬੱਚਿਆਂ ਦੀਆਂ ਮੂਰਤਾਂ ਚਿਤਰੀਆਂ ਹਨ। ਟਿਸ਼ਨ ਵੀਨਸ ਦਾ ਚਿੱਤਰਕਾਰ ਸੀ ਅਤੇ ਉਸ ਨੇ ਪੋਪ, ਰਈਸਾਂ ਅਤੇ ਇਸਤਰੀਆਂ ਦੀਆਂ ਤਸਵੀਰਾਂ ਦੀ ਚਿੱਤਰਕਾਰੀ ਕੀਤੀ।

**ਮੂਰਤੀ ਕਲਾ** (Sculpture) ਰੋਮ ਦੇ ਸਮੇਂ ਦੇ ਬਾਅਦ ਪਹਿਲੀ ਵਾਰ ਮੂਰਤੀਕਾਰਾਂ ਅਤੇ ਚਿੱਤਰਕਾਰਾਂ ਨੇ ਮਨੁੱਖੀ ਸਰੀਰ ਦੀਆਂ ਮੂਰਤਾਂ ਖਿੱਚੀਆਂ। ਉਨ੍ਹਾਂ ਮਨੁੱਖੀ ਸਰੀਰ ਦਾ ਅਧਿਐਨ ਕੀਤਾ। ਆਪਣੀਆਂ ਮੂਰਤਾਂ ਨੂੰ ਜੀਉਂਦੇ ਮਨੁੱਖਾਂ ਵਰਗਾ ਬਣਾਇਆ। ਪੁਨਰ ਜਾਗ੍ਰਿਤੀ ਮੂਰਤੀ ਕਲਾ ਘਿਬਰਟੀ (Gioberti) (1378–1455 ਈ.) ਤੋਂ ਆਰੰਭ ਹੁੰਦੀ ਹੈ। ਉਸ ਦੇ ਪ੍ਰਸਿੱਧ ਕੰਮ ਇਕ ਬੈਪਇਸਟਰੀ (Bapisatry) ਦੇ ਕਾਂਸੀ ਦੇ ਫਾਟਕਾਂ ਨੂੰ ਬਣਾਉਣਾ ਸੀ। ਉਹ ਬਾਰੀਕੀ ਵਿਖਾਉਣ ਵਿੱਚ ਮਾਹਰ ਸੀ। ਜਾਸਾਪੋ ਦੇਲਾਂ ਕੇ ਅਰਸੀਆਂ ਨੇ ਇਕ ਲੇਟਵੀਂ ਮੂਰਤ ਦੀ ਸਭ ਤੋਂ ਸੁੰਦਰ ਕਬਰ ਬਣਾਈ। ਹੋਰ ਮੂਰਤੀਕਾਰ ਸਨ ਦੋਨਾਤੇਲੇ ਵੈਪੋਸੀਉ, ਰੋਬੀਆ ਅਤੇ ਰੋਜ਼ਲੀਨੋ। ਪੁਨਰ-ਜਾਗ੍ਰਿਤੀ ਯੁੱਗ ਦੀ ਵੱਡੀ ਕਲਾ ਦਾ ਨਮੂਨਾ ਸੋਲ੍ਹਵੀਂ ਸਦੀ ਵਿੱਚ ਮਾਈਕਲ ਏਂਜਾਲੋ ਅਤੇ ਸੈਲਾਨੀ ਨੇ ਦਿੱਤਾ।

**ਸੰਗੀਤ :** ਨਵੇਂ ਸਾਜ਼ ਬਣਾਏ ਗਏ ਸਭ ਤੋਂ ਪਹਿਲੋਂ ਹਾਰੀਪਕੋਰਡ ਆਇਆ, ਜੋ ਪਿਆਨੋ ਤੇ ਵਾਇਲਨ ਦਾ ਅਗਵਾਨ ਸੀ। ਆਰਕੈਸਟਰਾ ਸੋਲ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਆਇਆ। ਰਾਗ ਵਿੱਦਿਆ ਦਾ ਸਭ ਤੋਂ ਉੱਘਾ ਲਿਖਾਰੀ ਪੇਲਿਸਤਰੀਨਾ ਸੀ ਜਿਸ ਨੇ ਆਪਣੀ ''ਰੱਬੀ ਪ੍ਰਾਰਕਨਾ'' ਮਾਸਾ (Massa) ਦੀ ਪੁਸਤਕ 1554 ਈ. ਵਿੱਚ ਲਿਖੀ।

**ਭਵਨ ਉਸਾਰੀ ਕਲਾ :** ਸਰਵੋਤਮ ਗ੍ਰੰਥਾਂ ਅਤੇ ਪ੍ਰਾਚੀਨ ਕਾਲ ਵਿੱਚ ਲੋਕਾਂ ਦੀ

ਰੁਚੀ ਦੀ ਪੁਨਰ ਜਾਗ੍ਰਿਤੀ ਉਸਾਰੀ ਨੂੰ ਵੀ ਉੱਨਤੀ ਵੱਲ ਲਿਜਾਇਆ ਗਿਆ। ਇਸ ਵਿੱਚ ਗੋਲ ਡਾਂਟ, ਚਪਟੀ ਛੱਤ, ਰੋਮਨਾਂ ਦਾ ਲੈਟਰ ਰਲ ਮਿਲ ਗਿਆ। ਸਮਤਾ ਅਤੇ ਇਕਸਾਰਤਾ ਇਸ ਦੇ ਉੱਘੇ ਚਿੰਨ੍ਹ ਸਨ। ਇਸ ਕਲਪਨਾ ਨੇ ਸੰਸਕ੍ਰਿਤਕ ਵੇਰਵੇ ਰੋਸ਼ਨ ਕੀਤੇ। ਸਭ ਤੋਂ ਵੱਡਾ ਪੁਨਰ ਜਾਗ੍ਰਿਤੀ ਦਾ ਭਵਨ ਉਸਰਈਆ ਬਰੂਨੈਲਲਸਕੋ (Burnnellesco) ਸੀ। ਉਸ ਨੇ ਸਾਨ ਲੋਰਿਜ਼ ਦਾ ਨਕਸ਼ਾ ਖਿੱਚਿਆ ਹੋਰ ਭਵਨ ਨਿਰਮਾਤੇ ਲੀਉਨ ਬਾਤਿਸਤਾਂ, ਐਲਬਰਟੀ ਮਾਈਕੇਲੋਜ਼ੋ ਬਰਨਿਡੇਟੋ, ਡਾ. ਮਾਫਾਨੋ ਅਤੇ ਅਬਬੀਨੋਦਾਬਰਾਮਾਤ ਸਨ। ਪ੍ਰਾਚੀਨ ਰੋਮ ਦੇ ਖੰਡਰ ਦਾ ਗੋਰ ਨਾਲ ਅਧਿਐਨ ਕੀਤਾ ਗਿਆ।

**ਸਿੱਟਾ :** ਪੁਨਰ ਜਾਗ੍ਰਿਤੀ ਲਹਿਰ ਨੇ ਲੋਕਾਂ ਨੂੰ ਤਰਕਸ਼ੀਲ ਅਤੇ ਭੌਤਿਕਵਾਦੀ ਬਣਾ ਦਿੱਤਾ ਸੀ। ਹੁਣ ਉਹ ਪਰਲੋਕ ਸੁਧਾਰਣ ਵੱਲ ਘੱਟ ਅਤੇ ਵਰਤਮਾਨ ਜੀਵਨ ਨੂੰ ਸੁਖੀ ਅਤੇ ਅਨੰਦਪੂਰਣ ਬਣਾਉਣ ਦੇ ਉਪਰਾਲੇ ਕਰਨ ਲੱਗੇ। ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੁਨਰ ਜਾਗ੍ਰਿਤੀ ਲਹਿਰ ਨੇ ਯੂਰਪ ਵਿੱਚ ਇਕ ਨਵੀਨ ਯੁੱਗ ਲੈ ਆਂਦਾ। ਇਹ ਨਵਾਂ ਯੁੱਗ ਮੱਧਕਾਲ ਤੋਂ ਉੱਕਾ ਹੀ ਹੋਰ ਤਰ੍ਹਾਂ ਦਾ ਸੀ। ਮੱਧਕਾਲ ਸਮਾਪਤ ਹੋ ਗਿਆ, ਆਧੁਨਿਕ ਕਾਲ ਆਰੰਭ ਹੋਇਆ। ਇਸ ਦਾ ਮਨੁੱਖ ਦੇ ਜੀਵਨ ਦੇ ਹਰ ਪੱਖ ਉੱਤੇ ਪ੍ਰਭਾਵ ਪਿਆ ਅਤੇ ਉਸ ਦਾ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਤ ਪੰਨੇ


1. ਵਸ਼ਿਸ਼ਟ, ਐਸ.ਐਸ. ਅਤੇ ਡਾ. ਫੌਜਾ ਸਿੰਘ, ਸਭਿਅਤਾ ਦਾ ਵਿਕਾਸ, ਪੰਨੇ 173–74
2. Magenis and Appeal, A History of the World, pp. 224-44.
3. Somervell, D.C., A Concise History of Great Britain, pp. 19-53.
4. Van Leon, Hendribk William, Story of Mankind, pp. 206-40.
5. Carter and Mears, A History of Britain, pp. 280-379.
6. Grant, A.J.S., Outline of European History, pp. 266.
7. Hellings, Mary A., Europe in Renaissance and Reformation, pp. 218-24.
8. Davies, H.A., An Outline History of the World, pp. 224-98.
9. Lucas, Henry S. The Renaissance and Reformation, pp. 224-98.
10. ਅਰੋੜਾ, ਏ. ਸੀ., ਵਿਸ਼ਵ ਦਾ ਇਤਿਹਾਸ, ਪੰਨੇ 1–24.


## ਤੁਹਾਡੇ ਅਭਿਆਸ ਲਈ ਪ੍ਰਸ਼ਨ

1. ਪੁਨਰ ਜਾਗ੍ਰਿਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
2. ਪੁਨਰ ਜਾਗ੍ਰਿਤੀ ਕਾਲ ਵਿੱਚ ਸਾਹਿਤ ਅਤੇ ਵਿਗਿਆਨ ਦੇ ਵਿਕਾਸ ਬਾਰੇ ਚਰਚਾ ਕਰੋ।

3. ਪੁਨਰ ਜਾਗ੍ਰਿਤੀ ਦੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਸੰਸਕ੍ਰਿਤਕ ਪ੍ਰਭਾਵਾਂ ਦਾ ਵਰਣਨ ਕਰੋ।

4. ਨੋਟ ਲਿਖੋ : (i) ਕੋਲੰਬਸ (ii) ਹੈਨਰੀ–ਨੈਵੀਗੇਟਰ (iii) ਮੈਕਿਆਵਲੀ (iv) ਲੀਓਨਾਰੋਡ–ਵਿੰਸੀ

Write Notes on :

(i) Columbus (ii) Henry-The Navigator

(iii) Machiavelli

**ਪਾਠ ਨੰ: 1.2**

# ਈਸਾਈ ਧਰਮ ਸੁਧਾਰ ਅੰਦੋਲਨ (Reformation)

ਇਹ ਇਕ ਧਰਮ-ਸੁਧਾਰ ਲਹਿਰ ਸੀ, ਜਿਹੜੀ ਪੰਦਰ੍ਹਵੀਂ ਸਦੀ ਈਸਵੀ ਵਿੱਚ ਵੱਢੀਖੋਰ ਤੇ ਰੂੜ੍ਹੀਵਾਦ ਚਰਚ ਦੇ ਵਿਰੁੱਧ ਚਲੀ। ਸਭ ਤੋਂ ਪਹਿਲਾਂ 14ਵੀਂ ਸਦੀ ਵਿੱਚ ਵਾਲੀਕਲਿਫ, ਜਾਨ ਸੋਸ ਅਤੇ ਏਰਾਸਮਸ ਆਦਿ ਲੇਖਕਾਂ ਨੇ ਚਰਚ ਦੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਪਰ ਅਸਲ ਵਿੱਚ ਧਾਰਮਿਕ ਕ੍ਰਾਂਤੀ ਦਾ ਧਮਾਕਾ 16ਵੀਂ ਸਦੀ ਵਿੱਚ ਹੋਇਆ ਅਤੇ ਇਸ ਵਿੱਚ ਮਾਰਟਿਨ ਲੂਥਰ, ਜਵਿੰਗਲੀ ਅਤੇ ਕਾਲਵਿਨ ਨੇ ਅਹਿਮ ਭੂਮਿਕਾ ਨਿਭਾਈ।

**ਈਸਾਈ ਸੰਸਾਰ :** ਹਜਰਤ ਈਸਾ ਦੇ ਜਨਮ ਤੋਂ ਕੋਈ ਚਾਰ ਵਰ੍ਹੇ ਬਾਅਦ ਈਸਾਈ ਮੱਤ ਰੋਮਨ ਸਾਮਰਾਜ ਦਾ ਧਰਮ ਬਣ ਗਿਆ। ਚਰਚ ਪੂਰੀ ਤਰ੍ਹਾਂ ਸੰਗਠਿਤ ਹੋ ਗਿਆ, ਇਹ ਪੋਪ ਅਤੇ ਕਾਰਡੀਨਲਾਂ (ਉੱਚ ਪਾਦਰੀਆਂ) ਦੇ ਹੇਠ ਜਥੇਬੰਦ ਹੋ ਗਿਆ। ਉਨ੍ਹਾਂ ਦੇ ਹੇਠ ਆਰਕਿਬਸ਼ਪ ਅਤੇ ਪਾਦਰੀ ਸਨ। ਈਸਾਈ ਮੱਤ ਦਾ ਆਪਣਾ ਸੰਸਾਰ ਸੀ। ਰੋਮਨ ਚਰਚ ਦੇ ਆਪਣੇ ਕਾਨੂੰਨ ਅਤੇ ਆਪਣੀਆਂ ਅਦਾਲਤਾਂ ਸਨ। ਪੋਪ ਦਾ ਨਿਆਂ ਅਧਿਕਾਰ ਬਾਦਸ਼ਾਹਾਂ ਸਮੇਤ ਸਭ ਈਸਾਈ ਧਰਮ ਮੰਨਣ ਵਾਲੇ ਲੋਕਾਂ ਤੱਕ ਫੈਲਿਆ ਹੋਇਆ ਸੀ। ਪੋਪ ਹੁਕਮ ਨਾ ਮੰਨਣ ਵਾਲੇ ਬਾਦਸ਼ਾਹ ਦੇ ਵਿਰੁੱਧ ਦੋ ਹਥਿਆਰ ਵਰਤਦਾ ਸੀ, ਪਹਿਲਾ ਹਥਿਆਰ ਈਸਾਈ ਧਰਮ ਤੋਂ ਕੱਢਣਾ (Ex-communication) ਤੇ ਦੂਸਰਾ ਉਸ ਬਾਦਸ਼ਾਹ ਦੇ ਰਾਜ ਦੇ ਲੋਕਾਂ ਲਈ ਧਾਰਮਿਕ ਉਤਸਵ ਮਨਾਉਣ ਦੀ ਮਨਾਹੀ ਕਰ ਦੇਣਾ (Interdict) ਸੀ। ਇਸ ਤੋਂ ਬਿਨਾਂ ਚਰਚ ਨਾਲ ਲਗੀ ਹੋਈ ਭੂਇੰ ਅਤੇ ਦਸਵੰਧ (Tithe-ਹਰ ਇਕ ਈਸਾਈ ਦੀ ਕਮਾਈ ਦਾ ਦਸਵਾਂ ਹਿੱਸਾ) ਤੋਂ ਚਰਚ ਨੂੰ ਤਕੜੀ ਆਮਦਨ ਸੀ। ਚਰਚ ਨੂੰ ਆਪਣੇ ਗੁਜ਼ਾਰੇ ਲਈ ਬਾਦਸ਼ਾਹ ਦੇ ਦਾਨ ਤੇ ਨਿਰਭਰ ਨਹੀਂ ਸੀ ਰਹਿਣਾ ਪੈਂਦਾ।

ਪਰ ਨੌਵੀਂ ਸਦੀ ਵਿੱਚ ਚਰਚ ਦੋ ਭਾਗਾਂ ਵਿੱਚ ਵੰਡਿਆ ਗਿਆ :

(1) ਪੂਰਬੀ ਯਾ ਕਟੜ ਈਸਾਈ ਮੱਤ, ਜਿਸ ਉਤੇ ਕੁਸਤੱਨਤੁਨੀਆਂ ਦਾ ਪੋਪ ਸਰਵ-ਉੱਚ ਸੀ।

(2) ਪੱਛਮੀ ਕੈਥੋਲਿਕ ਈਸਾਈ ਮੱਤ, ਜਿਹੜਾ ਰੋਮ ਦੇ ਪੋਪ ਦੇ ਅਧੀਨ ਸੀ।

## ਈਸਾਈ ਧਰਮ ਸੁਧਾਰ ਅੰਦੋਲਨ ਦੇ ਕਾਰਨ

**ਭੈੜੇ ਦਿਨ ਤੇ ਭੈੜੇ ਆਚਾਰ :** ਭਾਵੇਂ ਚਰਚ ਧਰਮ ਲਈ ਵਿਦਵਾਨ ਸੀ, ਪਰੰਤੂ ਇਸ ਦੇ ਭੈੜੇ ਦਿਨ ਆ ਗਏ ਅਤੇ ਇਸ ਦੇ ਚੱਜ ਆਚਾਰ ਵੀ ਮਾੜੇ ਹੋ ਗਏ

ਸਨ। ਈਸਾਈ ਮੱਤ ਦੇ ਪਸਾਰ ਦੇ ਨਾਲ ਈਸਾਈ ਮੱਤ ਵਿੱਚ ਸਾਦਗੀ ਦਾ ਅੰਤ ਹੋ ਗਿਆ। ਚਰਚ ਨੇ ਧਨ ਜੋੜਿਆ ਅਤੇ ਧਨ ਦੇ ਨਾਲ ਵਿਭਚਾਰੀ ਅਤੇ ਵਿਲਾਸੀ ਜੀਵਨ ਆ ਗਿਆ। ਪੋਪ ਅਤੇ ਕਾਰਡੀਨਲ ਹਰ ਭਾਂਤ ਦੇ ਪਾਪ ਕਰਨ ਲੱਗ ਪਏ। ਪਾਦਰੀਆਂ ਦੇ ਆਚਰਨ ਬੜੇ ਨੀਵੇਂ ਹੋ ਗਏ। ਉਨ੍ਹਾਂ ਦਾ ਜੀਵਨ ਭ੍ਰਿਸ਼ਟਾਚਾਰ ਅਤੇ ਬਦਕਾਰੀ ਨਾਲ ਲਿੱਬੜ ਗਿਆ। ਬਹੁਤ ਸਾਰੇ ਪਾਦਰੀ ਲਾ-ਪਰਵਾਹ, ਸੁਆਰਥੀ, ਸੁਸਤ ਤੇ ਬੇ-ਸਮਝ ਸਨ। ਨਿਯੁਕਤੀਆਂ ਕਰਨ ਵੇਲੇ ਆਪਣੇ ਸੰਬੰਧੀਆਂ ਦਾ ਲਿਹਾਜ਼ ਕੀਤਾ ਜਾਂਦਾ ਸੀ। ਸਿਰ ਤੋਂ ਪੈਰ ਤਕ ਸਾਰੇ ਦੇ ਸਾਰੇ ਸੰਸਕਾਰ ਬਣ ਗਏ ਸਨ। ਉਹ ਧਰਮ ਤੋਂ ਵਧੇਰੇ ਰਾਜਨੀਤੀ ਤੇ ਦੁਨਿਆਵੀ ਕਮਾਈ ਵਿੱਚ ਲੀਨ ਸਨ। ਉਹ ਚਰਚ ਦੇ ਜੀਵਨ ਵੱਲ ਇਸ ਲਈ ਖਿਚੱਦੇ ਸਨ ਕਿਉਂਕਿ ਚਰਚ ਉਹਨਾਂ ਨੂੰ ਅਧਿਕਾਰ ਅਤੇ ਸ਼ਕਤੀ ਦੇਂਦਾ ਸੀ। ਫਰਾਇਰਾ ਦੀ ਸੰਪਰਦਾਇ ਜਿਹੜੀ ਮੱਧ ਕਾਲ ਵਿੱਚ ਸ਼ੁਰੂ ਹੋਈ, ਉਹ ਵੀ ਕੋਈ ਸਿੱਧ ਨਾ ਹੋਈ। ਫਰਾਇਰਾ ਗਰੀਬੀ ਦੇ ਜੀਵਨ ਤੋਂ ਕਤਰਾਂਦੇ ਸਨ ਅਤੇ ਪਦਵੀਆਂ ਦੇ ਇਛੁੱਕ ਸਨ। ਕਿਉਂਕਿ ਪਾਦਰੀ ਵਿਆਹ ਨਹੀਂ ਸਨ ਕਰ ਸਕਦੇ ਇਸ ਲਈ ਉਹ ਦੁਰਾਚਾਰੀਆਂ ਵਾਲਾ ਜੀਵਨ ਬਤੀਤ ਕਰਦੇ ਸਨ। ਇੱਥੋਂ ਤੱਕ ਕਿ ਪੋਪ ਅਲੈਗਜ਼ੈਂਡਰ ਛੇਵਾਂ (1493-1503) ਬਹੁਤ ਹੀ ਖੁੱਲ੍ਹਾ ਭ੍ਰਿਸ਼ਟਾਚਾਰੀ ਜੀਵਨ ਬਿਤਾਉਂਦਾ ਸੀ। ਧਾਰਮਿਕ ਸੰਸਥਾਵਾਂ ਵਿੱਚ ਸਭ ਕੁੱਝ ਸੀ, ਪਰੰਤੂ ਧਰਮ ਨਹੀਂ ਸੀ। ਰੋਮ ਵਿੱਚ ਤਮਾਂ ਅਤੇ ਪੇਟੂਪੁਣਾ ਆਮ ਸੀ। ਕਈ ਬਿਸ਼ਪ ਇਟਲੀ ਦੇ ਸਨ, ਭਾਵੇਂ ਇਟਲੀ ਵਿੱਚ ਰਹਿੰਦੇ ਸਨ ਉਨ੍ਹਾਂ ਨੂੰ ਆਮਦਨ ਫਰਾਂਸ, ਜਰਮਨੀ ਅਤੇ ਇੰਗਲਿਸਤਾਨ ਦੇ ਚਰਚਾ ਤੋਂ ਹੁੰਦੀ ਸੀ। ਅਸਲ ਵਿੱਚ ਚਰਚ ਲੋਕਾਂ ਦੀਆਂ ਅਧਿਆਤਮਕ ਲੋੜਾਂ ਨੂੰ ਪੂਰਾ ਨਹੀਂ ਕਰਦਾ ਸੀ। ਆਮ ਚਰਚ ਪਾਦਰੀ ਦੇ ਸਿੱਧਾਂਤ ਤੋਂ ਅਣਜਾਣ ਸਨ। ਬਹੁਤ ਕੁੱਝ ਜਿਸ ਨੂੰ ਈਸਾਈ ਮੱਤ ਆਖਿਆ ਜਾਂਦਾ ਸੀ, ਉਹ ਵਿਗੜੇ ਹੋਏ ਭਰਮ ਦੇ ਭੁਲੇਖੇ ਸਨ।

**ਧਰਮ-ਅਦਾਲਤਾਂ ਤੋਂ ਅਸੰਤੁਸ਼ਟਤਾ :** ਮੱਧਕਾਲ ਵਿੱਚ ਵੱਖ-ਵੱਖ ਯੂਰਪੀ ਦੇਸ਼ਾਂ ਵਿੱਚ ਧਰਮ ਅਦਾਲਤਾਂ ਸਥਾਪਤ ਸਨ ਜਿਨ੍ਹਾਂ ਵਿੱਚ ਪੋਪ ਦੇ ਪ੍ਰਤੀਨਿਧ ਨਿਆਂਧੀਸ਼ਾਂ ਵੱਜੋਂ ਕੰਮ ਕਰਦੇ ਸਨ। ਇਨ੍ਹਾਂ ਅਦਾਲਤਾਂ ਵਿੱਚ ਗਰੀਬ ਲੋਕਾਂ ਨੂੰ ਕੋਈ ਇਨਸਾਫ ਨਹੀਂ ਸੀ ਮਿਲਦਾ ਤੇ ਅਮੀਰ ਲੋਕ ਰਿਸ਼ਵਤ ਦੇ ਕੇ ਫੈਸਲਾ ਆਪਣੇ ਹੱਕ ਵਿੱਚ ਕਰਵਾ ਲੈਂਦੇ ਸਨ। ਇਸ ਲਈ ਸਾਧਾਰਣ ਲੋਕ ਠੀਕ ਇਨਸਾਫ ਨਾ ਮਿਲਣ ਕਰਕੇ ਇਨ੍ਹਾਂ ਅਦਾਲਤਾਂ ਤੋਂ ਅਸੰਤੁਸ਼ਟ ਹੋ ਗਏ ਸਨ।

**ਮਹਾਨ ਦੁਵੇਦ (1376 ਈ.-1417 ਈ.) :** ਚੌਦਵੀਂ ਸਦੀ ਦੇ ਦੂਜੇ ਅੱਧ ਵਿੱਚ ਰੋਮਨ ਦੋ ਵਿਰੋਧੀ ਪੋਪਾਂ ਵਿੱਚ ਵੰਡਿਆ ਗਿਆ। 1376 ਈ. ਵਿੱਚ ਦੋ ਪੋਪ ਚੁਣੇ ਗਏ। ਅਰਬਨ ਛੇਵਾਂ ਇਟਾਲਵੀ (ਰੋਮ ਦਾ ਪੋਪ) ਸੀ ਤੇ ਉਸ ਦਾ ਸਮਰਥਨ ਇੰਗਲਿਸਤਾਨ, ਬੋਹੀਮੀਆ ਅਤੇ ਹੰਗਰੀ ਕਰਦੇ ਸਨ, ਪੋਪ ਕਲੇਮੈਂਟ ਸੱਤਵਾਂ ਫ੍ਰਾਂਸੀਸੀ ਅਵਿਗਨਾਨ (ਫ੍ਰਾਂਸ ਵਿਖੇ ਦਾ ਪੋਪ ਸੀ, ਉਸ ਦੀ ਪਿੱਠ ਤੇ ਫ੍ਰਾਂਸ ਸਕਾਟਲੈਂਡ ਅਤੇ ਸੇਵਾਏ ਸਨ। ਇਹ ਉਤਮ ਪੈਪਲ ਸ਼ਕਤੀ ਦੇ ਪ੍ਰਤਿ ਇਕ ਮਾੜਾ ਤਮਾਸ਼ਾ ਸੀ। ਕੋਨਸਤਾਂਸ ਦੀ ਕੌਂਸਲ (Council of Constance 1414-1417 ਈ.) ਨੇ ਇਸ ਦਾ ਨਿਰਣਾ ਕੀਤਾ ਅਤੇ ਪੋਪ ਦੇ ਅਧਿਕਾਰ ਨੂੰ ਸੀਮਿਤ ਕਰ ਦਿੱਤਾ।

**ਪੁਨਰ ਜਾਗ੍ਰਿਤੀ :** ਪੁਨਰ ਜਾਗ੍ਰਿਤੀ ਕਾਲ ਜਿਹੜੀ ਖੋਜ ਦੀ ਖੁਲ੍ਹ ਮਿਲ ਗਈ

ਉਸ ਨੇ ਚਰਚ ਦੇ ਅਧਿਕਾਰ ਨੂੰ ਕਮਜ਼ੋਰ ਕਰ ਦਿੱਤਾ। ਬੋਧਿਕਾਂ ਅਤੇ ਮਾਨਵ-ਵਾਦੀਆਂ ਵਿੱਚ ਪੜਚੋਲੀ ਭਾਵਨਾ ਉਤਪੰਨ ਹੋ ਗਈ। ਇਸ ਨੇ ਕਈ ਭਰਮਾਂ ਦੀਆਂ ਜੜ੍ਹਾਂ ਕੱਟ ਦਿੱਤੀਆਂ। ਪਾਦਰੀਆਂ ਦੀਆਂ ਬਦ-ਚਲਨੀਆਂ ਦਾ ਈਰਾਸ਼ਸਮ, ਸਾਵਨਾਰੋਲਾ ਅਤੇ ਕੋਲਟ ਨੇ ਹਾਸਾ ਉਡਾਇਆ। ਛਾਪੇਖਾਨੇ ਦੀ ਕਾਢ ਨੇ ਇਨ੍ਹਾਂ ਦੀ ਆਲੋਚਨਾ ਪੜ੍ਹੇ ਲਿਖੇ ਲੋਕਾਂ ਦੇ ਹੱਥਾਂ ਵਿੱਚ ਪੁਚਾ ਦਿੱਤੀ। ਲੋਕ ਆਪ ਬਾਈਬਲ (Bible) ਪੜ੍ਹਨ ਲੱਗ ਪਏ ਅਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਕਈ ਗੱਲਾਂ ਜਿਹੜੀਆਂ ਉਨ੍ਹਾਂ ਨੂੰ ਦੱਸਦੇ ਸਨ ਠੀਕ ਨਹੀਂ ਸਨ।

**ਵਪਾਰ ਵਿਸਥਾਰ :** ਵਪਾਰ ਵਿੱਚ ਤਿੱਖੇ ਵਾਧੇ ਨੇ ਮੱਧ-ਸ਼੍ਰੇਣੀਆਂ ਨੂੰ ਧਨਵਾਨ ਬਣਾ ਦਿੱਤਾ। ਉਹ ਚਰਚ ਦੇ ਅਗਲੀ ਦੁਨੀਆਂ ਵਿੱਚ ਆਨੰਦ ਅਤੇ ਖੁਸ਼ੀਆਂ ਮਾਨਣ ਦੇ ਵਿਚਾਰਾਂ ਉੱਤੇ ਸ਼ੰਕਾ ਕਰਨ ਲਗ ਪਏ। ਹੋਰ ਇਕ ਚਰਚ ਦੇ ਕਰਜ਼ਾ ਉਧਾਰ ਲੈਣ ਪ੍ਰਤੀ ਨਿਯਮ ਵੀ ਵਪਾਰੀਆਂ ਦੇ ਰਾਹ ਵਿੱਚ ਔਕੜਾਂ ਪਾਉਂਦੇ ਸਨ। ਇਹ ਸ਼੍ਰੇਣੀਆਂ ਹੁਣ ਖੁਲ੍ਹ ਚਾਹੁੰਦੀਆਂ ਸਨ ਅਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਵਿਅਕਤੀਵਾਦੀ ਹੋ ਗਿਆ ਸੀ। ਕਿਸਾਨ, ਅਮੀਰ ਸ਼੍ਰੇਣੀ ਤੇ ਮੱਧ ਵਰਗ ਵਪਾਰੀ ਸ਼੍ਰੇਣੀ ਨੇ ਵੀ ਚਰਚਾ ਵੱਲੋਂ ਲਾਏ ਗਏ ਭਾਰੀ ਟੈਕਸਾਂ ਦੀ ਵਿਰੋਧਤਾ ਕੀਤੀ।

**ਕੌਮੀ ਰਾਜਾਂ ਦਾ ਉਥਾਨ :** ਤੇਰ੍ਹਵੀਂ ਅਤੇ ਚੌਦਵੀਂ ਸਦੀ ਵਿੱਚ ਕੌਮੀ ਰਾਜਾਂ ਦੇ ਉਥਾਨ ਨਾਲ ਬਿਦੇਸ਼ੀ ਪੋਪ ਦੇ ਅਧਿਕਾਰਾਂ ਉੱਤੇ ਇਤਰਾਜ਼ ਕੀਤਾ ਜਾਣ ਲੱਗ ਪਿਆ। ਕੌਮੀ ਸ਼ਾਸਕ ਪੋਪ ਦੇ ਨਿਯੰਤਰਣ ਹੇਠ ਚਿੜ੍ਹਦੇ ਸਨ। ਪੋਪ ਦੀ ਉੱਚਿਤਤਾ ਦਾ ਸਵਾਲ ਹੁਣ ਮੁੜ ਪਰਖਣਾ ਲੋੜਦਾ ਸੀ। ਨਿਰੰਕੁਸ਼ ਰਾਜੇ ਅਤੇ ਸ਼ਕਤੀਵਾਨ ਸਮਰਾਟ ਹੁਣ ਪੋਪ ਨੂੰ ਪਰਮਾਤਮਾ ਦਾ ਇਸ ਪ੍ਰਿਥਵੀ ਉੱਤੇ ਪ੍ਰਤੀਨਿਧੀ ਪ੍ਰਵਾਨ ਕਰਨ ਤੇ ਨਾਂਹ ਕਰਦੇ ਸਨ। ਦੂਜੇ ਵੱਲ, ਹੁਣ ਆਪ ਬਾਦਸ਼ਾਹ ਦੇ ਦੈਵੀ ਅਧਿਕਾਰਾਂ ਵਿੱਚ ਵਿਸ਼ਵਾਸ ਕਰਦੇ ਸਨ। ਆਮ ਜਨਤਾ ਵੀ ਪੋਪ ਦੇ ਅਧਿਕਾਰਾਂ ਦੇ ਵਿਰੁੱਧ ਆਪਣੇ ਰਾਜਿਆਂ ਦੇ ਪਿੱਛੇ ਸੀ।

## ਧਰਮ ਸੁਧਾਰ ਲਈ ਮੁੱਢਲੀਆਂ ਕੋਸ਼ਿਸ਼ਾਂ

**ਜੌਹਨ ਵਾਇਕਲਿਫ (1302 ਈ.- 1384 ਈ.) :** ਇਹ ਆਮ ਵਿਚਾਰ ਸੀ ਕਿ ਚਰਚ ਉਸ ਧਨ ਅਤੇ ਅਧਿਕਾਰਾਂ ਦੇ ਯੋਗ ਨਹੀਂ ਸੀ ਰਿਹਾ ਜੋ ਇਹਨੂੰ ਮਿਲਦੇ ਸਨ। ਇੰਗਲਿਸਤਾਨ ਵਿੱਚ ਔਕਸਫੋਰਡ ਕਾਲਜ ਦੇ ਅਧਿਅਕਸ਼ ਜੌਹਨ ਵਾਇਕਲਿਫ (John Wycliff) ਨੇ ਲੋਕਾਂ ਦਾ ਧਿਆਨ ਚਰਚ ਦੀਆਂ ਕੁਰੀਤੀਆਂ ਵੱਲ ਦਿਵਾਇਆ। ਉਹਨੇ ਦਲੀਲ ਨਾਲ ਆਖਿਆ ਕਿ ਚਰਚ ਵਾਲਿਆਂ ਨੂੰ ਆਪਣਾ ਧਨ ਖੁਸ਼ੀ ਨਾਲ ਤਿਆਗ ਦੇਣਾ ਚਾਹੀਦਾ ਹੈ ਅਤੇ ਸਾਧਾਰਣ ਗਰੀਬੀ ਵਾਲਾ ਜੀਵਨ ਬਿਤਾਉਣਾ ਚਾਹੀਦਾ ਹੈ। ਉਸ ਨੇ ਉਪਦੇਸ਼ ਦਿੱਤਾ ਕਿ ਪਰਮਾਤਮਾ ਦਾ ਰਾਜ ਉਸ ਦੀ ਮਿਹਰ ਉੱਤੇ ਅਧਾਰਿਤ ਹੈ ਇਸ ਤੋਂ ਬਿਨਾਂ ਉਸ ਨੇ ਆਖਿਆ ਕਿ ਉੱਚ ਪੱਦਵੀਆਂ ਵਾਲੇ ਮਨੁੱਖਾਂ ਦੇ ਆਚਰਣ ਵੀ ਉੱਚੇ ਹੋਣੇ ਚਾਹੀਦੇ ਹਨ। ਜੇ ਉਹ ਭੈੜੇ ਕੰਮ ਕਰਨ ਲੱਗ ਜਾਣ ਤਾਂ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ ਰਹਿੰਦਾ ਕਿ ਉਹ ਉੱਚ ਪਦਵੀਆਂ ਉੱਤੇ ਰਹਿਣ। ਵਾਇਕਲਿਫ ਹਾਮੀ ਭਰਦਾ ਸੀ ਕਿ ਚਰਚ ਨੂੰ ਧਨ ਦੌਲਤ ਤਿਆਗ ਦੇਣਾ ਚਾਹੀਦਾ ਸੀ। ਔਕਸਫੋਰਡ ਵਿਖੇ ਉਸ ਦੇ ਸਿੱਧਾਂਤਾਂ ਨੂੰ ਉਤਸ਼ਾਹ ਨਾਲ ਸਵੀਕਾਰ ਕੀਤਾ ਗਿਆ। ਵਿਸ਼ਵ ਭੈ-ਭੀਤ ਹੋ ਗਿਆ ਅਤੇ ਉਸ ਦੇ ਵਿਚਾਰਾਂ ਨੂੰ ਕੁਰਾਹੀ ਦੱਸਿਆ। ਉਸ

ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਕਥਨਾਂ ਨੂੰ ਵਾਪਿਸ ਲਵੇ ਪਰ ਉਹ ਆਕੀ ਰਿਹਾ। ਕੁੱਝ ਸਮੇਂ ਪਿੱਛੋਂ ਉਹ ਲੁਟਰਵਰਥ (Lutterworth) ਚਲਾ ਗਿਆ ਅਤੇ ਉਸ ਨੇ ਗਰੀਬ ਪ੍ਰਚਾਰਕਾਂ ਦਾ ਜੱਥਾ ਬਣਾਇਆ। ਉਸ ਦੇ ਨਵ ਧਰਮੀਆਂ ਨੂੰ ਲੋਲਰਡ ਆਖਦੇ ਸਨ, ਕਿਉਂਕਿ ਉਹ ਧਾਰਮਿਕ ਰੀਤਾਂ ਨੂੰ ਲਮਕਾਈਆਂ ਸੁਰਾਂ ਵਿੱਚ ਗਾਉਂਦੇ ਸਨ।

**ਜੌਹਨ ਹੱਸ** (John Huss, 1360-1415 ਈ.) : ਜੌਹਨ ਵਾਇਕਲਿਫ ਦਾ ਇਕ ਮਿੱਤਰ ਅਤੇ ਅਨੁਯਾਈ ਬੋਹੀਮੀਆ ਦਾ ਜੌਹਨ ਹੱਸ ਸੀ। ਉਹ ਪ੍ਰੇਗ ਦੀ ਯੂਨੀਵਰਸਿਟੀ, ਜਿਹੜੀ 1348 ਵਿੱਚ ਬਣੀ ਸੀ, ਦਾ ਇਕ ਅਧਿਆਪਕ ਸੀ। ਉਹ ਇਕ ਦੁਰਲਭ ਸ਼ੁਧਤਾ ਦੇ ਉੱਚ ਆਚਰਣ ਦਾ ਮਾਲਿਕ ਅਤੇ ਦੇਸ਼-ਭਗਤ ਸੀ। ਉਸ ਨੇ ਬੋਹੀਮੀਆ ਦੇ ਚਰਚ ਦੀਆਂ ਕੁਰੀਤੀਆਂ ਨੂੰ ਨਿੰਦਿਆ। ਉਸ ਦੇ ਸਿੱਧਾਂਤ ਹਰ ਪਾਸੇ ਫੈਲ ਗਏ। ਉਹ ਪਾਦਰੀਆਂ ਲਈ ਗਰੀਬੀ ਦਾ ਹਾਮੀ ਸੀ ਅਤੇ ਨਾਮਿਆਂ ਨੂੰ ਵੇਚਣ ਦੇ ਵਿਰੁੱਧ ਸੀ। ਉਸ ਅਨੁਸਾਰ ਈਮਾਨ ਦੀ ਪਰਖ ਬਾਈਬਲ ਉੱਤੇ ਕਰਨੀ ਚਾਹੀਦੀ ਹੈ, ਨਾ ਕਿ ਪੋਪ ਦੇ ਆਦੇਸ਼ ਅਨੁਸਾਰ। ਹੱਸ ਦੀ ਚਲਾਈ ਲਹਿਰ ਨੇ ਚਰਚ ਨੂੰ ਬੜਾ ਤੰਗ ਕੀਤਾ। ਉਸ ਨੂੰ ਆਪਣੇ ਵਤੀਰੇ ਬਾਰੇ ਜਵਾਬ ਦੇਣ ਲਈ ਕੋਨਸਤਾਂਸ (Constance) ਦੀ ਕੌਂਸਿਲ (1414 ਈ.) ਵਿੱਚ ਸੱਦਿਆ ਗਿਆ ਅਤੇ 1 ਜੁਲਾਈ, 1414 ਈ. ਨੂੰ ਉਸ ਨੂੰ ਮਾਰ ਦਿੱਤਾ ਗਿਆ। ਇਸ ਪ੍ਰਕਾਰ ਉਹ ਧਾਰਮਿਕ ਆਜ਼ਾਦੀ ਲਈ ਸ਼ਹੀਦ ਹੋ ਗਿਆ।

## ਜਰਮਨੀ ਵਿੱਚ ਧਰਮ ਸੁਧਾਰ ਅੰਦੋਲਨ

**ਕਾਰਣ** : ਵਾਇਕਲਿਫ ਅਤੇ ਹੱਸ ਦੁਆਰਾ ਕੀਤੇ ਗਏ ਹੱਲੇ, ਪਰਿਵਰਤਨਾਂ ਦੀਆਂ ਚੇਤਾਵਨੀਆਂ ਸਨ। ਪਰ ਪੋਪ ਉੱਤੇ ਵਾਸਤਵਿਕ ਹੱਲਾ ਜਰਮਨੀ ਤੋਂ ਹੋਇਆ। ਇਟਲੀ ਦੀ ਪੁਨਰ ਜਾਗ੍ਰਿਤੀ ਨੇ ਰਾਹ ਸਾਫ ਕਰ ਦਿੱਤਾ ਸੀ। ਪਰੰਤੂ ਇਟਲੀ ਵਾਲਿਆਂ ਨੇ ਤਾਂ ਭਰਮਾਂ ਤੇ ਭੁਲੇਖਿਆਂ ਉੱਤੇ ਕੇਵਲ ਸ਼ੰਕਾ ਹੀ ਕੀਤੀ ਅਤੇ ਹਾਸਾ ਉਡਾਇਆ ਸੀ। ਇਹ ਨਿਖੇਧਵਾਦੀ ਆਲੋਚਨਾ ਉੱਤੇ ਹੀ ਸੰਤੁਸ਼ਟ ਸਨ। ਪਰ ਜਰਮਨੀ ਦੇ ਲੋਕ ਵਧੇਰੇ ਅਮਨ ਪਸੰਦ ਸਨ। ਉਨ੍ਹਾਂ ਦਾ ਰਵੱਈਆ ਯਥਾਰਥਵਾਦੀ ਸੀ। ਇਸ ਤੋਂ ਛੁੱਟ ਜਰਮਨਾਂ ਨੂੰ ਰੋਮ ਨਾਲ ਪੁਰਾਣੀ ਦੁਸ਼ਮਣੀ ਸੀ, ਕਿਉਂਕਿ ਸਮਰਾਟ ਦੇ ਪੋਪ ਵਿਚਕਾਰ ਅਤਿਅੰਤ ਝਗੜੇ ਚਾਲੂ ਸਨ। ਜਰਮਨ ਪੋਪ ਵੱਲੋਂ ਮੰਗੇ ਜਾਂਦੇ ਕਰਾਂ ਤੋਂ ਤੰਗ ਸਨ। ਉਹ ਸਮਝਦੇ ਸਨ ਕਿ ਉਨ੍ਹਾਂ ਨੂੰ ਚੋਇਆ ਜਾ ਰਿਹਾ ਸੀ। ਕਿਉਂਕਿ ਛਾਪਾਖਾਨਾ ਜਰਮਨੀ ਵਿੱਚ ਸ਼ੁਰੂ ਹੋਇਆ ਸੀ ਅਤੇ ਅਨੇਕ ਪੁਸਤਕਾਂ ਛਾਪੀਆਂ ਜਾ ਰਹੀਆਂ ਸਨ। ਲੋਕ ਪੁਸਤਕਾਂ ਪੜ੍ਹਦੇ ਸਨ ਅਤੇ ਉਨ੍ਹਾਂ ਵਿੱਚ ਪੁਨਰ ਜਾਗ੍ਰਿਤੀ ਦੀ ਭਾਵਨਾ ਭਰੀ ਜਾ ਰਹੀ ਸੀ ਜਿਸ ਦਾ ਤੱਤ ਇਹ ਸੀ ਕਿ ਇਸ ਗੱਲ ਨੂੰ ਮੰਨਣ ਤੋਂ ਪਹਿਲੇ ਉਸ ਦੀ ਪੂਰੀ ਖੋਜ ਹੋਣੀ ਚਾਹੀਦੀ ਸੀ। ਉਨ੍ਹਾਂ ਲਈ ਬਾਈਬਲ ਕੋਈ ਗੁੱਝੀ ਧਾਰਮਿਕ ਪੁਸਤਕ ਨਹੀਂ ਸੀ ਰਹੀ, ਜਿਸ ਨੂੰ ਕੇਵਲ ਪਾਦਰੀ ਹੀ ਸਮਝਾ ਸਕਦੇ ਸਨ। ਇਹ ਘਰ-ਘਰ ਵਿੱਚ ਸੀ, ਜਿੱਥੋਂ ਪਿਤਾ ਇਹਨੂੰ ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਉਂਦਾ ਸੀ। ਪਰ ਇਸ ਦੇ ਵਿਚਾਰ ਚਰਚ ਤੋਂ ਉਲਟ ਸੀ।

**ਮਾਰਟਿਨ ਲੂਥਰ** (Martin Luther, 1483-1546 ਈ.) : ਈਸਾਈ ਮੱਤ ਵਿੱਚ ਸੁਧਾਰ ਲਹਿਰ ਜਨਮ ਦਾਤਾ ਮਾਰਟਿਨ ਲੂਥਰ ਸੀ। ਉਹ ਖੁਰਿੰਗਿਆਨ ਦੇ ਇਕ ਖਾਣ

ਮਜ਼ਦੂਰ ਦਾ ਸਪੁੱਤਰ ਸੀ ਅਤੇ ਉਸ ਦਾ ਜਨਮ 10 ਨਵੰਬਰ, 1483 ਨੂੰ ਏਜ਼ਲਬੇਨ (Eiseleben) ਉੱਤਰੀ ਜਰਮਨੀ ਵਿੱਚ ਹੋਇਆ।

ਉਸ ਨੇ ਇਰਫਰਟ (Erfurt) ਯੂਨੀਵਰਸਿਟੀ ਵਿੱਚ ਕਾਨੂੰਨ ਦੀ ਵਿੱਦਿਆ ਪ੍ਰਾਪਤ ਕੀਤੀ ਪਰ ਉਹ ਵਕੀਲ ਨਾ ਬਣਿਆ। ਸਾਧੂ ਬਣਨ ਲਈ ਉਹ ਸੰਤ ਆਗਸਟੀਨ ਦੇ ਇਕ ਮੱਠ ਵਿੱਚ ਸ਼ਾਮਿਲ ਹੋ ਗਿਆ। ਉੱਥੇ ਉਹਨੇ ਧਰਮ ਵਿੱਦਿਆ ਪ੍ਰਾਪਤ ਕੀਤੀ ਅਤੇ ਉਸ ਨੂੰ ਵਿਸ਼ਵਾਸ ਹੋਣ ਲੱਗ ਪਿਆ ਕਿ ਪਰਮਾਤਮਾ ਸਭ ਦਾ ਪਿਤਾ ਹੈ ਜਿਹੜਾ ਹਰ ਕਿਸੇ ਨੂੰ ਪਿਆਰ ਕਰਦਾ ਹੈ। ਹਰ ਇਕ ਮਨੁੱਖ ਧਰਮ-ਗ੍ਰੰਥਾਂ ਦੇ ਭਾਵ ਨੂੰ ਸਮਝ ਸਕਦਾ ਹੈ ਅਤੇ ਪ੍ਰਚਾਰ ਕਰ ਸਕਦਾ ਹੈ। ਪਰਮਾਤਮਾ ਦੀ ਮਿਹਰ ਲਈ ਅਰਦਾਸ ਕਰਨ ਨਾਲ ਮੁਕਤੀ ਮਿਲ ਸਕਦੀ ਹੈ, ਪਰਮਾਤਮਾ ਤੱਕ ਹਰ ਕੋਈ ਨਿਮਰਤਾ ਸਹਿਤ ਪੁੱਜ ਸਕਦਾ ਹੈ। 1508 ਈ. ਵਿੱਚ ਉਸ ਨੇ ਵਿਟੇਨਬਰਗ ਯੂਨੀਵਰਸਿਟੀ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੀ ਸ਼ਰਧਾ ਅਤੇ ਯੋਗਤਾ ਕਾਰਣ ਪ੍ਰਸਿੱਧ ਹੋ ਗਿਆ। 1515 ਈ. ਵਿੱਚ ਉਸ ਨੇ ਰੋਮ ਜਾਣ ਦਾ ਅਵਸਰ ਲੱਭਾ ਅਤੇ ਉਸ ਨੂੰ ਪੋਪ ਜੂਲੀਅਸ ਦੂਜੇ ਦੇ ਦਰਬਾਰ ਵਿੱਚ ਭ੍ਰਿਸ਼ਟਾਚਾਰ ਵੇਖਣ ਲਈ ਬੜੀ ਸੱਟ ਵੱਜੀ। ਉਹ ਨਿਰਾਸ਼ ਹੋ ਕੇ ਵਾਪਿਸ ਵਿਟੇਨਬਰਗ ਮੁੜ ਆਇਆ ਅਤੇ ਉਸ ਨੂੰ ਧਰਮ ਵਿੱਦਿਆ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ।

**ਮਾਫ਼ੀਨਾਮਿਆਂ ਦੀ ਵਿਕਰੀ (Sale of indulgences) :** ਰੋਮ ਵਿੱਚ ਪੋਪ ਜੂਲੀਅਸ ਦੂਜੇ ਨੇ ਸੰਤ ਪੀਟਰ ਦਾ ਇਕ ਸ਼ਾਨਦਾਰ ਗਿਰਜਾ-ਘਰ ਬਣਾਉਣਾ ਆਰੰਭਿਆ ਸੀ। ਇਸ ਉੱਤੇ ਭਾਰੀ ਖਰਚ ਹੋਇਆ। 1513 ਈ. ਵਿੱਚ ਉਸ ਦਾ ਉਤਰਾਧਿਕਾਰੀ ਲੀਉ ਦਸਵਾਂ ਬਣਿਆ। ਉਸ ਸਮੇਂ ਪੋਪ ਦਾ ਖਜ਼ਾਨਾ ਦੀਵਾਲੀਆ ਹੋਣ ਵਾਲਾ ਸੀ। ਉਸਾਰੀ ਫੰਡ ਮਾਫੀਨਾਮਿਆਂ ਵੇਚਣ ਨਾਲ ਇਕੱਠਾ ਕਰਨਾ ਸ਼ੁਰੂ ਕੀਤਾ ਗਿਆ। ਮਾਫ਼ੀਨਾਮਾ ਕਾਗ਼ਜ਼ ਦਾ ਇਕ ਟੁਕੜਾ ਹੁੰਦਾ ਸੀ, ਜਿਹੜਾ ਪਾਪੀ ਪੁਰਖ ਨੂੰ ਦਿੱਤਾ ਜਾਂਦਾ ਸੀ, ਜਿਸ ਦੇ ਬਦਲੇ ਵਿੱਚ ਉਹਨੂੰ ਨੀਯਤ ਰਕਮ ਦੇਣੀ ਹੁੰਦੀ ਸੀ। ਇਹ ਉਸ ਪ੍ਰਾਸ਼ਚਿਤ ਅਸਥਾਨ ਵਿੱਚ ਜਮਾਂ ਦੀਆਂ ਪੀੜਾਂ ਤੋਂ ਬਚਾਉਣ ਦਾ ਵਚਨ ਦੇਂਦਾ ਸੀ। ਇਹ ਮੱਧਕਾਲ ਦੀ ਵਿਸ਼ਵਧਾਰਾ ਸੀ-ਧਨ ਬਟੋਰਨ ਦਾ ਸਹਿਲ ਢੰਗ ਸੀ। ਇਸ ਦੀ ਥਾਂ ਲੂਥਰ ਨੇ ਇਹ ਸਿੱਖਿਆ ਦਿੱਤੀ ਕਿ ਜੇਕਰ ਮਨੁੱਖ ਸੱਚੇ ਦਿਲ ਨਾਲ ਆਪਣੇ ਪਾਪਾਂ ਲਈ ਖਿਮਾਂ ਮੰਗੇ ਤੇ ਪਰਮਾਤਮਾ ਮਾਫ਼ ਕਰ ਦੇਵੇਗਾ। ਲੂਥਰ ਨੇ ਚਰਚ ਦੇ ਵਿਰੁੱਧ 95 ਥੀਸਸ ਯਾ ਨੁਕਤੇ ਲਿਖੇ।

ਇਕ ਸਾਧੂ ਜਿਸ ਦਾ ਨਾਂ ਜੌਨ ਟੈਨਜ਼ਿਲ (John Tetzel) ਸੀ, ਵਿਟਨਬਰਗ ਵਿੱਚ ਮਾਫ਼ੀਨਾਮੇ ਵੇਚਣ ਆਇਆ। ਮਾਰਟਿਨ ਲੂਥਰ ਨੇ ਸਮੂਹ ਸੰਤਾਂ ਦੇ ਗਿਰਜ਼ੇ ਘਰ (All Saint Church) ਦੇ ਬੂਹੇ ਉੱਤੇ ਲਾਤੀਨੀ ਭਾਸ਼ਾ ਵਿੱਚ ਇਕ ਬਿਆਨ ਕਿੱਲ ਨਾਲ ਲਾ ਕੇ ਟੰਗ ਦਿੱਤਾ। ਉਨ੍ਹਾਂ ਦਿਨਾਂ ਵਿੱਚ ਯੂਨੀਵਰਸਿਟੀ ਵਿੱਚ ਇਹ ਰਿਵਾਜ ਸੀ ਕਿ ਬਿਆਨ ਬੂਹੇ ਉੱਤੇ ਟੰਗ ਦਿੱਤੇ ਜਾਂਦੇ ਅਤੇ ਵਾਦ-ਵਿਵਾਦ ਲਈ ਵੰਗਾਰਿਆ ਜਾਂਦਾ। ਉਹ ਦਾਅਵਾ ਕਰਦਾ ਸੀ ਕਿ ਮਾਫ਼ੀਨਾਮੇ ਪਾਪਾਂ ਲਈ ਦੈਵੀ ਦੰਡਾਂ ਤੋਂ ਨਿਪਟਾਰਾ ਨਹੀਂ ਕਰਵਾ ਸਕਦੇ।

ਬਿਆਨ ਦਾ ਟੰਗਣਾ ਇਕ ਵਿਚਾਰ ਵਟਾਂਦਰੇ ਦੇ ਸ਼ੁਰੂ ਕਰਨ ਲਈ ਯਤਨ ਸੀ। ਲੂਥਰ ਦਾ ਵਿਚਾਰ ਨਾ ਹੀ ਵਿਦਰੋਹ ਕਰਨਾ ਸੀ ਤੇ ਨਾ ਹੀ ਵਿਦਰੋਹ ਉੱਤੇ ਜਿੱਤ ਕਰਨਾ ਸੀ। ਉਹ ਤਾਂ ਕੇਵਲ ਇਹ ਸਿੱਧ ਕਰਨਾ ਚਾਹੁੰਦਾ ਸੀ ਕਿ ਮਾਫੀਨਾਮਿਆਂ

ਦੀ ਵਿਕਰੀ ਈਸਾਈ ਮੱਤ ਦੇ ਸਿੱਧਾਂਤਾਂ ਨਾਲ ਮੇਲ ਨਹੀਂ ਖਾਂਦੀ। ਪਰੰਤੂ ਕਿਸੇ ਨੇ ਇਸ ਸਮੇਂ ਵਿੱਚ ਬਿਆਨਾਂ ਦਾ ਜਰਮਨ ਭਾਸ਼ਾ ਵਿੱਚ ਅਨੁਵਾਦ ਕਰਕੇ ਵੰਡ ਦਿੱਤਾ ਸੀ। ਦੋ ਮਹੀਨਿਆਂ ਦੇ ਅੰਦਰ-ਅੰਦਰ ਸਾਰਾ ਯੂਰਪ ਉਨ੍ਹਾਂ ਉੱਤੇ ਵਿਚਾਰ ਕਰ ਰਿਹਾ ਸੀ। ਲੂਥਰ ਨੂੰ ਜਵਾਬ ਦੇਣ ਲਈ ਰੋਮ ਜਾਣ ਵਾਸਤੇ ਆਖਿਆ ਗਿਆ। ਪਰੰਤੂ ਉਹਨੂੰ ਯਾਦ ਸੀ ਕਿ ਉਸ ਨਾਲ ਕੀ ਬੀਤੀ ਸੀ। ਉਸ ਨੂੰ ਬਿਆਨ ਵਾਪਸ ਲੈਣ ਲਈ ਹੁਕਮ ਦਿੱਤਾ ਗਿਆ, ਪਰ ਉਹ ਅੜਿਆ ਰਿਹਾ। ਪੋਪ ਦੇ ਇਕ ਹੋਰ ਵਕੀਲ ਮਿਲਟਿਟਜ਼ (Milititz) ਨੇ ਨਰਮ ਵਤੀਰਾ ਅਪਣਾਇਆ, ਪਰ ਇਹ ਹੋਰ ਸਾਧੂ ਜੋਨ ਆਇਕ (John Eick) ਨੇ ਲੂਥਰ ਨੂੰ ਕੁਚਲਣ ਉੱਤੇ ਜ਼ੋਰ ਦਿੱਤਾ।

1520 ਈ. ਵਿੱਚ ਪੋਪ ਨੇ ਲੂਥਰ ਨੂੰ ਈਸਾਈ ਬਿਰਾਦਰੀ ਵਿੱਚੋਂ ਖਾਰਜ ਕਰ ਦਿੱਤਾ ਪਰੰਤੂ ਉਸ ਨੇ ਆਮ ਲੋਕਾਂ ਸਾਹਮਣੇ ਇਸ ਬਰਾਦਰੀਉਂ ਕੱਢ ਦੇਣ ਵਾਲੇ ਪੱਤਰ ਨੂੰ ਵਿਟਨਬਰਗ (Wittenburg) ਵਿੱਚ ਸਾੜ ਦਿੱਤਾ। ਇਸ ਤੋਂ ਪੋਪ ਨੇ ਸਮਰਾਟ ਚਾਰਲਸ ਪੰਜਵੇਂ ਨੂੰ ਅਧਿਕਾਰ ਦਿੱਤਾ ਕਿ ਉਸ ਨੂੰ ਫੜ ਲਵੇ ਅਤੇ ਮਾਰ ਦੇਵੇ ਪਰ ਹੁਣ ਲੂਥਰ ਲੋਕਾਂ ਅਤੇ ਰਾਜਕੁਮਾਰਾਂ ਵਿੱਚ ਹਰਮਨ ਪਿਆਰਾ ਬਣ ਚੁੱਕਾ ਸੀ। ਉਸ ਨੂੰ ਹੁਣ ਵੋਰਮਜ (Worms) ਦੀ ਸਭਾ ਵਿੱਚ ਆਉਣ ਲਈ ਸੱਦਿਆ ਗਿਆ। ਇਹ ਨਗਰ ਰਾਇਨ ਉੱਤੇ ਸਥਿਤ ਹੈ। ਉਸ ਨੂੰ ਬਿਆਨ ਵਾਪਸ ਲੈਣ ਲਈ ਆਖਿਆ ਗਿਆ। ਪਰੰਤੂ ਉਸ ਨੇ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਆਪਣੀ ਜ਼ਮੀਰ ਲਈ ਮਰਨ ਨੂੰ ਤਿਆਰ ਸੀ। ਸਮਰਾਟ ਨੇ ਉਸ ਦੀਆਂ ਪੁਸਤਕਾਂ ਉੱਤੇ ਬੰਦਸ਼ ਲਾ ਦਿੱਤੀ। ਲੂਥਰ ਵੋਰਮਜ਼ ਤੋਂ ਚਲਾ ਗਿਆ ਅਤੇ ਸੈਕਸਨੀ ਦੇ ਸ਼ਾਸਕ ਦੀ ਰਾਖੀ ਲਈ ਵਰਟਮਵਰਗ ਵਿੱਚ ਰਹਿਣ ਲੱਗਾ। ਸਮਰਾਟ ਚਾਰਲਸ ਪੰਜਵੇਂ ਨੇ ਪ੍ਰੋਟੈਸਟੈਂਟਾ ਦੇ ਵਿਚਾਰ ਸੁਣਨ ਲਈ ਆਗਸਬਰਗ ਸਭਾ ਬੁਲਾਈ। ਲੂਥਰ ਦੇ ਇਕ ਮਿੱਤਰ ਨੇ ਉਸ ਦੇ ਨਿਸ਼ਚੇ ਲਿਖੇ ਅਤੇ ਸਭਾ ਨੂੰ ਦੱਸੇ। ਇਨ੍ਹਾਂ ਨੂੰ ''ਆਗਸਬਰਗ ਮਨੌਤਾਂ'' (Augsburg Confessions) ਆਖਦੇ ਹਨ। ਪਰ ਆਪਣੇ ਨਿਸ਼ਚਿਆਂ ਨੂੰ ਛੱਡਣ ਦੀ ਥਾਂ, ਵਿਦਰੋਹੀਆਂ ਨੇ ਰੋਮਨ ਚਰਚ ਨੂੰ ਛੱਡ ਦੇਣਾ ਚੰਗਾ ਸਮਝਿਆ। ਉਹ ਪ੍ਰੋਟੈਸਟੈਂਟ ਬਣ ਗਏ। ਲੂਥਰ ਫਰਵਰੀ 1546 ਈ. ਵਿੱਚ ਚਲਾਣਾ ਕਰ ਗਿਆ ਅਤੇ ਉਸੇ ਸਮੂਹ ਸੰਤਾਂ ਦੇ ਗਿਰਜੇ ਵਿੱਚ ਦਫਨ ਕੀਤਾ ਗਿਆ, ਜਿੱਥੇ 2 ਵਰ੍ਹੇ ਪਹਿਲੇ ਉਸ ਨੇ ਟੈਟਜ਼ਿਲ ਨੂੰ ਚੈਲੰਜ ਦਿੱਤਾ ਸੀ। ਅੰਤ ਨੂੰ 1555 ਈ. ਵਿੱਚ ਆਗਸਬਰਗ ਦੀ ਇਕ ਹੋਰ ਸਭਾ ਨੇ ਧਾਰਮਿਕ ਸ਼ਾਂਤੀ ਸਥਾਪਿਤ ਕੀਤੀ। ਹਰ ਰਾਜ ਦੇ ਸ਼ਾਸਕ ਨੂੰ ਅਧਿਕਾਰ ਦਿੱਤਾ ਗਿਆ ਕਿ ਉਹ ਆਪਣੀ ਪਰਜਾ ਦੇ ਧਰਮ ਦਾ ਨਿਰਣਾ ਕਰੇ।

## ਲੂਥਰ ਮੱਤ ਦਾ ਪ੍ਰਸਾਰ

ਉੱਤਰੀ ਯੂਰਪੀਨ ਰਾਜਾਂ ਨੇ ਆਮ ਕਰਕੇ ਲੂਥਰਵਾਦ ਨੂੰ ਪ੍ਰਵਾਨ ਕੀਤਾ। ਪਰ ਦੱਖਣੀ ਰਾਜ ਪੁਰਾਤਨ ਧਰਮ ਦੇ ਸ਼ਰਧਾਲੂ ਰਹੇ। 1560 ਈ. ਵਿੱਚ ਇਹ ਡੈਨਮਾਰਕ ਦਾ ਕੌਮੀ ਧਰਮ ਬਣ ਗਿਆ, ਅਤੇ ਰਾਜਾ ਨੇ ਲੂਥਰ ਮੱਤ ਨੂੰ ਸਵੀਡਨ ਦਾ ਰਾਜ ਧਰਮ ਕਰਾਰ ਦਿੱਤਾ।

**ਸਵਿਟਜ਼ਰਲੈਂਡ :** ਸਵਿਟਜ਼ਰਲੈਂਡ ਵਿੱਚ ਪੋਪ ਦੀ ਉੱਚਤਾ ਨੂੰ ਉਲਰਿਕ ਜ਼ਵਿੰਗਲੀ (Ulrick Zwingli) 1485-1531 ਈ:) ਦੀ ਸਿੱਖਿਆ ਨੇ ਹਾਨੀ ਪੁਚਾਈ। ਉਹ ਯੂਰਿਕ ਦੇ ਗਿਰਜੇ ਘਰ ਦਾ ਪਾਦਰੀ ਸੀ। ਉਸ ਨੇ ਪੋਪ ਦੇ ਪ੍ਰਬੰਧ ਉੱਤੇ ਹਮਲਾ

ਕੀਤਾ ਅਤੇ ਲੋਕਾਂ ਉੱਤੇ ਜ਼ੋਰ ਪਾਇਆ ਕਿ ਪੋਪ ਦੀ ਥਾਂ ਉਹ ਬਾਈਬਲ ਨੂੰ ਆਪਣਾ ਪ੍ਰਮਾਣਿਕ ਸਮਝਣ, ਉਹ ਯੂਰਿਕ ਅਤੇ ਬਰਨ ਵਿਚਕਾਰ ਯੁੱਧ ਵਿੱਚ 1531 ਈ. ਵਿੱਚ ਮਾਰਿਆ ਗਿਆ।

**ਫ੍ਰਾਂਸ ਵਿੱਚ ਸੁਧਾਰ ਅਤੇ ਜੌਨ ਕਾਲਵਿਨ (1509–1564 ਈ.) :** ਉਹ ਇਕ ਫ੍ਰਾਂਸੀਸੀ ਸੁਧਾਰਕ ਸੀ, ਜਿਸ ਨੂੰ ਬਾਦਸ਼ਾਹ ਨੇ ਚਰਚ ਉੱਤੇ ਹਮਲੇ ਕਾਰਣ 1543 ਈ. ਵਿੱਚ ਫ੍ਰਾਂਸ ਤੋਂ ਕੱਢ ਦਿੱਤਾ ਸੀ। ਉਹ ਸਵਿਟਜ਼ਰਲੈਂਡ ਆ ਗਿਆ ਜਿੱਥੇ ਉਸ ਨੇ 'ਈਸਾਈ ਮੱਤ ਦੇ ਸੰਸਥਾਨ' (Institute of Christian Religion) ਉੱਤੇ 1536 ਈ. ਵਿੱਚ ਇਕ ਪੁਸਤਕ ਲਿਖੀ। ਕਾਲਵਿਨ ਦਾ ਨਿਸ਼ਚਾ ਸੀ ਕਿ–

(1) ਕੇਵਲ ਬਾਈਬਲ ਹੀ ਇਕੋ ਗ੍ਰੰਥ ਹੈ ਜਿਸ ਨੂੰ ਪ੍ਰਮਾਣਿਕ ਸਮਝਣਾ ਚਾਹੀਦਾ ਹੈ।

(2) ਨਾਚ, ਗਾਨੇ, ਚਮਕੀਲੀਆਂ ਪੁਸ਼ਾਕਾਂ ਨਹੀਂ ਪਾਉਣੀਆਂ ਚਾਹੀਦੀਆਂ।

(3) ਪੂਜਾ ਦੀ ਹਰ ਇਕ ਚੀਜ਼ ਸਰਲ ਅਤੇ ਸਾਧਾਰਨ ਹੋਣੀ ਚਾਹੀਦੀ ਹੈ।

(4) ਐਤਵਾਰ-ਸਾਰੇ ਦਾ ਸਾਰਾ ਦਿਨ ਪੂਜਾ-ਪਾਠ ਲਈ ਸਮਰਪਣ ਹੋਣੀ ਚਾਹੀਦੀ ਹੈ।

ਫ੍ਰਾਂਸ ਵਿੱਚ ਕਾਲਵਿਨ ਅਨੁਯਾਈਆਂ ਨੂੰ ਯੂਗੇਨੋਟਸ (Huguenots) ਸਕਾਟਲੈਂਡ ਵਿੱਚ ਪਰੈਸਬੀਟੇਰੀਨ ਅਤੇ ਇੰਗਲਿਸਤਾਨ ਵਿੱਚ ਪਿਊਰਿਟਨ ਆਖਣ ਲੱਗ ਪਏ।

ਫ੍ਰਾਂਸੀਸੀ ਬਾਦਸ਼ਾਹਾਂ ਨੇ ਯੂਗੇਨੋਟਸ (Huguenots) ਨੂੰ ਖਤਮ ਕਰਨ ਦਾ ਯਤਨ ਕੀਤਾ। 1698 ਈ. ਵਿੱਚ ਹੈਨਰੀ ਚੌਥੇ ਨੇ ਫ੍ਰਾਂਸ ਵਿੱਚ ਧਰਮ ਦੀ ਖੁੱਲ੍ਹ ਪ੍ਰਦਾਨ ਕੀਤੀ। ਤਦੋਂ ਤੋਂ ਇਕ ਸੌ ਵਰ੍ਹੇ ਲਈ ਫ੍ਰਾਂਸ ਵਿੱਚ ਧਾਰਮਿਕ ਸਹਿਨਸ਼ੀਲਤਾ ਰਹੀ।

**ਸਕੈਂਡੇਨਵੀਆ ਵਿੱਚ ਧਰਮ ਸੁਧਾਰ (ਡੈਨਮਾਰਕ, ਨੌਰਵੇ, ਸਵੀਡਨ) :** ਕਰਿਸਚੀਅਨ II ਅਤੇ ਫ੍ਰੈਡਰਿਕ I ਨੇ ਪ੍ਰੋਟੈਸਟੈਂਟ ਨਿਸ਼ਚੇ ਨੂੰ ਉਤਸ਼ਾਹ ਦਿੱਤਾ ਭਾਵੇਂ ਪ੍ਰੋਟੈਸਟੈਂਟਾ ਨੂੰ ਭਾਰੀ ਵਿਰੋਧਤਾ ਦਾ ਟਾਕਰਾ ਕਰਨਾ ਪਿਆ ਪਰ ਕਰਿਸਚੀਅਨ ਤੀਜੇ ਦੇ ਸਮੇਂ ਵਿੱਚ ਧਰਮ ਸੁਧਾਰ ਲਹਿਰ 1539 ਈ. ਵਿੱਚ ਪੂਰਨ ਸਫਲ ਹੋਈ।

**ਇੰਗਲਿਸਤਾਨ ਵਿੱਚ ਧਰਮ ਅੰਦੋਲਨ :** ਇੰਗਲਿਸਤਾਨ ਵਿੱਚ ਹਾਲਾਤ ਜੌਨ ਵਾਈਕਲਿਫ ਦੀ ਸਿੱਖਿਆ ਅਤੇ ਚਾਸਰ ਦੀਆਂ ਕੈਂਟਰਬਰੀ ਕਹਾਣੀਆਂ (Canterbury Tales) ਨਾਲ ਤਿਆਰ ਹੋ ਚੁੱਕੇ ਸਨ। ਇਸ ਤੋਂ ਬਿਨਾਂ ਇਸ ਪੁਸਤਕ 'ਭੁੱਖੜ ਲਾਲਚੀ' 1528 ਈ. ਵਿੱਚ ਪ੍ਰਕਾਸ਼ਿਤ ਹੋਈ। ਇਸ ਨੇ ਪੋਪ ਦੇ ਕਬਜ਼ੇ ਵਿਚ ਇਕ ਵਿਸ਼ਾਲ ਭੁਇੰ ਵੱਲ ਧਿਆਨ ਕੇਂਦਰਿਤ ਕੀਤਾ। ਪਰੰਤੂ ਧਰਮ-ਸੁਧਾਰ ਲਹਿਰ ਨੇ ਅਸਲ ਵਿੱਚ ਇੰਗਲਿਸਤਾਨ ਵਿੱਚ ਹੈਨਰੀ VIII (1509–1547 ਈ.) ਦੇ ਸਮੇਂ ਵਿੱਚ ਪੈਰ ਪਾਏ। ਪੋਪ ਨੇ ਹੈਨਰੀ VIII ਨੂੰ ਆਪਣੀ ਪਤਨੀ ਕੈਥਰੀਨ ਨੂੰ ਤਲਾਕ ਦੇਣ ਦੀ ਆਗਿਆ ਤੋਂ ਨਾਂਹ ਕਰ ਦਿੱਤੀ। ਕੈਥਰੀਨ ਸਪੇਨ ਦੇ ਚਾਰਲਸ V ਦੀ ਭੂਆ ਸੀ। ਹੈਨਰੀ ਨੇ ਬਦਲਾ ਲਿਆ। ਉਸ ਨੇ ਪਾਰਲੀਮੈਂਟ ਤੋਂ ਕਾਨੂੰਨ ਪਾਸ ਕਰਾਏ ਜਿਨ੍ਹਾਂ ਨਾਲ ਪੋਪ ਨੂੰ ਫੀਸ, ਦੂਹਰੇ ਕੰਮ ਦੇ ਮੁਆਵਜ਼ਾ ਅਤੇ ਵਾਰਸ਼ਿਕ ਦਾਨ ਦੀ ਮਨਾਹੀ ਕੀਤੀ ਗਈ। ਉੱਚਤਾ ਦਾ ਕਾਨੂੰਨ (1530 ਈ.) (Act of Supremacy) ਅਨੁਸਾਰ ਹੈਨਰੀ VIII ਇੰਗਲਿਸਤਾਨ ਦੇ ਚਰਚ ਦਾ ਸ਼੍ਰੋਮਣੀ ਬਣ ਗਿਆ। ਧਨ ਇਕੱਤਰ ਕਰਨ ਦੇ ਆਪਣੇ ਲਾਲਚ ਨੂੰ ਪੂਰਾ ਕਰਨ ਲਈ ਉਹਨੇ ਮੱਠਾਂ ਨੂੰ ਖਤਮ ਕਰ ਦਿੱਤਾ।

ਐਡਵਰਡ VI (1547-1553 ਈ.) ਦੇ ਰਾਜ ਕਾਲ ਵਿੱਚ ਗਿਰਜੇ ਲੁੱਟ ਲਏ ਗਏ ਅਤੇ ਮੂਰਤੀਆਂ ਉਠਾ ਲਈਆਂ ਗਈਆਂ। ਪੂਜਾ ਅੰਗਰੇਜ਼ੀ ਭਾਸ਼ਾ ਵਿੱਚ ਕੀਤੀ ਜਾਣ ਲੱਗ ਪਈ। 1549 ਈ. ਵਿੱਚ ਆਮ ਲੋਕਾਂ ਲਈ ਨਿਤ ਪੂਜਾ ਦੀ ਪ੍ਰਥਮ ਪੁਸਤਕ ਕੱਢੀ ਗਈ।

ਪਰ ਮੇਰੀ ਟਿਊਡਰ (1558-1603 ਈ.) ਨੇ ਮੱਧ-ਮਾਰਗ ਦੀ ਨੀਤੀ ਅਪਣਾਈ। ਇੰਗਲਿਸਤਾਨ ਦੇ ਕੌਮੀ ਚਰਚ (ਐਂਗਲੀਕਰਨ) ਨੇ ਜਨਮ ਲਿਆ। ਇਹ ਕੈਥੋਲਿਕ ਮੱਤ ਅਤੇ ਪ੍ਰੋਟੈਸਟੈਂਟ ਮੱਤ ਵਿੱਚ ਰਾਜ਼ੀਨਾਮਾ ਸੀ। ਉਸ ਨੇ ਆਪਣੇ ਪਿਤਾ ਦੀ ਦੁਖਦਾਇਕ ਉਪਾਧੀ 'ਚਰਚ ਦੇ ਸ਼੍ਰੋਮਣੀ' ਨੂੰ ਤਿਆਗ ਦਿੱਤਾ ਅਤੇ ਇਸ ਦੀ ਥਾਂ ਉਸ ਨੇ ''ਅਧਿਆਤਮਕ ਅਤੇ ਸੰਸਾਰ ਦੇ ਸਮੁੱਚੇ ਮਾਮਲਿਆਂ ਦੀ ਉੱਚ ਸੰਚਾਲਕ'' (Supreme Governor of Spiritual and Worldy Things) ਉਪਾਧੀ ਪ੍ਰਾਪਤ ਕੀਤੀ।

ਉਸ ਦੀ ਧਾਰਮਿਕ ਨੀਤੀ ਰੋਮਨ ਕੈਥੋਲਿਕਾਂ ਨੂੰ ਚੰਗੀ ਨਾ ਲੱਗੀ ਅਤੇ ਉਨ੍ਹਾਂ ਨੇ ਉਸ ਦੇ ਵਿਰੁੱਧ ਗੋਂਦਾ ਗੁੰਦੀਆਂ। ਸਪੇਨ ਜਿਹੜਾ ਸਭ ਤੋਂ ਮਹਾਨ ਰੋਮਨ ਕੈਥੋਲਿਕ ਸ਼ਕਤੀ ਸੀ, ਨੇ ਇਕ ਅਜਿਹਾ ਬੇੜਾ ਇੰਗਲਿਸਤਾਨ ਉੱਤੇ ਹਮਲਾ ਕਰਨ ਲਈ ਭੇਜਿਆ ਪਰ ਇਹ ਅਸਫਲ ਰਿਹਾ। ਪ੍ਰੋਟੈਸਟੈਂਟ ਮੱਤ ਨਿਰੋਲ ਇਕ ਅਧਿਆਤਮਕ ਅਤੇ ਧਾਰਮਿਕ ਮਾਮਲਾ ਹੀ ਨਾ ਰਿਹਾ। ਇਸ ਨੇ ਗਿਰਜਿਆਂ ਉੱਤੇ ਹਮਲੇ ਕਰਨ ਤੇ ਗਿਰਜਿਆਂ ਦੀ ਸੰਮਤੀ ਨੂੰ ਉਜਾੜਨ ਲਈ ਹੱਲਾ-ਸ਼ੇਰੀ ਦਿੱਤੀ। ਕਈਆਂ ਨੇ ਇਹਨਾਂ ਮੱਠਾਂ ਦੀ ਭੋਇੰ ਨੂੰ ਹੜੱਪ ਕਰਨ ਲਈ ਅਵਸਰ ਵੱਜੋਂ ਵਰਤਿਆ। ਅਸੰਤੁਸ਼ਟ ਰਾਜਿਆਂ ਨੇ ਆਪਣੇ ਅਧਿਕਾਰ ਵਧਾ ਲਏ ਅਤੇ ਭੁਖੇ ਮਰਦੇ ਕਿਸਾਨਾਂ ਨੇ ਕਈ ਹਵੇਲੀਆਂ ਨੂੰ ਲੁੱਟ ਲਿਆ। ਇਸ ਪ੍ਰਕਾਰ ਇਹ ਧਰਮ ਸੁਧਾਰ ਲਹਿਰ ਬਹੁ-ਪੱਖੀ ਸੀ। ਇਹ ਨਵੇਂ ਸਿੱਧਾਂਤਾਂ ਦੀ ਪੁਰਾਣੇ ਸਿੱਧਾਂਤਾਂ ਉੱਤੇ ਜਿੱਤ ਸੀ। ਇਹ ਰਾਸ਼ਟਰੀ ਭਾਵਨਾ ਦੀ ਅੰਤਰ ਰਾਸ਼ਟਰੀ ਪੋਪ ਉੱਤੇ ਫਤਿਹ ਸੀ। ਰਾਜ ਦੀ ਚਰਚ ਉੱਤੇ ਜਿੱਤ ਸੀ ਅਤੇ ਆਮ ਲੋਕਾਂ ਦੀ ਪਾਦਰੀਆਂ ਉੱਤੇ ਜਿੱਤ ਦਾ ਨਾਂ ਸੀ। ਕਈਆਂ ਲਈ ਇਹ ਲਹਿਰ ਆਰਥਿਕ ਰੂਪ ਧਾਰਨ ਕਰ ਗਈ ਜਿਸ ਨੇ ਉਨ੍ਹਾਂ ਨੂੰ ਲੁੱਟਣ ਅਤੇ ਧਨਵਾਨ ਬਣਨ ਦਾ ਅਵਸਰ ਦਿੱਤਾ।

## ਚਰਚ ਦੁਆਰਾ ਸੁਧਾਰ ਅੰਦੋਲਨ (Counter-Reformation)

ਸੋਲਵੀਂ ਸਦੀ ਵਿੱਚ ਧਾਰਮਿਕ ਮੱਤਭੇਦਾਂ ਦੀ ਭਿਆਨਕ ਜੰਗ ਲੜੀ ਜਾਂਦੀ ਰਹੀ। ਯੂਰਪ ਵਿੱਚ ਧਾਰਮਿਕ ਸੁਧਾਰਾਂ ਨੇ ਰੋਮਨ ਕੈਥੋਲਿਕ ਚਰਚ ਨੂੰ ਚਿੰਤਾਜਨਕ ਕਰ ਦਿੱਤਾ। ਟਰੈਂਟ-ਚਰਚ ਕੌਂਸਲ ਦੀ ਮੀਟਿੰਗ 1545 ਈ. ਤੋਂ 1563 ਈ. ਤੱਕ ਜਾਰੀ ਰਹੀ। ਚਰਚ ਵਿੱਚੋਂ ਕੁਰੀਤੀਆਂ ਬਾਹਰ ਕੱਢਣ ਲਈ ਇਸ ਨੇ ਮਾਫੀਨਾਮਿਆਂ ਦੀ ਵਿਕਰੀ ਦੀ ਨਿਖੇਧੀ ਕੀਤੀ। ਇਸ ਨੇ ਚਰਚ ਦੇ ਅਹੁਦਿਆਂ ਦੇ ਵੇਚਣ ਦੀ ਵੀ ਨਿੰਦਾ ਕੀਤੀ, ਉਨ੍ਹਾਂ ਕਿਤਾਬਾਂ ਦੀ ਇਕ ਸੂਚੀ (Paper Index) ਛਾਪੀ ਜੋ ਕੈਥੋਲਿਕਾਂ ਲਈ ਪੜ੍ਹਨੀਆਂ ਵਰਜਿਤ ਸਨ। ਮੱਧ-ਕਾਲੀ ਪੁੱਛ-ਗਿੱਛ (Inquisition Court) ਕੋਰਟ ਨੂੰ ਬਹਾਲ ਕਰ ਦਿੱਤਾ ਗਿਆ। ਇਗਨੇਸ਼ੀਅਮ ਦੀ ਲੋਯਲਜ਼ (Iganatism de Loyals) ਨੇ ਮਸੀਹੀ ਸਮਾਜ ਦੀ ਨੀਂਹ ਰੱਖੀ। ਇਸ ਦਾ ਕੰਮ ਪਾਦਰੀਆਂ ਵਿੱਚ ਅਨੁਸ਼ਾਸਨ ਲਈ ਉਤਸ਼ਾਹ ਕਰਨਾ ਅਤੇ ਈਸਾਈਆਂ ਵਿੱਚ ਵਿੱਦਿਆ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਤਰ੍ਹਾਂ ਦੀਆਂ ਹੋਰ ਸੰਸਥਾਵਾਂ ਚਾਲੂ ਕੀਤੀਆਂ ਗਈਆਂ। ਚਰਚ ਦੇ ਬਹੁਤ ਸਾਰੇ ਦੇਸ਼ਾਂ ਜਿਵੇਂ ਦੱਖਣੀ ਜਰਮਨੀ, ਫ੍ਰਾਂਸ, ਪੋਲੈਂਡ, ਸੇਵਾਏ ਅਤੇ ਸਵਿਟਜ਼ਰਲੈਂਡ ਦੇ ਕੁੱਝ ਕੈਂਟਿਨ ਜਿਹੜੇ ਪਹਿਲਾਂ ਪ੍ਰੋਟੈਸਟੈਂਟ ਧਰਮ ਵਿੱਚ ਚਲੇ ਗਏ ਸਨ, ਦੁਬਾਰਾ ਕੈਥੋਲਿਕ ਧਰਮ ਵਿੱਚ ਆ ਗਏ।

## ਸੁਧਾਰਾਂ ਦੇ ਨਤੀਜੇ

**ਤਿੰਨ ਧਰਮੀ ਵੰਡ :** ਪੋਪਾਂ ਦਾ ਸਰਬ-ਵਿਆਪੀ ਸਾਮਰਾਜ ਖਤਮ ਹੋ ਗਿਆ। ਯੂਰਪ ਦੇ ਵਿਰੋਧੀ ਮੱਤਾਂ ਦੀ ਲੜਾਈ ਦਾ ਮੈਦਾਨ ਬਣ ਗਿਆ। ਯੂਰਪ ਦੀ ਧਾਰਮਿਕ ਸ਼ਾਂਤੀ ਵਿੱਚ ਕਈ ਦਲੀਲਬਾਜ਼ਾਂ, ਝਗੜਾਲੂਆਂ ਅਤੇ ਵਾਦਵਿਵਾਦੀ ਬਕਵਾਸੀਆਂ ਨੇ ਵਿਘਨ ਪਾ ਦਿੱਤਾ। 1550 ਈ. ਵਿੱਚ ਯੂਰਪ ਵਿੱਚ ਦੋ ਚਰਚ ਸਨ, ਗਰੀਕ ਚਰਚ ਪੂਰਬੀ ਯੂਰਪ ਵਿੱਚ ਅਤੇ ਰੋਮਨ ਕੈਥੋਲਿਕ ਚਰਚ ਬਾਕੀ ਯੂਰਪ ਵਿੱਚ। ਪਰ 1550 ਈ. ਤੋਂ ਬਾਅਦ ਯੂਰਪ ਵਿੱਚ ਤਿੰਨ ਚਰਚ ਹੋ ਗਏ। ਉੱਤਰੀ ਯੂਰਪ ਜਿਸ ਵਿੱਚ ਬ੍ਰਿਟੇਨ ਵੀ ਸ਼ਾਮਿਲ ਸੀ ਮੋਟੋਸਟੈਂਟ ਬਣ ਗਿਆ, ਦੱਖਣੀ ਯੂਰਪ ਕੈਥੋਲਿਕ ਹੀ ਰਿਹਾ ਅਤੇ ਗਰੀਕ ਤੇ ਪੂਰਬੀ ਯੂਰਪ ਵਿੱਚ ਪੁਰਾਣਾ ਚਰਚ ਹੀ ਕਾਇਮ ਰਿਹਾ।

**ਕੌਮੀ ਚਰਚ ਦੀ ਸਥਾਪਨਾ :** 1550 ਈ. ਦੇ ਆਗਸਬਰਗ ਸ਼ਾਂਤੀ ਸੰਧੀ ਕਾਰਣ ਹਰ ਦੇਸ਼ ਦਾ ਰਾਜਾ ਧਰਮ ਦਾ ਵੀ ਮੁੱਖੀ ਬਣ ਗਿਆ। ਇਸ ਦੇ ਕੁੱਝ ਚਿਰ ਬਾਦ ਰਾਜਾ ਨੇ ਆਪਣੀ ਪ੍ਰਜਾ ਦਾ ਫੈਸਲਾ ਕਰਨ ਦੇ ਅਧਿਕਾਰ ਫਲਸਰੂਪ ਸਾਰਾ ਯੂਰਪ ਕੌਮੀ ਧਰਮਾਂ ਵਿੱਚ ਵੰਡਿਆ ਗਿਆ ਅਤੇ ਕਈ ਚਰਚ ਬਣ ਗਏ ਜਿਵੇਂ ਐਂਗਲੀਕਨ ਚਰਚ ਫ੍ਰਾਂਸੀਸੀ ਜਾਂ ਗੌਲੀਕਨ ਚਰਚ ਅਤੇ ਸਪੇਨ ਦਾ ਚਰਚ।

**ਰਾਸ਼ਟਰੀਅਤਾ ਦਾ ਵਿਕਾਸ :** ਰੋਮਨ ਕੈਥੋਲਿਕ ਚਰਚ ਦੇ ਪਤਨ ਪਿੱਛੋਂ ਤਕਰੀਬਨ ਸਾਰੇ ਯੂਰਪ ਵਿੱਚ ਰਾਸ਼ਟਰੀਅਤਾ ਦੀ ਉੱਨਤੀ ਹੋਣੀ ਸ਼ੁਰੂ ਹੋ ਗਈ। ਇਸ ਅੰਦੋਲਨ ਦੇ ਫਲਸਰੂਪ ਇਨ੍ਹਾਂ ਰਾਜਾਂ ਦੀ ਸ਼ਕਤੀ ਵਿੱਚ ਵਾਧਾ ਹੋਇਆ, ਨਵੇਂ ਕਾਇਮ ਹੋਏ ਪ੍ਰੋਟੈਸਟੈਂਟ ਦੇਸ਼ਾਂ ਵਿੱਚ ਪੋਪ ਦੀ ਸ਼ਕਤੀ ਸਮਾਪਤ ਹੋ ਗਈ।

**ਘੱਟ ਗਿਣਤੀ ਵਾਲੇ ਧਰਮ ਦੇ ਲੋਕਾਂ ਨੂੰ ਤਸੀਹੇ :** ਲਾਭਾਂ ਦੇ ਨਾਲ ਇਸ ਅੰਦੋਲਨ ਦੇ ਕੁੱਝ ਦੋਸ਼ ਵੀ ਸਾਹਮਣੇ ਆਏ। ਸਭ ਤੋਂ ਪਹਿਲਾਂ ਘੱਟ ਗਿਣਤੀ ਵਾਲੇ ਧਰਮ ਦੇ ਲੋਕਾਂ ਨੂੰ ਇਸ ਆਧਾਰ ਤੇ ਇਕ ਬਾਦਸ਼ਾਹ ਤੇ ਇਕ ਧਰਮ ਹੀ ਹਰ ਇਕ ਦੇਸ਼ ਵਿੱਚ ਹੋਣਾ ਚਾਹੀਦਾ ਹੈ, ਤਸੀਹੇ ਦਿੱਤੇ ਜਾਣ ਲੱਗੇ। ਇਸ ਕਾਰਣ ਘੱਟ ਗਿਣਤੀ ਦੇ ਧਰਮ ਵਾਲੇ ਲੋਕ ਆਪਣਾ ਦੇਸ਼ ਛੱਡ ਕੇ ਉਨ੍ਹਾਂ ਦੇਸ਼ਾਂ ਵਿੱਚ ਚਲੇ ਗਏ ਜਿੱਥੇ ਧਰਮ ਦੇ ਤਸੀਹੇ ਨਹੀਂ ਦਿੱਤੇ ਗਏ ਸਨ।

**ਖੁਦਮੁਖਤਿਆਰ ਬਾਦਸ਼ਾਹ ਦਾ ਆਗਮਨ :** ਇਕ ਬਾਦਸ਼ਾਹ ਤੇ ਇਕ ਧਰਮ ਦੇ ਸਿੱਧਾਂਤਾਂ ਦਾ ਇਕ ਹੋਰ ਭੈੜਾ ਨਤੀਜਾ ਇਹ ਨਿਕਲਿਆ ਕਿ ਖੁਦਮੁਖਤਿਆਰ ਬਾਦਸ਼ਾਹ ਹੋਂਦ ਵਿੱਚ ਆਏ। ਉਨ੍ਹਾਂ ਖੁਦਮੁਖਤਿਆਰ ਬਾਦਸ਼ਾਹਾਂ ਨੂੰ ਨਾ ਤਾਂ ਪੋਪ ਦੁਆਰਾ ਈਸਾਈ ਧਰਮ ਤੋਂ ਬਾਹਰ ਕੱਢੇ ਜਾਣ ਦਾ ਅਤੇ ਨਾ ਹੀ ਉਸ ਇਲਾਕੇ ਦੇ ਲੋਕਾਂ ਨੂੰ ਧਾਰਮਿਕ ਉਤਸਵ ਮਨਾਉਣ ਤੋਂ ਰੋਕਣ ਦਾ ਡਰ ਹੁੰਦਾ ਸੀ। ਇਸ ਤੋਂ ਬਿਨਾਂ ਨਾ ਹੀ ਹੁਣ ਉਸ ਨੂੰ ਇਹ ਡਰ ਸੀ ਕਿ ਪੋਪ ਦੇ ਹੁਕਮ ਅਤੇ ਦੂਜੇ ਈਸਾਈ ਧਰਮ ਮੰਨਣ ਵਾਲੇ ਬਾਦਸ਼ਾਹ ਉਸ ਦੇ ਰਾਜ ਨੂੰ ਜਿੱਤ ਕੇ ਆਪਸ ਵਿੱਚ ਵੰਡ ਲੈਣਗੇ ਕਿਉਂਕਿ

ਸਾਰੇ ਰਾਸ਼ਟਰ ਦਾ ਸਮਰਥਨ ਤੇ ਤਾਕਤ ਇਨ੍ਹਾਂ ਖੁਦਮੁਖਤਿਆਰ ਬਾਦਸ਼ਾਹ ਦੀ ਪਿੱਠ ਤੇ ਹੁੰਦਾ ਸੀ।

**ਸੰਸਕ੍ਰਿਤਕ ਪ੍ਰਭਾਵ :** ਧਰਮ ਸੁਧਾਰ ਅੰਦੋਲਨ ਨੇ ਸਿੱਖਿਆ ਦੇ ਖੇਤਰ ਵਿੱਚ ਵੀ ਮਹੱਤਵਪੂਰਣ ਯੋਗਦਾਨ ਪਾਇਆ। ਈਸਾਈ ਧਰਮ ਵਿੱਚ ਦੋ ਸ਼ਾਖਾਵਾਂ ਕਾਇਮ ਹੋਣ ਪਿੱਛੋਂ ਹਰ ਸ਼ਾਖਾ ਦੇ ਸਮਰੱਥਕਾਂ ਨੇ ਵੱਧ ਤੋਂ ਵੱਧ ਅਨੁਯਾਈਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਸਿੱਖਿਆ ਦਾ ਸਹਾਰਾ ਲਿਆ। ਮਾਰਟਿਨ ਲੂਥਰ ਨੇ ਜਰਮਨੀ ਵਿੱਚ ਸਿੱਖਿਆ ਨੂੰ ਲਾਜ਼ਮੀ ਬਣਾਉਣ ਉੱਤੇ ਸਰਕਾਰ ਤੇ ਜ਼ੋਰ ਪਾਇਆ। ਬਹੁਤ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ ਜਾਣ ਲੱਗੀ, ਦੇਸੀ ਭਾਸ਼ਾਵਾਂ ਦਾ ਵਿਕਾਸ ਹੋਣ ਲੱਗਾ। ਚਿੱਤਰ ਕਲਾ ਦੇ ਖੇਤਰ ਵਿੱਚ ਵੀ ਤਬਦੀਲੀ ਆ ਗਈ, ਹੁਣ ਕਲਾ ਦਾ ਵਿਸ਼ਾ ਧਾਰਮਿਕ ਨਾ ਹੋ ਕੇ ਧਰਮ ਨਿਰਪੱਖਤਾ ਦਾ ਹੋ ਗਿਆ। ਈਸਾ ਮਸੀਹ ਅਤੇ ਸੰਤਾਂ ਦੀ ਥਾਂ ਕਲਾ-ਕ੍ਰਿਤੀਆਂ ਦਾ ਵਿਸ਼ਾ ਹੁਣ ਸਾਧਾਰਣ ਪੁਰਸ਼ ਤੇ ਇਸਤਰੀ ਅਤੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਵਾਲਾ ਹੋ ਗਿਆ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ


1. Smith Percival : *A Social Background of Reformation,* pp. 174-222.
2. Lucas, Henry : *The Renaissance and the Reformation,* pp. 469-488.
3. Hollings, Mary A. : *Europe in Renaissance and Reformation,* pp. 98-102.
4. Grant, A.J.S. : *An Outline of European History,* pp. 280-328.
5. Davies, H.A., : *An Outline History of the World,* pp. 404-412.
6. ਵਸ਼ਿਸ਼ਟ, ਐਸ.ਐਸ. ਅਤੇ ਡਾ. ਫੌਜਾ ਸਿੰਘ : *ਵਿਸ਼ਵ ਸਭਿਅਤਾ ਦਾ ਵਿਕਾਸ,* ਪੰਨੇ 134-142.
7. ਅਰੋੜਾ, ਏ.ਸੀ. : *ਵਿਸ਼ਵ ਦਾ ਇਤਿਹਾਸ,* ਪੰਨੇ 25-52.


## ਤੁਹਾਡੇ ਅਭਿਆਸ ਲਈ ਪ੍ਰਸ਼ਨ

1. ਯੂਰਪ ਵਿੱਚ ਧਰਮ-ਸੁਧਾਰ ਅੰਦੋਲਨ ਦੇ ਕੀ ਕਾਰਣ ਸਨ ?
2. ਜਰਮਨੀ ਵਿੱਚ ਧਰਮ-ਸੁਧਾਰ ਅੰਦੋਲਨ ਦੇ ਉਥਾਨ ਅਤੇ ਪ੍ਰਗਤੀ ਵਿੱਚ ਮਾਰਟਿਨ ਲੂਥਰ ਦੇ ਯੋਗਦਾਨ ਦੀ ਸਮੀਖਿਆ ਦਿਓ।
3. ਧਰਮ-ਸੁਧਾਰ ਅੰਦੋਲਨ ਦਾ ਯੂਰਪੀ ਸਮਾਜ ਅਤੇ ਰਾਜਨੀਤੀ ਉੱਤੇ ਕੀ ਪ੍ਰਭਾਵ ਪਿਆ?

ਪਾਠ ਨੰ: 1.3 ਪ੍ਰੋ : ਐਸ. ਐਮ. ਵਰਮਾ

# ਉਦਯੋਗਿਕ ਕ੍ਰਾਂਤੀ : ਕਾਰਨ ਅਤੇ ਪ੍ਰਭਾਵ

ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਜਿਹੜੀ ਇੰਗਲੈਂਡ ਵਿਚ ਅਠ੍ਹਾਰਵੀਂ ਸਦੀ ਦੇ ਦੂਜੇ ਅੱਧੇ ਅਤੇ ਉਨ੍ਹੀਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਆਈ, ਲਗਭਗ ਯੂਰਪ ਦੇ ਸਾਰੇ ਹੀ ਮਹੱਤਵਪੂਰਣ ਦੇਸ਼ਾਂ ਵਿਚ ਉਦਯੋਗਾਂ ਦਾ ਵਿਕਾਸ ਤਿੰਨ ਆਰਥਿਕ ਸਿਸਟਮ ਅਧੀਨ ਹੋਇਆ ਅਰਥਾਤ ਗਿਲਡ ਸਿਸਟਮ (Guild System), (ਇਕੋ ਕਿੱਤੇ ਦੇ ਲੋਕਾਂ ਦੀ ਬਰਾਦਰੀ) : ਬਦਲਣ ਪ੍ਰਣਾਲੀ (Putting out System) ਅਤੇ ਕੇਂਦਰੀ ਵਰਕਸ਼ਾਪ ਜਾਂ ਫੈਕਟਰੀ ਸਿਸਟਮ, ਫਰਾਂਸ, ਜਰਮਨੀ ਅਤੇ ਆਸਟਰੀਆਂ ਹੰਗਰੀ ਸਰਕਾਰਾਂ ਨੇ ਵਪਾਰ ਸੋਚਣੀ (Mercantilistic system) ਤੋਂ ਉਤਸ਼ਾਹਤ ਪ੍ਰਾਪਤ ਕਰਕੇ ਆਪਣੇ ਦੇਸ਼ਾਂ ਵਿਚ ਖੁਦ ਉਦਯੋਗਾਂ ਦੇ ਆਰੰਭ ਅਤੇ ਸੰਚਾਲਨ ਦੀਆਂ ਨੀਤੀਆਂ ਨੂੰ ਅਪਨਾਏ ਉਦਯੋਗਾਂ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਨੂੰ ਚੌਥਾਂ ਅਤੇ ਵੱਖਰਾ ਆਰਥਿਕ ਸਿਸਟਮ ਕਿਹਾ ਜਾ ਸਕਦਾ ਹੈ।

**ਗਿਲਡ ਸਿਸਟਮ** (Guild System)

ਮੱਧ ਕਾਲੀਨ ਯੁੱਗ ਵਿਚ ਕੁਝ ਪਿੰਡ ਜਿਨ੍ਹਾਂ ਨੂੰ ਬੰਦਰਗਾਹਾਂ, ਦਰਿਆਵਾਂ ਤੱਟ ਜਾਂ ਬਾਦਸ਼ਾਹਾਂ ਦੀ ਰਿਹਾਇਸ਼ੀ ਜਾਂ ਕੈਥਰਲਰਡ ਦੇ ਹੋਣ ਦਾ ਲਾਭ ਪ੍ਰਾਪਤ ਸੀ। ਵਸਣ ਲਈ ਵਧੇਰੇ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਉਥੇ ਤਜਾਰਤ ਅਤੇ ਸ਼ਿਲਪ ਨੂੰ ਵਧੇਰੇ ਸੁਰੱਖਿਅਤ ਹਾਸਿਲ ਸੀ। ਭਾਵੇਂ ਇਨ੍ਹਾਂ ਨੂੰ ਸ਼ਹਿਰ ਦਾ ਨਾਂ ਦੇ ਦਿੱਤਾ ਗਿਆ ਪਰ ਸ਼ੁਰੂ ਵਿਚ ਇਹ ਪਿੰਡ ਹੀ ਸਨ ਜੋ ਹੌਲੀ–ਹੌਲੀ ਆਬਾਦੀ ਦੇ ਵਧਣ ਨਾਲ ਸ਼ਹਿਰਾਂ ਦਾ ਰੂਪ ਧਾਰਣ ਕਰ ਗਏ।

ਪਹਿਲੇ ਪਹਿਲ ਵਪਾਰੀ ਲੋਕਾਂ ਨੂੰ ਆਪਣੇ ਆਪ ਸੰਗਠਿਤ ਕੀਤਾ ਹੈ ਬਾਅਦ ਵਿਚ ਵਪਾਰੀ ਗਿਲਡ ਅਖਵਾਏ। ਉਹਨਾਂ ਨੇ ਕਾਰਪੋਰੇਟ ਬਾਡੀਆਂ (Corporate bodies) ਬਣਾਉਣ ਦਾ ਮੁੱਖ ਉਦੇਸ਼ ਤਰਾਜਤ ਨੂੰ ਵਿਨਿਯਮਤ ਕਰਨਾ ਅਤੇ ਤਾਨਾਸ਼ਾਹਾਂ ਤੋਂ ਰੁਪਿਆ ਲੈ ਕੇ ਆਪਣੇ ਤਾਨਾਸ਼ਾਹੀ ਹੱਕ ਨੂੰ ਛੁਡਾਉਣਾ ਸੀ। ਸ਼ਹਿਰਾਂ ਨੇ ਆਪਣਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ। ਆਪਣੇ ਮੇਅਰ (Mayor) ਅਤੇ ਕੌਸਿਲਾਂ ਸਥਾਪਿਤ ਕਰ ਲਈਆਂ।

ਵੱਖ–ਵੱਖ ਕਿੱਤਿਆਂ ਵਾਲੇ ਸ਼ਿਲਪ ਗਿਲਡ (Draft Guild) ਵਪਾਰਕ ਗਿਲਡਾਂ ਨਾਲੋਂ ਬਾਅਦ ਵਿਚ ਆਏ ਸ਼ੁਰੂ ਵਿਚ ਨਿਪੁੰਨ ਸ਼ਿਲਪਕਾਰ ਅਤੇ ਵਰਕਰ ਦੋਵੇਂ ਹੀ ਇਨ੍ਹਾਂ ਦੇ ਮੈਂਬਰ ਸਨ, ਹੌਲੀ–ਹੌਲੀ ਦੋਵਾਂ ਵਿਚਲਾ ਪਾੜਾ ਵਧਦਾ ਗਿਆ ਅਤੇ ਦੂਜਿਆਂ ਨੇ ਆਪਣੇ ਆਪ ਨੂੰ 'ਜਰਨੀਮੈਨ ਗਿਲਡ' (Journeymen Guild) ਦੇ ਤੌਰ ਤੇ ਸੰਗਠਿਤ ਕੀਤਾ ਉਨ੍ਹਾਂ ਦੀ ਵੱਡੀ ਸ਼ਿਕਾਇਤ ਇਹ ਸੀ ਕਿ ਉਨ੍ਹਾਂ ਨੂੰ ਇਕ ਸੁਤੰਤਰ ਨਿਪੁੰਨ ਸ਼ਿਲਪਕਾਰ ਸਥਾਪਿਤ ਹੋਣ ਦੀ ਆਗਿਆ ਨਹੀਂ ਸੀ ਅਤੇ ਉਨ੍ਹਾਂ ਵਿਚੋ ਬਹੁਤ ਸਾਰਾ ਜੀਵਨ ਜਰਨੀਮੈਨ ਹੀ ਰਹਿੰਦੇ ਸਨ।

ਗਿਲਡ ਦਾ ਉਦੇਸ਼ ਵਧੀਆਂ ਕੁਆਲਟੀ ਦੀਆਂ ਵਸਤਾਂ ਦੀ ਤਿਆਰੀ ਕਰਨਾ ਨਹੀਂ ਸੀ ਸਗੋਂ ਵਸਤਾਂ ਦੀਆਂ ਵਾਜ਼ਬ ਕੀਮਤਾਂ ਵੀ ਲਾਗੂ ਕਰਨਾ ਸੀ। ਇਸ ਲਈ ਵਾਜ਼ਬ ਕੀਮਤਾਂ ਦੇ ਆਦਰਸ਼ ਨੇ ਗਿਲਡਨ ਤੇ ਨਾ ਕੇਵਲ ਸ਼ਿਲਪਕਾਰਾਂ ਦੇ ਹੀ ਸਗੋਂ ਖਪਤਕਾਰਾਂ ਦੇ ਵੀ ਹਿੱਤਾ ਦੀ ਸੁਰੱਖਿਆ ਤੇ ਵੀ ਪਾਬੰਦੀ ਲਾ ਦਿੱਤੀ। ਸ਼ਿਲਪਕਾਰਾਂ ਨੂੰ ਨਿਕੰਮੇ ਕੰਮ ਕਰਕੇ ਜਾਂ ਬੇਈਮਾਨੀ ਵਾਲੇ ਤਰੀਕਿਆਂ ਕਰਕੇ ਮਸਾਲੀ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਉਨ੍ਹਾਂ ਦਿਨਾਂ ਵਿਚ ਆਰਥਿਕ, ਸਮਾਜਿਕ ਅਤੇ ਧਾਰਮਿਕ ਜੀਵਨ ਇਕ ਦੂਜੇ ਵਿਚ ਘੁਲ ਗਿਆ ਸੀ।

ਗਿਲਡ ਪ੍ਰਸਪਰ ਸਹਾਇਤਾ ਸਭਾਵਾਂ ਤੇ ਕੰਮ ਕਰਦਾ ਸੀ ਅਤੇ ਉਸ ਨੇ ਬਜ਼ੁਰਗ ਅਤੇ ਬਿਮਾਰ ਸ਼ਿਲਪਕਾਰਾਂ ਦੇ

ਇਲਾਜ ਲਈ ਵੀ ਪ੍ਰਬੰਧ ਕੀਤਾ। ਉਨ੍ਹਾਂ ਨੇ ਸਿਖਲਾਈ ਦੇ ਮਿਆਰ ਵੀ ਨਿਰਧਾਰਤ ਕੀਤੇ। ਇਕ ਨਿਪੁੰਨ ਸ਼ਿਲਪਕਾਰ ਦੇ ਤੌਰ ਤੇ ਨਾ ਦਰਜ ਕਰਵਾਉਣ ਤੋਂ ਪਹਿਲਾਂ ਕਿਸੇ ਵਿਅਕਤੀ ਨੂੰ ਆਮ ਕਰਕੇ 7 ਸਾਲ ਤੱਕ ਸਿਖਿਆਰਥੀ ਦੇ ਤੌਰ ਤੇ ਜਰਨੀਮੈਨ ਦੇ ਤੌਰ ਤੇ ਵੀ ਕੰਮ ਕਰਨਾ ਪੈਂਦਾ ਸੀ।

ਸ਼ਿਲਪ ਗਿਲਡ ਆਪ ਸਹੂਲਤਾਂ ਜਿਵੇਂ ਰੰਗ ਕਟਾਈ ਅਤੇ ਰੰਗਾਈ ਅਤੇ ਵੂਲਨ ਟੈਕਸਟਾਈਲ ਉਦਯੋਗ ਦੀਆਂ ਵੀ ਸਹੂਲਤਾਂ ਪ੍ਰਦਾਨ ਕਰਦਾ ਸੀ। ਗਿਲਡ ਨੇ ਵਸਤਾਂ ਦੇ ਮਾਰਕ ਚਾਲੂ ਕੀਤੇ ਜਿਨ੍ਹਾਂ ਤੋਂ ਵਸਤਾਂ ਦੇ ਬਣਨ ਦਾ ਸਮਾਂ ਪਤਾ ਲੱਗਦਾ ਸੀ ਅਤੇ ਉਨ੍ਹਾਂ ਦੇ ਮਿਆਰ ਦੀ ਵੀ ਗਰੰਟੀ ਦਿੰਦੇ ਸਨ। ਸੈਫੀਲਡ (England) ਦੇ ਕਟਰਾਂ ਅਤੇ ਸੰਲਿਨਸਨ (Solingen) ਜਰਮਨੀ ਦੇ ਟਰੇਡਮਾਰਕ ਸਾਰੇ ਯੂਰਪ ਵਿਚ ਪ੍ਰਸਿੱਧ ਹਨ। ਗਿਲਡ ਅਧੀਨ ਦਸਤਕਾਰੀ ਆਰਥਿਕਤਾ ਵਧੇਰੇ ਉਤਪਾਦਨ ਅਤੇ ਖਪਤਕਾਰ ਦੇ ਸਿੱਧੇ ਸੰਪਰਕਾਂ ਤੇ ਆਧਾਰਤ ਸੀ। ਉਸਾਰੀ ਸਭਾਵਾਂ ਨੇ ਗਿਰਜਾ ਘਰ ਉੱਘੇ, ਸਥਾਨਾਂ ਅਤੇ ਹਸਪਤਾਲਾਂ ਦੀਆਂ ਇਮਾਰਤਾਂ ਬਣਾਉਣ ਦਾ ਕੰਮ ਆਪਣੇ ਹੱਥ ਲਿਆ।

ਗਿਲਡ ਸਿਸਟਮ ਸੋਲ੍ਹਵੀਂ ਅਤੇ ਸਤਾਰਵੀਂ ਸਦੀਆਂ ਵਿਚ ਆਪਣੀ ਸਿਖਰ ਨੂੰ ਛੂਹ ਗਿਆ। ਫੇਰ ਅਧੋਗਤੀ ਦਾ ਲੰਬਾ ਸਮਾਂ ਸ਼ੁਰੂ ਹੋਇਆ, ਗਿਲਡ ਬੰਦ ਸੰਸਥਾਵਾਂ ਦੀ ਤਰ੍ਹਾਂ ਹੋ ਗਏ ਅਤੇ ਇਨ੍ਹਾਂ ਵਿਚ ਆਪਸੀ ਖਿਚੋਤਾਣ ਵਧਦੀ ਗਈ ਉਨ੍ਹਾਂ ਨੇ ਪਾਬੰਦੀਆਂ ਲਾ ਦਿੱਤੀਆਂ। ਸਤਾਰ੍ਹਵੀ ਅਤੇ ਅਠਾਰ੍ਹਵੀ ਸਦੀ ਵਿਚ ਇੰਗਲੈਂਡ, ਫਰਾਂਸ, ਅਸਟ੍ਰੇਲੀਆ ਅਤੇ ਜਰਮਨੀ ਵਿਚ ਉਨ੍ਹਾਂ ਦੇ ਹੱਕ ਅਤੇ ਕਰਤੱਵ ਨਿਯਮਬੱਧ ਬਣਾ ਦਿੱਤੇ ਗਏ। ਸਮੇਂ-ਸਮੇਂ ਰਾਜਾਂ ਨੇ ਗਿਲਡਾਂ ਦੇ ਮਾਮਲਿਆਂ ਨੂੰ ਵਿਨਿਯਮਤ ਕਰਨ, ਉਜਰਤਾਂ ਅਤੇ ਕੀਮਤਾਂ ਆਦਿ ਨੂੰ ਰਾਸ਼ਟਰੀ ਪੱਧਰ ਤੇ ਨਿਸ਼ਚਿਤ ਕਰਨ ਵਿਚ ਦਖਲ-ਅੰਦਾਜ਼ੀ ਕੀਤੀ।

ਗਿਲਡ ਉਦਯੋਗ ਲਈ ਲਾਭਦਾਇਕ ਸਿੱਧ ਹੋਣ ਦੀ ਬਜਾਏ ਭਵਿੱਖ ਦੀ ਪ੍ਰਗਤੀ ਵਿਚ ਇਕ ਰੁਕਾਵਟ ਬਣ ਗਏ। ਉਨ੍ਹਾਂ ਨੇ ਨਵੀਨ ਕਾਢਾਂ ਦਾ ਵਿਰੋਧ ਕੀਤਾ। ਉਦਯੋਗਿਕ ਪ੍ਰਗਤੀ ਦਾ ਇਕ ਵੱਡਾ ਕਾਰਣ ਇਹ ਵੀ ਸੀ ਕਿ ਉਥੇ ਉਨ੍ਹਾਂ ਨੇ ਰਾਸ਼ਟਰੀ ਪ੍ਰਗਤੀ ਵਿਚ ਰੁਕਾਵਟ ਪੈਦਾ ਕੀਤੀ। ਇੰਗਲੈਂਡ ਵਿਚ ਉਦਯੋਗਿਕ ਪ੍ਰਗਤੀ ਦਾ ਇਕ ਵੱਡਾ ਕਾਰਣ ਇਹ ਵੀ ਸੀ ਕਿ ਉਥੇ ਇਹ ਸਿਸਟਮ ਖ਼ਤਮ ਹੋ ਚੁੱਕਾ ਸੀ। ਜਰਮਨੀ ਅਸਟ੍ਰੇਲੀਆ ਅਤੇ ਸਪੇਨ ਵਿਚ ਗਿਲਡ ਮਸ਼ੀਨੀ ਉਦਯੋਗ ਨਾਲ-ਨਾਲ ਚਲਦੇ ਰਹੇ। ਉਨ੍ਹਾਂ ਨੇ ਬਹੁਤ ਸਾਰੀਆਂ ਨਵੀਆਂ ਸਮੱਸਿਆਵਾਂ ਉਤਪੰਨ ਕੀਤੀਆਂ ਜਿਨ੍ਹਾਂ ਕਾਰਨ ਮੱਧ ਸ਼੍ਰੇਣੀ ਨੂੰ ਨਵੀਂ ਉਦਯੋਗਿਕ ਵਿਵਸਥਾ ਲਈ ਵਿਧਾਨਿਕ ਸਹਾਇਤਾ ਲੈਣੀ ਪਈ।

## ਬਾਦਲਣ ਪ੍ਰਣਾਲੀ ਜਾਂ ਵਪਾਰੀ ਸਰਮਾਇਆਦਾਰ

(The putting out System or the merchant Capitalist):

ਅਜੇ ਗਿਲਡ ਸਿਸਟਮ ਵੱਧ ਫੁੱਲ ਹੀ ਰਿਹਾ ਸੀ ਕਿ ਉਦਯੋਗ ਵਿਚ ਇਕ ਹੋਰ ਆਰਥਿਕ-ਸਿਸਟਮ ਹੋਂਦ ਵਿਚ ਆਇਆ। ਵਪਾਰੀ ਸਰਮਾਏਦਾਰ ਵੀ ਮੁਕਾਬਲੇ ਲਈ ਮੈਦਾਨ ਵਿਚ ਆਇਆ। ਉਹ ਥੋਕ ਕੱਚਾ ਮਾਲ ਖਰੀਦ ਕੇ ਉਸ ਛੋਟੇ-ਛੋਟੇ ਭਾਗਾਂ ਵਿਚ ਸ਼ਿਲਪਕਾਰਾਂ ਨੂੰ ਵਸਤਾਂ ਤਿਆਰ ਕਰਨ ਲਈ ਦਿੰਦਾ ਸੀ। ਸ਼ਿਲਪਕਾਰ ਆਪਣੇ ਘਰਾਂ ਵਿਚ ਆਪਣੇ-ਆਪਣੇ ਔਜ਼ਾਰਾਂ ਨਾਲ ਵਸਤਾਂ ਤਿਆਰ ਕਰਦੇ ਰਹੇ ਪਰ ਨਾ ਤਾਂ ਉਹ ਕੱਚੇ ਮਾਲ ਦੇ ਅਤੇ ਨਾ ਹੀ ਤਿਆਰ ਮਾਲ ਦੇ ਮਾਲਕ ਹੁੰਦੇ ਸਨ। ਤਿਆਰ ਮਾਲ ਸਰਮਾਏਦਾਰ ਦਾ ਹੁੰਦਾ ਸੀ ਜਿਹੜਾ ਦੇਸ਼ ਅੰਦਰ ਜਾਂ ਦੇਸ਼ ਤੋਂ ਬਾਹਰ ਉਸ ਨੂੰ ਵੇਚਣ ਦਾ ਪ੍ਰਬੰਧ ਕਰਦਾ ਸੀ।

ਸਮਾਂ ਬੀਤਣ ਤੇ ਵਪਾਰੀ ਸਰਮਾਏਦਾਰ ਨੇ ਸ਼ਿਲਪਕਾਰ ਨੂੰ ਔਜ਼ਾਰ ਜਾਂ ਤਾਂ ਆਪ ਮੁਹੱਈਆ ਕਰਨੇ ਆਰੰਭ ਕਰ ਦਿੱਤੇ ਜਾਂ ਉਨ੍ਹਾਂ ਨੂੰ ਸਥਾਨ ਮੁਹੱਈਆਂ ਕੀਤੇ ਜਿਨ੍ਹਾਂ ਦੁਆਰਾ ਉਹ ਔਜ਼ਾਰ ਖਰੀਦਣ ਦੇ ਯੋਗ ਹੋ ਸਕਣ। ਉਸ ਨੇ ਵਰਕਰਾਂ ਨੂੰ ਮਸ਼ਵਰਾ ਤੇ ਅਗਵਾਈ ਦੇਣੀ ਆਰੰਭ ਕਰ ਦਿੱਤੀ। ਇਹ ਸਿਸਟਮ ਲਗਭਗ 2000 ਈਸਵੀ ਵਿਚ ਹੋਂਦ ਵਿਚ ਆਇਆ। ਇਹ ਸਿਸਟਮ ਇਟਲੀ ਵਿਚ ਕੱਪੜਾ ਉਦਯੋਗ ਵਿਚ ਆਰੰਭ ਹੋਇਆ। ਇਹ ਸਿਸਟਮ ਰੇਸ਼ਮੀ ਕੱਪੜੇ ਤੱਕ ਹੀ ਸੀਮਿਤ ਨਹੀਂ ਰਿਹਾ। ਹੌਲੀ-ਹੌਲੀ ਇਹ ਲੋਹਾ ਉਦਯੋਗ, ਪੁਸਤਕ ਪ੍ਰਕਾਸ਼ਨ ਅਤੇ ਕਾਗਜ਼ ਉਦਯੋਗ ਵਿਚ ਵੀ ਪ੍ਰਚੱਲਤ ਹੋ ਗਿਆ।

ਸਰਮਾਏਦਾਰ ਵਪਾਰੀ ਇਸ ਸਾਰੇ ਕਾਰੋਬਾਰ ਦਾ ਕੇਂਦਰ ਬਿੰਦੂ ਸੀ। ਉਹ ਚਲ ਅਤੇ ਅਚਲ ਪੂੰਜੀ ਮੁਹੱਈਆਂ ਕਰਕੇ ਉਤਪਾਦਕਾਂ ਨੂੰ ਹਰਕਤ ਵਿਚ ਲਿਆਉਂਦਾ ਸੀ। ਉਦਾਹਰਣ ਵਜੋਂ ਬਰਤਾਨਵੀ ਊਨੀ ਉਦਯੋਗ ਵਿਚ ਵਪਾਰੀ ਸਰਮਾਏ ਦਾਰ ਪਸ਼ਮ ਖਰੀਦ ਕੇ ਉਸ ਦੀ ਕਤਾਈ, ਉਨਾਈ, ਰੰਗਾਈ ਅਤੇ ਉਸ ਦੀ ਫਿਨਿਸ਼ਿੰਗ ਆਦਿ ਲਈ ਰਕਮ ਅਦਾ ਕਰਦਾ ਸੀ। ਉਹ ਸ਼ੁਰੂ ਤੋਂ ਅੰਤ ਤੱਕ ਤਿਆਰ ਕੀਤੇ ਸਾਰੇ ਕੱਪੜੇ ਦਾ ਆਪ ਮਾਲਕ ਹੁੰਦਾ ਸੀ ਅਤੇ ਕੱਪੜੇ ਤਿਆਰ ਕਰਨ ਸਬੰਧੀ ਵੱਖ-ਵੱਖ ਕਾਰਜਾਂ ਲਈ ਬਹੁਤ ਸਾਰੇ ਵਰਕਰ ਲਾਉਂਦਾ ਸੀ।

ਗਿਲਡ ਸਿਸਟਮ ਤੋਂ ਵਪਾਰੀ ਸਰਮਇਆਦਾਰੀ ਤੱਕ ਤਬਦੀਲੀ ਹੌਲੀ-ਹੌਲੀ ਵਾਪਰੀ। ਜੇਕਰ ਫਲੋਰੈਂਸ (ਇਟਲੀ) ਵਿਚ ਪਸ਼ਮ ਉਦਯੋਗ ਵਿਚ ਵਪਾਰੀ ਸਰਮਾਇਆਦਾਰੀ ਸੀ ਤਾਂ ਲਾਈਨਜ (ਫਰਾਂਸ) ਵਿਚ ਰੇਸ਼ਮ ਉਦਯੋਗ ਲਈ ਵਿਵਸਥਾਮਿਕ ਸਨ। ਯਾਰਕਸ਼ਾਇਰ (ਇੰਗਲੈਂਡ) ਵਿਚ ਪਸ਼ਮ ਉਦਯੋਗ ਦਾ ਪ੍ਰਬੰਧ ਵੀ ਇਸੇ ਤਰ੍ਹਾਂ ਕੀਤਾ ਜਾਂਦਾ ਸੀ। ਇਸ ਦੀ ਵਧੀਆ ਉਦਾਹਰਣ ਜਰਮਨੀ ਦਾ ਫੁਗਰ (Fugger) ਪਰਿਵਾਰ ਸੀ। ਸਭ ਤੋਂ ਪਹਿਲਾਂ ਫੁਗਰ ਜਿਹੜਾ ਇਕ ਬੁਨਕਰ ਸੀ, ਲਗਭਗ 1380 ਵਿਚ ਅਗਸਵਰਗ ਵਿਚ ਆਬਾਦ ਹੋਇਆ। ਉਸ ਦਾ ਪੋਤਾ ਜਕੋਬਾ ਫੁਗਰ (Jokob Fugger) ਤਾਂਬੇ, ਚਾਂਦੀ ਅਤੇ ਹੋਰ ਧਾਤਾਂ ਦਾ ਥੋਕ ਵਪਾਰੀ ਸੀ। ਇਸੇ ਤਰ੍ਹਾਂ ਕਈ ਰਾਜੇ ਅਤੇ ਰਾਜਕੁਮਾਰ ਵੀ ਵਪਾਰੀ ਸਰਮਾਇਦਾਰ ਸਨ।

ਵਪਾਰੀ ਪ੍ਰਣਾਲੀ ਦੀਆਂ ਕਈ ਭਿੰਨਤਾਵਾਂ ਸਨ, ਖਾਣਾਂ ਵਿਚ ਸਰਮਾਇਦਾਰ ਖਾਣਾਂ ਵਿਚ ਖੁਦਾਈ ਕਰਨ ਵਾਲਿਆਂ ਨੂੰ ਸਰਮਾਇਆਂ ਮੁਹੱਈਆਂ ਕਰਦਾ ਸੀ ਅਤੇ ਫੇਰ ਵਿਕਰੀ ਸਤਰ ਤੇ ਧਿਆਨ ਦਿੰਦਾ ਉਦਯੋਗ ਨੂੰ ਹਰ ਪੱਧਰ ਤੇ ਸਰਮਾਇਆ ਮੁਹੱਈਆਂ ਕਰਨ ਜਿਵੇਂ ਕਿ ਯਾਰਕਸ਼ਾਇਕਰ (ਇੰਗਲੈਂਡ) ਵਿਚ ਪਸ਼ਮ (Wool) ਉਦਯੋਗ ਦੀ ਸੂਰਤ ਵਿਚ ਕੀਤਾ ਜਾਂਦਾ ਸੀ। ਇਸ ਪ੍ਰਣਾਲੀ ਵਿਚ ਸਰਮਾਇਆਦਾਰ ਅਤੇ ਸ਼ਿਲਪਕਾਰ ਦੋਵੇਂ ਪੱਧਰਾਂ ਤੇ ਤਰੁੱਟੀਆਂ ਸਨ। ਵਪਾਰੀ ਨੂੰ ਇਨ੍ਹਾਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਸੀ ਜਿਵੇਂ ਕਿ ਵਰਕਰ ਸ਼ਰਾਬ ਨਾ ਪੀਣ, ਸੁਸਤ ਨਾ ਹੋ ਜਾਣ ਜਾਂ ਉਹ ਕੰਮ ਵਿਚ ਪੱਛੜ ਨਾ ਜਾਣ ਜਾਂ ਕੰਮ ਛੱਡ ਕੇ ਚਲੇ ਜਾਣਾ ਵਰਕਰ ਲਈ ਇਹ ਪ੍ਰਣਾਲੀ ਆਰਥਿਕ ਗੁਲਾਮੀ ਸਮਾਜ ਸੀ।

ਉਕਤ ਸਿਸਟਮ ਉਦੋਂ ਤੱਕ ਕਾਮਯਾਬ ਸੀ ਜਦੋਂ ਤੱਕ ਵਰਕਰ ਆਪਣੇ ਘਰਾਂ ਵਿਚ ਕੰਮ ਕਰਦੇ ਸਨ ਅਤੇ ਮਾਲਕ ਅਤੇ ਵਰਕਰਾਂ ਵਿਚ ਨਿੱਜੀ ਸੰਪਰਕ ਸੀ। ਜਦੋਂ ਸੰਪਰਕ ਠੀਕ ਨਾਂ ਰਿਹਾ ਤਾਂ ਇਹ ਸਿਸਟਮ ਵੀ ਕਮਜ਼ੋਰ ਹੋ ਗਿਆ। ਪਰ ਇਹ ਸਿਸਟਮ ਵੱਖ-ਵੱਖ ਕਾਰਜਾਂ ਵਿਚ ਮਜ਼ਦੂਰਾਂ ਦੀ ਵੰਡ ਨੂੰ ਚਾਲੂ ਕਰਨ ਲਈ ਜ਼ਿੰਮੇਵਾਰ ਸੀ। ਪਰ ਇਸ ਦਾ ਸਭ ਤੋਂ ਵੱਡਾ ਲਾਭ ਇਹ ਸੀ ਕਿ ਇਸ ਨੇ ਵਰਕਰਾਂ ਨੂੰ ਆਪਣੇ ਘਰਾਂ ਵਿਚ ਆਪਣੇ ਕਰੀਬੀਆਂ ਨਾਲ ਰਲ ਕੇ ਕੰਮ ਕਰਨ ਦਾ ਮੌਕਾ ਮੁਹੱਈਆਂ ਕੀਤਾ। ਉਹ ਜਦੋਂ ਚਾਹੁੰਦਾ ਆਰਾਮ ਕਰਦਾ ਸੀ। ਉਦਯੋਗ ਦਾ ਅਨੁਸ਼ਾਸਨ ਅਤੇ ਉਜਰਤ ਗੁਲਾਮੀ (Wage Slaving) ਦਾ ਸਮਾਂ ਅਜੇ ਨਹੀਂ ਸੀ ਆਇਆ।

**ਕੇਂਦਰੀ ਵਰਕਸ਼ਾਪ (The Central Workshop)**

ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵੀ ਵੱਡੇ ਪੈਮਾਨੇ ਦੇ ਉਦਯੋਗਾਂ ਦੀ ਬਿਲਕੁਲ ਅਣਹੋਂਦ ਨਹੀਂ ਸੀ ਜੋ ਵਿਕੋਮਬ (John Wicomb) ਜਿਹੜੇ ਸੋਲ੍ਹਵੀਂ ਸਦੀ ਦਾ ਸਭ ਤੋਂ ਵੱਡਾ ਕੱਪੜੇ ਦਾ ਨਿਰਮਾਤਾ ਸੀ, ਨੇ ਆਪਣੀ ਫੈਕਟਰੀਆਂ ਵਿਚ 200 ਵਰਕਰ ਨਿਯੁਕਤ ਕੀਤੇ ਸਨ, ਇਨ੍ਹਾਂ ਵਿਚੋਂ ਹਰ ਇਕ ਦੇ 205 ਪੇਂਜੇ (Cardere) 200 ਕੱਟਣ ਵਾਲੀਆਂ ਲੜਕੀਆਂ 150 ਬੱਚੇ ਸਾਰਟਰ (Sorters) 50 ਪੂਣੀ ਵੱਟਣ ਵਾਲੇ, ਰੰਗਾਈ ਘਰ ਵਿਚ 40 ਰੰਗ ਦੇਣ ਵਾਲੇ ਅਤੇ ਮਿਲ ਵਿਚ 20 ਨਿਗਰਾਨ ਸਨ। ਅਠਾਰ੍ਹਵੀਂ ਸਦੀ ਵਿਚ ਫਰਾਂਸ ਵਿਚ ਵੀ ਵੱਡੇ ਪੈਮਾਨੇ ਦੇ ਨਿਰਮਾਤਾਵਾਂ ਦੀਆਂ ਉਦਾਹਰਣਾ ਮਿਲਦੀਆਂ ਹਨ। ਲਿੰਜ਼ (Linz) ਵਿਚ ਆਸਟਰੀਆਂ ਦੀ ਵੂਲ (Wool) ਫੈਕਟਰੀ ਵਿਚ 25,300 ਤੋਂ ਵੱਧ ਵਰਕਰ ਕੰਮ ਕਰਦੇ ਸਨ, ਉਨ੍ਹਾਂ ਵਿਚ ਬਹੁਤ ਘਰੇਲੂ ਕਾਮੇ ਸਨ ਪ੍ਰੰਤੂ ਕਾਰਖਾਨੇ ਵਿਚ ਵੀ ਇਕ ਹਜ਼ਾਰ ਤੋਂ ਘੱਟ ਵਰਕਰ ਨਹੀਂ ਸੀ। ਖੰਡ ਉਦਯੋਗ, ਸ਼ਰਾਬ ਕਸ਼ੀਦ ਕਰਨ ਵਾਲੇ ਕਾਰਖਾਨੇ, ਡਿਸਟਲਰੀਆਂ, ਸਾਬਣ ਫੈਕਟਰੀਆਂ ਆਦਿ ਵਿਚ ਵੀ ਵੱਡੇ ਪੈਮਾਨੇ ਦੇ ਯੂਨਿਟ ਮਿਲਦੇ ਸਨ। ਇਮਾਰਤੀ ਉਸਾਰੀ ਕਰਨ

ਵਾਲਿਆਂ ਨੇ ਫਰਾਂਸ ਅਤੇ ਪਰਸ਼ੀਆਂ ਵਿਚ ਉਸਾਰੀ ਦਾ ਕੰਮ ਕਰਵਾਇਆ। ਜਹਾਜ਼ ਗੱਡੀਆਂ, ਆਰਾਮ ਦਾ ਸਮਾਨ ਵੀ ਵੱਡੇ-ਵੱਡੇ ਅਦਾਰਿਆਂ ਵਿਚ ਤਿਆਰ ਹੁੰਦਾ ਸੀ।

ਮਾਲਕ ਕਈ ਵਰਕਰਾਂ ਨੂੰ ਫੈਕਟਰੀਆਂ ਅਤੇ ਵਰਕਸ਼ਾਪਾਂ ਵਿਚ ਆ ਕੇ ਕੰਮ ਕਰਨ ਲਈ ਮਜ਼ਬੂਰ ਕਰਦੇ ਸਨ ਕਿਉਂਕਿ ਪਹਿਲੇ ਦੋਵੇਂ ਸਿਸਟਮਾਂ ਵਿਚ ਸਮੇਂ ਸਿਰ ਮਾਲ ਦੀ ਸਪਲਾਈ ਯਕੀਨੀ ਸੀ। ਕੇਂਦਰੀ ਵਰਕਸ਼ਾਪ ਵਿਚ ਕੰਮ ਦੇ ਸ਼ਡਿਊਲ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਜਾ ਸਕਦਾ ਸੀ। ਇਸ ਤੋਂ ਇਲਾਵਾ ਗ਼ੈਰ ਦਿਆਨਤਦਾਰ ਵਰਕਰਾਂ ਵਲੋਂ ਤਿਆਰ ਕੀਤੇ ਮਾਲ ਦੀ ਬਜਾਏ ਚੰਗਾ ਮਾਲ ਨਹੀਂ ਸੀ ਬਦਲਿਆ ਜਾ ਸਕਦਾ। ਕੱਚੇ ਮਾਲ ਦੇ ਖ਼ਰਾਬ ਹੋਣ ਨੂੰ ਰੋਕਿਆ ਜਾ ਸਕਦਾ ਸੀ। ਉਤਪਾਦਨ ਲਈ ਉੱਚੇ ਮਿਆਰ ਨਿਸ਼ਚਿਤ ਕੀਤੇ ਜਾ ਸਕਦੇ ਸਨ।

ਵੱਡੇ ਪੈਮਾਨੇ ਦੇ ਉਦਯੋਗਾਂ ਲਈ ਵਧੇਰੇ ਸਰਮਾਏ ਦੀ ਲੋੜ ਸੀ। ਵਰਕਰਾਂ ਨੂੰ ਕਾਫੀ ਤਜਰਬੇ ਨਾਲ ਆਪਣੇ ਕਾਰਜਾਂ ਵਿਚ ਕੁਸ਼ਲ ਬਣਾਉਣਾ ਪੈਂਦਾ ਸੀ। ਉਹ ਵਰਕਰ ਜਿਨ੍ਹਾਂ ਨੂੰ ਆਪਣੇ ਘਰਾਂ ਵਿਚ ਕੰਮ ਕਰਨ ਦੀ ਆਦਤ ਪੈ ਚੁੱਕੀ ਸੀ ਉਹ ਆਮ ਕਰਕੇ ਇਨ੍ਹਾਂ ਆਰੰਭਕ ਕਾਰਖਾਨਿਆਂ ਵਿਚ ਉਤਸੁਕ ਨਹੀਂ ਸਨ ਜਦੋਂ ਤੱਕ ਕਿ ਉਹ ਅਤੀ ਲੋੜ ਕਾਰਨ ਮਜ਼ਬੂਰ ਨਹੀਂ ਸਨ ਹੋ ਜਾਂਦੇ ਜਾਂ ਉਨ੍ਹਾਂ ਨੂੰ ਉਤਸ਼ਾਹਿਤ ਉਜਰਤਾਂ ਨਹੀਂ ਸਨ ਮਿਲਦੀਆਂ। ਐਪਰ ਅਜਿਹੇ ਅਦਾਰੇ ਬਹੁਤੇ ਨਹੀਂ ਹੁੰਦੇ, ਉਦਯੋਗਿਕ ਕ੍ਰਾਂਤੀ ਦੇ ਆਉਣ ਤੱਕ ਇਹ ਹਾਲਤ ਚਲਦੀ ਰਹੀ।

## ਰਾਜ ਵਲੋਂ ਉਦਯੋਗਾਂ ਦੀ ਹੌਸਲਾ ਅਫਜ਼ਾਈ (State Encouragement of Industries)

ਕੋਲਬਰਟ (Colbert) ਲੂਈ ਚੌਧਵਾਂ ਅਧੀਨ ਪ੍ਰਸਿੱਧ ਵਿੱਤ ਮੰਤਰੀ ਸੀ। ਉਹ ਵਪਾਰਕ ਵਿਚਾਰਧਾਰਾ ਜੋ ਉਸ ਸਮੇਂ ਦੀ ਸਭ ਤੋਂ ਵਧੇਰੇ ਪ੍ਰਬਲ ਆਰਥਿਕ ਵਿਚਾਰਧਾਰਾ ਸੀ, ਜੋ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਆਪਣੇ ਲਈ ਇਹ ਟੀਚਾ ਨਿਸ਼ਚਿਤ ਕਰ ਲਿਆ ਕਿ ਸਰਕਾਰ ਆਪਣੇ ਸਾਰੇ ਵਸੀਲਿਆਂ ਨਾਲ ਫਰਾਂਸ ਲਈ ਧਨ ਪੈਦਾ ਕਰੇਗੀ। ਉਸ ਨੇ ਕੰਮ ਦੀ ਬਿਹਤਰੀ ਲਈ ਜ਼ਰੂਰੀ ਵਸਤਾਂ ਦੇ ਬਾਹਰੋਂ ਆਉਣ ਤੇ ਭਾਰੀ ਕਰ ਲਾ ਦਿੱਤਾ ਤਾਂ ਜੋ ਦੇਸ਼ ਵਿਚ ਬਣੀਆਂ ਵਸਤਾਂ ਦੀ ਖਪਤ ਵਿਚ ਰੁਕਾਵਟ ਨਾ ਆਵੇ। ਉਸ ਨੇ ਹਰ ਪ੍ਰਕਾਰ ਦੇ ਨਿਰਮਾਤਾਵਾਂ ਦੀ ਹੌਸਲਾ ਅਫਜ਼ਾਈ ਕੀਤੀ। ਉਸ ਦੀ ਦੇਖ-ਰੇਖ ਵਿਚ ਬਹੁਤ ਸਾਰੀਆਂ ਫਰਾਂਸ ਵਿਚ ਬਣੀਆਂ ਵਸਤਾਂ ਜਗਤ ਪ੍ਰਸਿੱਧ ਹੋ ਗਈਆਂ। ਉਸ ਨੇ ਸਰਕਾਰ ਵਲੋਂ ਵਣ-ਉਪਜ ਦਾ ਪ੍ਰਬੰਧ ਕੀਤਾ, ਘੋੜਿਆਂ ਲਈ ਅਸਤਬਲ ਬਣਵਾਏ ਅਤੇ ਸਰਕਾਰੀ ਤੌਰ ਤੇ ਉਦਯੋਗਿਕ ਅਤੇ ਵਪਾਰਕ ਅਦਾਰਿਆਂ ਦੀ ਸਥਾਪਨਾਂ ਨੂੰ ਅਮਲੀ ਰੂਪ ਦਿੱਤਾ। ਉਸ ਨੇ ਜਹਾਜ਼ਾਂ ਦੇ ਨਿਰਮਾਣ ਨਾਲ ਵੀ ਦੇਸ਼ ਨੂੰ ਸ਼ਕਤੀਸ਼ਾਲੀ ਬਣਾਇਆ।

ਪ੍ਰੰਤੂ ਵਪਾਰਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਬਣਾਏ ਵਿਨਿਯਮਾਂ ਨੇ ਅੰਤ ਨੂੰ ਨਵੇਂ ਉਦਯੋਗਿਕ ਉਦੇਸ਼ਾਂ ਦੇ ਰਾਹ ਵਿਚ ਰੋੜਾ ਅਟਕਾਇਆ ਅਤੇ 'ਕੋਲਬਰਟਵਾਦ' (Colbertism) ਦੀ ਗਤੀ ਆਪਣੇ ਨਿਰਮਾਤਾ ਦੇ ਜੀਵਨ ਨਾਲ ਵੀ ਬਹੁਤ ਧੀਮੀ ਪੈ ਗਈ।

ਅਸਟਰੀਆਂ ਦੇ ਸਮਾਰਟ ਜੌਸਿਫ ਦੂਜਾ ਵਲੋਂ 1781 ਤੋਂ ਮਗਰੋਂ ਆਪਦੇ ਸਮਰਾਜ ਵਿਚ ਫਰਾਂਸ ਦੀਆਂ ਲੀਹਾਂ ਤੇ ਕੀਤਾ ਜਾਣ ਵਾਲਾ ਉਦਯੋਗਿਕ ਵਿਕਾਸ ਨਿਰਾਸ਼ਾਜਨਕ ਹਾਲਤ ਵਿਚ ਖ਼ਤਮ ਹੋ ਗਿਆ। ਰਾਜ ਦੁਆਰਾ ਚਲਾਏ ਜਾ ਰਹੇ ਉਦਯੋਗ ਸਫ਼ਲ ਨਾ ਹੋ ਸਕੇ। ਇਹ ਤਜ਼ਰਬਾ ਸਮੇਂ ਤੋਂ ਪਹਿਲਾਂ ਕੀਤਾ ਗਿਆ ਸੀ ਇਸ ਲਈ ਸਮੇਂ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਅਸਫਲ ਹੋ ਗਿਆ।

## ਉਦਯੋਗਿਕ ਕ੍ਰਾਂਤੀ (The Industry Revolution)

ਉਦਯੋਗਿਕ ਕ੍ਰਾਂਤੀ ਇੰਗਲੈਂਡ ਵਿਚ ਲਗਭਗ 1750 ਵਿਚ ਅਰੰਭ ਹੋਈ ਫਰਾਂਸ ਅਤੇ ਬੈਲਜ਼ੀਅਮ ਵਿਚ ਇਹ ਕ੍ਰਾਂਤੀ 19ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਆਈ। ਜਰਮਨੀ ਵਿਚ ਇਹ ਕ੍ਰਾਂਤੀ ਫਰਾਂਸ ਤੋਂ 40 ਸਾਲ ਮਗਰੋਂ ਆਈ ਜਰਮਨੀ ਦੇ ਏਕੀਕਰਣ (1871) ਤੋਂ ਪਹਿਲਾਂ ਇਹ ਦੇਸ਼ ਤੇਜ਼ੀ ਨਾਲ ਅੱਗੇ ਨਹੀਂ ਵੱਧ ਸਕਿਆ। ਪਰ ਨਵੀਂ ਸਦੀ ਦੇ ਆਰੰਭ ਵਿਚ ਇਹ ਦੇਸ਼ ਫਰਾਂਸ ਤੋਂ ਅੱਗੇ ਲੰਘ ਗਿਆ ਅਤੇ ਬਰਤਾਨੀਆਂ ਦੇ ਮੁਕਾਬਲੇ ਤੇ ਆ ਗਿਆ। ਯੂਰਪ

ਦੇ ਬਾਕੀ ਦੇਸ਼ ਵਧੇਰੇ ਖੇਤੀਬਾੜੀ ਪ੍ਰਧਾਨ ਕਹੇ ਜਾ ਸਕਦੇ ਸਨ ਜੋ ਉਦਯੋਗਿਕ ਪੱਖੋਂ ਪਛੜੇ ਹੋਏ ਸਨ। ਇਥੋਂ ਤੱਕ ਕਿ ਫਰਾਂਸ ਅਤੇ ਬੈਲਜੀਅਮ ਦੀ ਵੀ ਅੱਧੀ ਆਬਾਦੀ ਖੇਤੀਬਾੜੀ ਦੇ ਕੰਮ ਵਿਚ ਰੁੱਝੀ ਹੈ।

'ਉਦਯੋਗਿਕ ਕ੍ਰਾਂਤੀ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਆਰਨੋਲਡ ਟਾਇਨਬੀ (Arnold Toynbee) ਨੇ ਉਨ੍ਹਾਂ ਉਦਯੋਗਿਕ ਤਬਦੀਲੀਆਂ ਨੂੰ ਪ੍ਰਗਟਾਉਣ ਲਈ 1814 ਵਿਚ ਕੀਤੀ ਜਿਨ੍ਹਾਂ ਨੇ ਇੰਗਲੈਂਡ ਨੂੰ ਉਦਯੋਗਿਕ ਵਰਕਸ਼ਾਪ ਬਣਾ ਦਿੱਤਾ। ਭਾਵੇਂ ਇਹ ਤਬਦੀਲੀਆਂ ਬਹੁਤ ਲੰਮੇ ਸਮੇਂ ਵਿਚ ਹੋਈਆਂ ਪਰ ਇਹ ਤਬਦੀਲੀਆਂ ਇੰਨੀਆਂ ਸਾਰਥਕ ਸਨ ਕਿ ਇਨ੍ਹਾਂ ਨੂੰ ਕ੍ਰਾਂਤੀ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹ ਗੱਲ ਜਰਮਨੀ ਦੇ ਸੰਬੰਧ ਵਿਚ ਬਿਲਕੁੱਲ ਠੀਕ ਸੀ। ਇਹ ਪਰਿਵਰਤਨ ਇੰਨੀ ਤੇਜ਼ੀ ਨਾਲ ਆਇਆ ਕਿ 1850 ਦਾ ਸੁਸਤ ਜਰਮਨੀ (Sleepy Germany) ਵਿਸ਼ਵ ਦਾ ਅਤੀ ਉਦਯੋਗਿਕ ਦੇਸ਼ ਬਣ ਗਿਆ।

ਇਹ ਵਿਵਸਥਾ ਨੂੰ ਨਿਸ਼ਚਿਤ ਕਰਨ ਵਾਲੇ ਕਾਰਜ ਜਿਨ੍ਹਾਂ ਕਰਕੇ ਮੁੱਖ ਯੂਰਪੀ ਦੇਸ਼ਾਂ ਵਿਚ ਉਦਯੋਗੀਕਰਨ ਹੋਇਆ ਅੰਸ਼ਕ ਤੌਰ ਤੇ ਆਰਥਿਕ ਅਤੇ ਅੰਸ਼ਕ ਤੇ ਸਿਆਸੀ ਸਨ। 17ਵੀਂ ਅਤੇ 18ਵੀਂ ਸਦੀ ਵਿਚ ਸਮੁੰਦਰ ਪਾਰ ਦੇ ਵਪਾਰ ਵਿਚ ਬਹੁਤ ਵਾਧਾ ਹੋਇਆ, ਇਹ ਵਾਧਾ ਮਹਾਨ ਤਬਦੀਲੀਆਂ ਲਈ ਮੁੱਖ ਆਰਥਿਕ ਕਾਰਨ ਬਣਿਆ। ਏਸ਼ੀਆ, ਅਫਰੀਕਾ ਅਤੇ ਅਮਰੀਕਾ ਵਿਚ ਨਵੀਆਂ ਮੰਡੀਆਂ ਦੇ ਖੁੱਲ੍ਹਣ ਤੇ ਚੀਜ਼ਾਂ ਲਈ ਨਵੀਂ ਮੰਗ ਕਰ ਦਿੱਤੀ। ਨਵੀਆਂ ਮੰਡੀਆਂ ਲਈ ਲੋੜੀਂਦੀਆਂ ਚੀਜ਼ਾਂ ਮਸ਼ੀਨਰੀ ਦੁਆਰਾ ਉਤਪਾਦਨ ਲਈ ਵਧੇਰੇ ਉਚਿਤ ਸਨ। ਇਹ ਵਸਤਾਂ ਸਾਧਾਰਣ ਸਨ ਜਿਵੇਂ ਸੂਤੀ ਕੱਪੜਾ ਜਿਹੜਾ ਕਿ ਆਸਾਨੀ ਨਾਲ ਤਿਆਰ ਕਰਵਾਇਆ ਜਾ ਸਕਦਾ ਸੀ। ਇਨ੍ਹਾਂ 18ਵੀਂ ਸਦੀ ਦੀਆਂ ਮਕੈਨੀਕਲ ਕਾਢਾਂ ਨੇ ਬਹੁਤ ਉਤਸ਼ਾਹ ਪ੍ਰਦਾਨ ਕੀਤਾ। ਸੂਤੀ ਕੱਪੜੇ ਦੀ ਕਤਾਈ ਅਤੇ ਬਣਾਈ ਨਾਲ ਸੰਬੰਧਤ ਕੁਝ ਮਹੱਤਵਪੂਰਣ ਕਾਢਾਂ ਜੇਮਜ਼ ਹਰਗਰੀਵਜ਼ (James Hargreaves) ਦੀ ਕਤਾਈ ਮਸ਼ੀਨ (Spinning Jenny) ਰਿਚਰਡ ਆਕਰਾਈਟ (Richard Arkwright) ਦੀ ਵਾਟਰ ਫਰੇਮ (Water Frames) ਨਾਮੀ ਮਸ਼ੀਨ ਕਰਾਂਮਟਨ (Samule Cromption) ਦੀ ਪਾਣੀ ਨਾਲ ਚੱਲਣ ਵਾਲੀ ਮਸ਼ੀਨ 'ਮਿਊਲ' (Mule) ਅਤੇ ਕਾਰਟਰਾਈਟ (Cartwright) ਦੀ ਭਾਫ਼ ਸ਼ਕਤੀ ਨਾਲ ਚੱਲਣ ਵਾਲੀ ਖੱਡੀ (Power Loom) ਅਤੇ ਜੇਮਜ਼ ਵਾਟ (Jame Watts) ਦਾ ਭਾਫ ਇੰਜਣ ਸੀ।

ਮਾਰਕੀਟ ਦਾ ਵਿਸਥਾਰ ਮੁੱਢਲਾ ਕਾਰਨ ਸੀ ਇਸ ਲਈ ਇਸ ਨੂੰ ਪ੍ਰਥਮ ਸਥਾਨ ਦਿੱਤਾ ਜਾਣਾ ਚਾਹੀਦਾ ਹੈ, ਕਾਢਾਂ ਦੂਜਾ ਕਾਰਨ ਸਨ ਸਸਤੀਆਂ ਮਸ਼ੀਨੀ ਵਸਤਾਂ ਉਦੋਂ ਤੱਕ ਬੇਫਾਇਦਾ ਹਨ, ਜਦੋਂ ਤੱਕ ਉਨ੍ਹਾਂ ਲਈ ਮਾਰਕਿਟ ਨਾ ਹੋਵੇ। ਜਾਪਦਾ ਇਉਂ ਹੈ ਜਿਵੇਂ ਮਕੈਨੀਕਲ ਕਾਢਾਂ ਇਕ ਦਮ ਹੀ ਹੋਂਦ ਵਿਚ ਆ ਜਾਂਦੀਆਂ ਹਨ। ਪਰ ਵਾਸਤਵ ਵਿਚ ਉਹ ਇਸ ਲਈ ਹੋਂਦ ਵਿਚ ਆਉਂਦੀਆਂ ਹਨ ਕਿਉਂਕਿ ਉਨ੍ਹਾਂ ਲਈ ਮੰਗ ਹੁੰਦੀ ਹੈ। ਈਜਾਦਦਾਰ ਸੁੱਤੇਸਿਧ ਹੀ ਸਮਾਜ ਦੀਆਂ ਬਦਲ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਰਜ ਕਰਦਾ ਰਹਿੰਦਾ ਹੈ।

ਭਾਵ ਸਮੁੰਦਰ ਪਾਰ ਦੀ ਮਾਰਕੀਟ ਦਾ ਵਿਸਥਾਰ ਯੂਰਪ ਵਿਚ ਉਦਯੋਗਿਕ ਕ੍ਰਾਂਤੀ ਦਾ ਆਰਥਿਕ ਕਾਰਨ ਸੀ। ਪਰ ਵਿਵਸਥਾ ਨੂੰ ਨਿਸ਼ਚਿਤ ਕਰਨ ਵਾਲੇ ਕਾਰਨ ਸਿਆਸੀ ਸਨ ਜਿਨ੍ਹਾਂ ਵਿਚ ਇਹ ਪਰਿਵਰਤਨ ਵਾਪਰਿਆ। ਹਾਲਾਤ ਬਰਤਾਨੀਆਂ ਦੇ ਹੱਕ ਵਿਚ ਸਨ। ਉਹ ਕਾਲੋਨੀਅਨ ਸਾਮਰਾਜ ਦੀ ਜਦੋਂ ਜਹਿਦ ਵਿਚ ਵਿਜੇਤਾ ਸਿੱਧ ਹੋਇਆ। ਉਸ ਦੀ ਜਲ ਸੈਨਾ ਦੇ ਪ੍ਰਭਾਵ ਨੇ ਉਸ ਨੂੰ ਸਪੇਨ ਹਾਲੈਂਡ ਅਤੇ ਫਰਾਂਸ ਦੇ ਮੁਕਾਬਲੇ ਜਿੱਤ ਦਿਵਾਈ। ਭਾਰਤ ਵਿਚ ਅੰਗਰੇਜ਼ੀ ਰਾਜ ਸਥਾਪਿਤ ਸੀ ਇਸ ਕਰਕੇ ਉਹ ਇਥੇ ਆਪਣੇ ਮਾਲ ਵੇਚ ਸਕਦਾ ਸੀ। ਫਰਾਂਸ ਭਾਵੇਂ ਇੰਗਲੈਂਡ ਦੇ ਮੁਕਾਬਲੇ ਸ਼ਕਤੀਸ਼ਾਲੀ ਅਤੇ ਅਮੀਰ ਦੇਸ਼ ਸੀ ਪਰ ਉਸ ਨੂੰ ਆਪਣੀਆਂ ਸਰਹੱਦਾਂ ਤੋਂ ਅੱਗੇ ਆਪਣਾ ਮਾਲ ਵੇਚਣ ਦਾ ਲਾਭ ਪ੍ਰਾਪਤ ਨਹੀਂ ਸੀ। ਜਰਮਨੀ ਦੀ ਹਾਲਾਤ ਹੋਰ ਵੀ ਖ਼ਰਾਬ ਸੀ। ਉਹ ਦੇਸ਼ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਜ਼ੋਲਵੇਰੇਨ (Zollverein) ਅਰਥਾਤ 1834 ਤੱਕ ਉਸ ਦੀ ਅੰਦਰੂਨੀ ਮਾਰਕੀਟ ਟੁਕੜੇ ਟੁਕੜੇ ਹੋਈ ਸੀ। 1871 ਵਿਚ ਉਸ ਦਾ ਸਾਮਰਾਜ ਸਥਾਪਿਤ ਹੋਣ ਨਾਲ ਉਸ ਦੀਆਂ ਆਰਥਿਕ ਤੇ ਸਿਆਸੀ ਔਕੜਾਂ ਦੂਰ ਹੋਈਆਂ।

ਸਮੁੰਦਰੋਂ ਪਾਰ ਦੀ ਮੰਡੀ ਤੋਂ ਇਲਾਵਾ ਬਰਤਾਨੀਆਂ ਕੋਲ ਉਦਯੋਗਾਂ ਵਿਚ ਲਾਉਣ ਲਈ ਪੂੰਜੀ ਸੀ ਵਿਦੇਸ਼ੀ ਤੋਂ ਛੇਤੀ ਹੀ ਲਾਭ ਸ਼ੁਰੂ ਹੋ ਗਿਆ ਅਤੇ ਬੈਕਾਂ ਦੀਆਂ ਸਹੂਲਤਾਂ ਨੇ ਨਵੇਂ ਉਦਯੋਗਿਕ ਉਦੇਸ਼ਾਂ ਨੂੰ ਸਥਾਪਿਤ ਹੋਣ ਵਿਚ ਮਦਦ ਦਿੱਤੀ। ਦੇਸ਼ ਦੇ ਅੰਦਰ ਵਪਾਰ ਦੀ ਮੁਕੰਮਲ ਸੁਤੰਤਰਤਾ ਵੀ ਉਸ ਲਈ ਸਹਾਇਤਾ ਸਿੱਧ ਹੋਈ। ਇਹ ਯੂਰਪ ਦਾ ਪਹਿਲਾ ਦੇਸ਼ ਸੀ ਜਿਸ ਦੇ ਸਾਮੰਤਵਾਦ ਦੀ ਬੁਰਾਈ ਨੂੰ ਦੂਰ ਕੀਤਾ ਜਿਸ ਨੇ ਬਾਕੀ ਦੇਸ਼ਾਂ ਵਿਚ ਉੱਨਤੀ ਵਿਚ ਰੋੜਾ ਅਟਕਾਇਆ। ਅੰਤਰ ਵਿਵਹਾਰ ਪ੍ਰਥਾ ਵੀ ਲਾਹੇਵੰਦ ਸਿੱਧ ਹੋਈ। ਇਨ੍ਹਾਂ ਕਾਰਨਾਂ ਦੇ ਫਲਸਰੂਪ ਆਰਥਿਕ ਹਾਲਤ ਦੀਆਂ ਤਬਦੀਲੀਆਂ ਨੂੰ ਅਪਣਾਉਣ ਦੇ ਯੋਗ ਹੋ ਗਿਆ। ਹੁਕਮਰਾਨ ਵਰਗ ਅਤੇ ਉਦਯੋਗਾਂ ਦੀ ਉੱਨਤੀ ਦੇ ਪੱਖ ਵਿਚ ਸੀ।

ਮਸ਼ੀਨਾਂ ਦੀ ਵਰਤੋਂ ਉਦਯੋਗਿਕ ਕ੍ਰਾਂਤੀ ਦਾ ਪਹਿਲਾ ਸਿੱਟਾ ਇਹ ਨਿਕਲਿਆ ਕਿ ਇਸ ਦੇ ਔਜ਼ਾਰਾਂ ਦੀ ਥਾਂ ਮਸ਼ੀਨਾਂ ਨੂੰ ਬਦਲ ਦਿੱਤਾ ਇਸ ਵਿਚ ਅੰਤਰ ਇਹ ਸੀ ਕਿ ਔਜ਼ਾਰਾਂ ਨੂੰ ਇਨਸਾਨ ਦੀ ਸਰੀਰਕ ਸ਼ਕਤੀ ਹਰ ਕੰਮ ਵਿਚ ਲਿਆਉਂਦੀ ਸੀ ਜਦੋਂ ਕਿ ਮਸ਼ੀਨ ਕੁਦਰਤੀ ਸ਼ਕਤੀ ਅਰਥਾਤ ਹਵਾ, ਪਾਣੀ ਜਾਂ ਭਾਫ ਸ਼ਕਤੀ ਨਾਲ ਚਲਦੀ ਸੀ ਭਾਫ ਹਵਾ ਅਤੇ ਪਾਣੀ ਦੇ ਮੁਕਾਬਲੇ ਵਧੇਰੇ ਲਾਹੇਵੰਦ ਸੀ ਕਿਉਂਕਿ ਇਹ ਮੌਸਮ ਆਦਿ ਕਾਰਜਾਂ ਤੋਂ ਸੁਤੰਤਰ ਸੀ। ਇਹ ਜਿਥੇ ਲੋੜ ਹੁੰਦੀ ਉਥੇ ਹੀ ਪੈਦਾ ਕੀਤੀ ਜਾ ਸਕਦੀ ਸੀ। ਵਾਟ (Watt) ਦੇ ਭਾਫ ਇੰਜਣ ਨੂੰ ਉਦਯੋਗਿਕ ਕ੍ਰਾਂਤੀ ਦਾ ਧੁਰਾ ਆਖਿਆ ਜਾ ਸਕਦਾ ਹੈ।

ਭਾਫ ਦੀ ਸ਼ਕਤੀ ਦਾ ਭਾਵੇਂ ਬਹੁਤ ਪਹਿਲਾਂ ਪਤਾ ਲਗਾਇਆ ਗਿਆ ਸੀ ਪ੍ਰੰਤੂ ਇਸ ਨੂੰ 17ਵੀਂ ਸਦੀ ਵਿਚ ਹੀ ਅਮਲ ਵਿਚ ਲਾਇਆ ਗਿਆ। ਖਾਨਾਂ ਵਿਚੋਂ ਪਾਣੀ ਬਾਹਰ ਕੱਢਣ ਲਈ ਸੇਵਰੀ ਸਟੀਮ ਇੰਜਣ ਅਤੇ ਬਾਅਦ ਵਿਚ ਨਿਊਕਾਮਨ (New common) ਦੁਆਰਾ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ। ਨਿਊਕਾਮਨ ਦੇ ਇੰਜਣ ਵਿਚ ਬਹੁਤ ਸਾਰਾ ਬਾਲਣ ਜਾਲਿਆ ਜਾਂਦਾ ਸੀ। ਜੇਮਜ਼ਵਾਟ (James watt 1736, 1819) ਨੇ ਇਸ ਇੰਜਣ ਦੇ ਨੁਕਸਾਂ ਨੂੰ ਦੂਰ ਕਰ ਦਿੱਤਾ।

ਆਰਥਿਕ ਮਸ਼ੀਨ ਨਿਰਮਾਣਕਾਰ ਨੇ ਕਾਮਿਆਂ ਨੂੰ ਛੇਤੀ ਕੰਮ ਕਰਨ ਦੇ ਯੋਗ ਬਣਾ ਦਿੱਤਾ। ਵਾਟ ਇੰਜਣ ਸ਼ੁਰੂ ਵਿਚ ਇੰਨਾਂ ਨੁਕਸਾਨਦਾਰ ਸੀ ਕਿ ਜਦੋਂ ਇਸ ਦੇ ਪੁਰਜਿਆਂ ਨੂੰ ਜੋੜਿਆ ਗਿਆ ਤਾਂ ਇਸ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਪਰ ਵਾਟ ਦੇ ਪਾਈਵਾਲ ਮੈਥਿਓ ਬੋਲਟਨ (Mathew Boulton) ਦੀਆਂ ਆਰਥਿਕ-ਕੋਸ਼ਿਸ਼ਾ ਨੇ ਇੰਜੀਨੀਅਰਾਂ ਦੀ ਸਹਾਇਤਾ ਨਾਲ ਇਸੇ ਦੇ ਨੁਕਸਾਂ ਨੂੰ ਦੂਰ ਕਰਕੇ ਇਸ ਨੂੰ ਉਦਯੋਗ ਬਣਾਇਆ। ਮਾਡਜਲੇ (Maudsely) ਦੀ 1794 ਵਿਚ ਕੀਤੀ ਸਲਾਈਡ-ਰੈਸਟ ਦੀ ਕਾਢ ਨੇ ਬਹੁਤ ਸਾਰੀਆਂ ਔਕੜਾਂ ਨੂੰ ਖਤਮ ਕਰਕੇ ਇੰਜੀਨੀਅਰ ਉਦਯੋਗ ਵਿਚ ਕ੍ਰਾਂਤੀ ਹੀ ਲੈ ਆਂਦੀ।

ਸ਼ੁਰੂ ਦੀਆਂ ਮਸ਼ੀਨਾਂ ਆਮ ਕਰਕੇ ਲਕੜੀ ਦੀਆਂ ਬਣੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਕੁਝ ਧਾਤ ਦੀ ਵਰਤੋਂ ਕੀਤੀ ਜਾਂਦੀ ਸੀ। ਜਦੋਂ ਤੱਕ ਜਲ ਦੀ ਸ਼ਕਤੀ ਦਾ ਸਾਧਨ ਰਿਹਾ, ਇਸ ਵਿਚ ਕੋਈ ਔਕੜ ਨਾ ਆਈ। ਪਰ ਜਦੋਂ ਭਾਫ ਅਤੇ ਸੰਚਾਲਕ ਮਸ਼ੀਨਰੀ ਦੀ ਵਰਤੋਂ ਹੋਣ ਲੱਗੀ ਤਾਂ ਲਕੜੀ ਦੀਆਂ ਬਣੀਆਂ ਚੀਜ਼ਾਂ ਦੀ ਮੁਰੰਮਤ ਤੇ ਵਧੇਰੇ ਖਰਚ ਹੋਣ ਲੱਗਾ। ਲੋਹਾ ਲਕੜੀ ਦੇ ਮੁਕਾਬਲੇ ਵਧੇਰੇ ਪਾਇਦਾਰ ਸੀ, ਇਸ ਲਈ ਉਸ ਦੀ ਵਰਤੋਂ ਹੋਣ ਲੱਗੀ ਪ੍ਰੰਤੂ 18ਵੀਂ ਸਦੀ ਵਿਚ ਲੋਹੇ ਦੀਆਂ ਚੀਜ਼ਾਂ ਬਣਾਉਣ ਵਿਚ ਆਪਣੀਆਂ ਔਕੜਾਂ ਸਨ। ਲੋਹੇ ਨੂੰ ਪਿਘਲਾਉਣ ਲਈ ਲਕੜੀ ਦੇ ਬਾਲਣ ਦੀ ਕਮੀਂ ਹੋਣ ਲੱਗੀ। ਇਸ ਨੇ ਲੋਹੇ ਦੇ ਉਦਯੋਗ ਲਈ ਬਹੁਤ ਬੜੀ ਚੁਣੌਤੀ ਪੈਦਾ ਕਰ ਦਿੱਤੀ। ਅਬਰਾਹਮ ਡਰਬੀ (Abrahim Darby) ਨੇ ਜਲੇ ਹੋਏ ਕੋਲੇ ਨਾਲ ਲੋਹੇ ਨੂੰ ਪਿਘਲਾਉਣ ਦਾ ਸਫ਼ਲ ਤਜ਼ਰਬਾ ਕੀਤਾ। 18ਵੀਂ ਸਦੀ ਦੇ ਅੱਧ ਤੋਂ ਮਗਰੋਂ ਇਸ ਦੀ ਵਰਤੋਂ ਆਮ ਹੋਣ ਲੱਗੀ। ਨੈਲਸਨ (Nelson) 1892 ਵਿਚ ਗਰਮ ਭੱਠੀ (Hot blast) ਦੀ ਕਾਢ ਨੇ ਜਲੇ ਹੋਏ ਕੋਲੇ (Coke) ਦੀ ਥਾਂ ਕੱਚੇ ਕੋਲੇ ਦੀ ਵਰਤੋਂ ਨੂੰ ਸੰਭਵ ਬਣਾ ਦਿੱਤਾ। ਸਕਾਟਿਸ ਕੋਲਾ ਜਿਹੜਾ ਖਾਣਾ ਆਦਿ ਬਣਾਉਣ ਲਈ ਕੰਮ ਨਹੀਂ ਸੀ ਆਉਂਦਾ ਹੁਣ ਉਸ ਦੀ ਵਰਤੋਂ ਸੰਭਵ ਹੋ ਗਈ। ਇਸ ਨੇ ਲੋਹੇ ਦੇ ਉਦਯੋਗ ਦੀ ਨੀਂਹ ਰੱਖ ਦਿੱਤੀ।

ਧਾਤਾਂ ਦੀ ਵਰਤੋਂ ਧਾਤ ਉਦਯੋਗ ਦੀ ਪ੍ਰਗਤੀ ਜਾਰੀ ਰਹੀ। ਸਰ ਹੈਨਰੀ ਬੇਸ਼ਮਾਰ (Sir Henry Bessamer) ਨੇ ਲੋਹੇ ਨੂੰ ਸਾਫ ਕਰਕੇ ਇਸਪਾਤ ਬਣਾਉਣ ਦੇ ਸਸਤੇ ਢੰਗ ਦੀ ਕਾਢ ਕੱਢੀ। ਇਹ ਧਾਤ ਹਲਕੇ ਪਣ ਸਖਤਾਈ ਅਤੇ ਪਾਇਦਾਰੀ ਕਰਕੇ ਲੋਹੇ ਨਾਲੋਂ ਵਧੀਆਂ ਸੀ ਇਸ ਨੇ ਉਸ ਦੀ ਥਾਂ ਲੈ ਲਈ। ਪਰ ਬੇਸ਼ਮਾਰ ਦੀ ਵਿਧੀ ਲਈ ਫਾਸਫੋਰਸ ਰਹਿਤ ਕੱਚਾ ਲੋਹਾ ਹੀ ਵਰਤਿਆ ਜਾ ਸਕਦਾ ਹੈ। ਕੱਚੇ ਲੋਹੇ ਤੋਂ ਫਾਸਫੋਰਸ ਵੱਖ ਕਰਨ ਦਾ ਤਰੀਕਾ ਲੱਭਿਆ ਗਿਆ। ਇਸ ਨੇ ਜਰਮਨੀ ਨੂੰ ਇਸਪਾਤ ਬਣਾਉਣ ਲਈ ਲੋਰੇਨ (Lorraine) ਦੇ ਫਾਸਫੋਰਸ ਵਾਲੇ ਕੱਚੇ ਲੋਹੇ ਦੀ ਵਰਤੋਂ ਕਰਨ ਦੇ ਯੋਗ ਬਣਾਇਆ। ਹੁਣ ਇਸਪਾਤ ਸਸਤੇ ਢੰਗ ਨਾਲ ਬਣਾਇਆ ਜਾ ਸਕਦਾ ਸੀ ਇਸ ਲਈ ਰੇਲ ਬਣਾਉਣ ਅਤੇ ਫੈਕਟਰੀਆਂ ਤੇ ਘਰਾਂ ਦੀ ਉਸਾਰੀ ਕਰਨ ਸੰਬੰਧੀ ਬਹੁਤ ਸਾਰੀਆਂ ਉਦਯੋਗਿਕ ਵਿਧੀਆਂ ਵਿਚ ਇਸ ਦੀ ਵਰਤੋਂ ਹੋਣ ਲੱਗੀ।

ਲੋਹਾ ਉਦਯੋਗ ਦੇ ਵਿਕਾਸ ਅਤੇ ਭਾਵ ਦੀ ਸੰਚਾਲਕ ਸ਼ਕਤੀ ਵਜੋਂ ਵਰਤੋਂ ਨੇ ਉਦਯੋਗਿਕ ਮੰਤਵਾਂ ਲਈ ਕੋਲੇ ਦੀ ਮੰਗ ਬਹੁਤ ਵਧਾ ਦਿੱਤੀ। ਇਸ ਨੇ ਕੋਲੇ ਦੀਆਂ ਖਾਣਾਂ ਵਿਚ ਬਹੁਤ ਤਬਦੀਲੀਆਂ ਲਿਆਂਦੀਆਂ। ਪਾਣੀ ਕੱਢਣ ਲਈ ਭਾਫ ਇੰਜਣ, ਤੈਹਾਂ ਤੋਂ ਕੋਲਾ ਚੁੱਕਣ ਲਈ ਭਾਫ ਇੰਜਣ ਅਤੇ ਵੱਡੇ ਹਵਾ ਇੰਜਣ ਦੀ ਖਾਣਾ ਵਿਚ ਵਰਤੋਂ ਹੋਣ ਲੱਗੀ। 19ਵੀਂ ਸਦੀ ਦੇ ਮੱਧ ਵਿਚ ਹਵਾ ਨਿਕਾਸ ਵਿਚ ਸੁਧਾਰ ਹੋਇਆ। ਸੁਧਾਰਾਂ, ਸੰਚਾਰੇ ਸਾਧਨਾਂ ਵਿਚ ਬਿਹਤਰੀ ਅਤੇ ਕੋਲੇ ਦੇ ਚੰਗੇ ਮੰਡੀਕਰਣ ਕਰਕੇ ਕੋਲੇ ਦੇ ਉਤਪਾਦਨ ਵਿਚ ਵਾਧਾ ਹੋਇਆ।

ਕੋਲੇ ਅਤੇ ਲੋਹੇ ਨੇ ਆਧੁਨਿਕ ਉਦਯੋਗੀਕਰਣ ਦੀ ਨੀਂਹ ਰੱਖੀ। ਫਰਾਂਸ ਉਦਯੋਗੀਕਰਣ ਵਿਚ ਇਸੇ ਕਰਕੇ ਪਿਛੇ ਰਿਹਾ ਕਿਉਂਕਿ ਉਥੇ ਕੋਲਾ ਨਾ ਕੇਵਲ ਘੱਟ ਮਾਤਰਾ ਵਿਚ ਸੀ ਸਗੋਂ ਉਸ ਦੀ ਕੁਆਲਟੀ ਵੀ ਚੰਗੀ ਨਹੀਂ ਸੀ। ਇਹ ਕੋਲਾ ਖਾਣਾ ਆਦਿ ਬਣਾਉਣ ਲਈ ਵਧੀਆਂ ਨਹੀਂ ਸੀ। ਇਸ ਕਰਕੇ 1860 ਤੱਕ ਲਕੜੀ ਦੀ ਥਾਂ ਨਹੀਂ ਲੈ ਸਕਿਆ। ਫਰਾਂਸ ਵਿਚ ਧੀਮੇ ਉਦਯੋਗੀਕਰਣ ਦਾ ਮੁੱਖ ਕਾਰਨ ਕੋਲੇ ਦੀ ਕਮੀ ਹੀ ਸੀ। ਇਸ ਦੇ ਮੁਕਾਬਲੇ ਬਰਤਾਨੀਆਂ ਦੀ ਉਦਯੋਗੀਕਰਣ ਦੀ ਪ੍ਰਭੁਸੱਤਾ ਇਸ ਗੱਲ ਤੇ ਨਿਰਭਰ ਕਰਦੀ ਸੀ ਕਿ ਉਥੇ ਕੋਲਾ ਅਤੇ ਲੋਹਾ ਵੱਡੀ ਮਾਤਰਾ ਵਿਚ ਨੇੜੇ ਉਪਲਬਧ ਸੀ। ਉਕਤ ਦਰਸਾਈਆਂ ਵੱਡੀਆਂ ਤਕਨੀਕੀ ਤਬਦੀਲੀਆਂ ਦਾ ਉਦਯੋਗਿਕ ਸੰਗਠਨਾਂ ਤੇ ਅਸਰ ਪੈਣਾ ਲਾਜ਼ਮੀ ਸੀ। ਗਿਲਡ ਸਿਸਟਮ ਲਗਭਗ ਨਿਰਜਿੰਦ ਹੋ ਚੁੱਕਾ ਸੀ। ਉਦਯੋਗਿਕ ਕ੍ਰਾਂਤੀ ਤੇ ਵਰਕਸ਼ਾਪ ਉਤਪਾਦਨ ਦੀ ਮੱਧ ਕਾਲੀਨ ਪ੍ਰਣਾਲੀ ਖਤਮ ਕਰ ਦਿੱਤੀ। ਮਸ਼ੀਨਰੀ ਦੀ ਵਰਤੋਂ ਕਰਕੇ ਵਰਕਰ ਆਪਣੇ ਮਾਲਕ ਜਾਂ ਉਸ ਦੇ ਏਜੰਟ ਦੀ ਦੇਖਭਾਲ ਅਧੀਨ ਵੱਡੀ ਇਮਾਰਤ ਵਿਚ ਇਕੱਠੇ ਹੋ ਗਏ। ਫੈਕਟਰੀ ਦਾ ਅਨੁਸ਼ਾਸਨ ਵਰਕਰਾਂ ਦੇ ਆਪਣੇ ਘਰਾਂ ਨੂੰ ਛੱਡਣ ਦੇ ਵਿਰੁੱਧ ਤੇ ਹਾਵੀ ਹੋ ਗਿਆ। ਮਸ਼ੀਨਰੀ ਦੀ ਆਮਦਨ ਨੇ ਹਾਲਤ ਆਪਣੇ ਨਿਯੋਜਕ ਦੇ ਪੱਖ ਵਿਚ ਕਰ ਦਿੱਤੇ। ਮਿਹਨਤੀ ਵਰਕਰ ਨੂੰ ਮਸ਼ੀਨੀ ਵਰਤਾਂ ਦੇ ਮੁਕਾਬਲੇ ਤੇ ਹਾਨੀ ਹੋਈ।ਉਨ੍ਹਾਂ ਨੂੰ ਆਪਣੀ ਉਪਜੀਵਕਾਂ ਲਈ ਫੈਕਟਰੀਆਂ ਵਿਚ ਕੰਮ ਕਰਨਾ ਪਿਆ।

ਵੱਡੇ ਪੈਮਾਨੇ ਤੇ ਉਤਪਾਦਨ ਵੱਲ ਝੁਕਾ ਆਧੁਨਿਕ ਉਦਯੋਗੀਕਰਣ ਦਾ ਪ੍ਰਮੁੱਖ ਬਣ ਗਿਆ। ਇਸ ਝੁਕਾ ਨੇ ਵਪਾਰ ਯੂਨਿਟ ਤੇ ਵੀ ਪ੍ਰਭਾਵ ਪਾਇਆ। ਸਾਂਝੀਦਾਰੀ ਦੀ ਥਾਂ ਸੀਮਤ ਦੇਣਦਾਰੀ ਵਾਲੀ ਕੰਪਨੀ ਨੇ ਲੈ ਲਈ। ਦੋਵੇਂ ਰੂਪਾਂ ਕਰਕੇ ਅਤੇ ਮੁਕਾਬਲੇ ਦੀ ਭਾਵਨਾਂ ਕਰਕੇ ਵਪਾਰਕ ਸੰਗਠਨਾਂ ਦੇ ਆਕਾਰ ਵਿਚ ਹੋਰ ਵਾਧਾ ਹੋਇਆ ਇਨ੍ਹਾਂ ਵਿਚੋਂ ਕੋਈ ਅੱਜ ਕੱਲ੍ਹ ਸਾਰੀ ਦੁਨੀਆਂ ਵਿਚ ਫੈਲ ਗਏ ਸਨ।

**ਸ਼ਹਿਰਾਂ ਦਾ ਵਿਕਾਸ (Growth of Towns)** :

ਵੱਡੇ ਪੈਮਾਨੇ ਦੇ ਉਤਪਾਦਨ ਦੇ ਝੁਕਾ ਨੇ ਸ਼ਹਿਰਾਂ ਦੇ ਵਿਕਾਸ ਨੂੰ ਜਨਮ ਦਿੱਤਾ। ਕੋਲੇ ਅਤੇ ਲੋਹੇ ਵਾਲੇ ਸਥਾਨਾਂ ਤੇ ਬਹੁਤ ਸਾਰੇ ਲੋਕ ਵਸ ਗਏ ਨਹਿਰਾਂ, ਸੜਕਾਂ ਅਤੇ ਰੇਲਾਂ ਨੇ ਇਨ੍ਹਾਂ ਸਥਾਨਾਂ ਤੇ ਖੁਰਾਕ, ਬਾਲਣ ਅਤੇ ਹੋਰ ਜ਼ਰੂਰੀ ਲੋੜੀਦੀਆਂ ਵਸਤਾਂ ਪਹੁੰਚਾਉਣ ਵਿਚ ਮਦਦ ਕੀਤੀ। ਬਹੁਤ ਆਬਾਦੀ ਦੇ ਇਕ ਥਾਂ ਵਸਣ ਨੂੰ ਰੋਕਣ ਸੰਬੰਧੀ ਕੋਈ ਕਾਨੂੰਨ ਨਹੀਂ ਸਨ, ਇਸ ਲਈ ਸ਼ਹਿਰਾਂ ਨਾਲ ਸਬੰਧਿਤ ਬਹੁਤ ਸਾਰੀਆਂ ਬੁਰਾਈਆਂ ਵੱਧਣ ਲੱਗੀਆਂ। ਵੱਧ ਰਹੀਂ ਆਬਾਦੀ ਨੇ ਗੰਦਗੀ ਅਤੇ ਬੀਮਾਰੀ ਦੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ।

**ਅਬਾਦੀ ਵਿਚ ਵਾਧਾ (Increase in Population) :**

ਬਰਤਾਨੀਆਂ, ਜਰਮਨੀ ਅਤੇ ਬੈਲਜੀਅਮ ਦੀ ਆਬਾਦੀ 19ਵੀਂ ਸਦੀ ਵਿਚ ਦੁਗਣੀ ਅਤੇ ਤਿਗੁਣੀ ਹੋ ਗਈ। ਫਰਾਂਸ ਵਿਚ ਆਬਾਦੀ ਘੱਟ ਵਧੀ। ਬਰਤਾਨੀਆਂ ਅਤੇ ਜਰਮਨੀ ਵਿਚ ਸ਼ਹਿਰੀ, ਆਬਾਦੀ ਕ੍ਰਮਵਾਰ 75% ਅਤੇ 60% ਸੀ ਜਦੋਂ ਕਿ ਫਰਾਂਸ ਵਿਚ 40% ਅਤੇ ਬੈਲਜੀਅਮ ਵਿੱਚ 43% ਸੀ।

**ਖੇਤਰਾਂ ਵਿਚ ਉਦਯੋਗਾਂ ਦਾ ਸਥਿਰ ਹੋਣਾ (Concentration of Industries in Regions) :**

ਅਜੋਕੇ ਉਦਯੋਗੀਕਰਣ ਦਾ ਇਕ ਹੋਰ ਲੱਛਣ ਕੁਝ ਖੇਤਰਾਂ ਵਿਚ ਉਦਯੋਗਾਂ ਦਾ ਸਥਿਰ ਹੋਣਾ ਹੈ। ਕੱਚੇ ਮਾਲ ਤੋਂ ਇਲਾਵਾ ਕੋਲਾ ਅਤੇ ਲੋਹਾ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਚੁੰਬਕ ਦੀ ਸ਼ਕਤੀ ਰੱਖਦੇ ਹਨ। ਕੁਸ਼ਲ ਲੇਬਰ ਵੀ ਇਨ੍ਹਾਂ ਥਾਵਾਂ ਤੇ ਆ ਕੇ ਵੱਧ ਜਾਂਦੀ ਹੈ। ਇਨ੍ਹਾਂ ਖੇਤਰਾ ਵਿਚ ਸੰਚਾਰ ਅਤੇ ਢੋਆ-ਢੁਆਈ ਬੈਂਕ ਸੇਵਾਵਾਂ, ਨੇ ਸਹਾਇਤਾ ਪ੍ਰਾਪਤ ਕਰ ਲਈ।

ਇੰਗਲੈਂਡ ਵਿਚ ਅਜਿਹੇ ਉਦਯੋਗਿਕ ਖੇਤਰ ਮੱਧ ਦੇਸ਼ ਦੇ ਉੱਤਰੀ ਭਾਗ ਵਿਚ ਸਥਿਰ ਹਨ। ਉਦਯੋਗਿਕ ਕ੍ਰਾਂਤੀ ਨੇ ਧਨ ਅਤੇ ਆਬਾਦੀ ਦੇ ਕੇਂਦਰੀ ਦੱਖਣ-ਪੂਰਬ ਤੋਂ ਉੱਤਰ-ਪੱਛਮ ਵਿਚ ਬਦਲ ਦਿੱਤਾ। ਬੈਲਜ਼ੀਅਮ ਵਿਚ ਵੀ ਇਹ ਤਬਦੀਲੀ ਆਈ। ਫਰਾਂਸ ਵਿਚ ਅਜਿਹਾ ਕੋਈ ਉਦਯੋਗਿਕ ਖੇਤਰ ਨਹੀਂ ਸੀ।

ਉਦਯੋਗਿਕ ਵਿਕਾਸ ਨੇ ਵਿਦੇਸ਼ੀ ਵਪਾਰ ਤੇ ਬੜਾ ਅਸਰ ਪਾਇਆ। ਉਦਯੋਗਾਂ ਦੇ ਵਿਕਾਸ ਨੇ ਵਿਸ਼ਵ ਵਪਾਰ ਵਿਚ ਕਾਫੀ ਵਾਧਾ ਕੀਤਾ। ਬਰਤਾਨੀਆਂ ਇਸ ਦੀ ਵਿਸ਼ੇਸ਼ ਉਦਾਹਰਣ ਹੈ। ਇਹ 19ਵੀਂ ਸਦੀ ਦੇ ਆਰੰਭ ਵਿਚ ਉਦਯੋਗੀਕਰਣ ਵਾਲਾ ਇਕੋ ਇਕ ਦੇਸ਼ ਸੀ। ਇਸ ਘੱਟ ਵਿਕਸਿਤ ਦੇਸ਼ਾਂ ਨੂੰ ਖੁਰਾਕ ਅਤੇ ਕੱਚੇ ਮਾਲ ਦੇ ਬਦਲੇ ਤਿਆਰ ਮਾਲ ਸਪਲਾਈ ਕਰਦਾ ਸੀ ਕਿਉਂਕਿ ਮਾਲ ਤਿਆਰ ਕਰਨ ਵਾਲੇ ਦੇਸ਼ ਕੱਚਾ ਮਾਲ ਸਪਲਾਈ ਕਰਨ ਵਾਲੇ ਦੇਸ਼ਾਂ ਦੇ ਮੁਕਾਬਲੇ ਲਾਹੇਵੰਦ ਸਥਿਤੀ ਵਿਚ ਸਨ। ਇਸ ਲਈ ਉਹ ਧਨੀ ਬਣ ਗਏ। ਇੰਗਲੈਂਡ ਤੋਂ ਤਿਆਰ ਮਾਲ ਬਰਾਮਦ ਕੀਤਾ ਜਾਂਦਾ ਸੀ ਅਤੇ ਖੇਤੀਬਾੜੀ ਦੇ ਆਧਾਰਤ ਕੱਚਾ ਮਾਲ ਬਰਾਮਦ ਕੀਤਾ ਜਾਂਦਾ ਸੀ। ਫਰਾਂਸ ਵਿਚ ਫਰਾਂਸ ਦੀ ਸੂਰਤ ਵਿਚ ਬਰਾਮਦ ਅਤੇ ਦਰਾਮਦ ਕੀਤਾ ਜਾਣ ਵਾਲਾ ਮਾਲ ਬਰਾਬਰ ਦਾ ਹੀ ਸੀ।

ਯੂਰਪ ਦੀ ਉਦਯੋਗਿਕ ਕ੍ਰਾਂਤੀ ਨੇ ਧਨ ਦੇ ਸੰਤੁਲਨ ਤੇ ਸਿਆਸੀ ਪ੍ਰਭਾਵ ਤੇ ਵੀ ਅਸਰ ਪਾਇਆ। ਬਰਤਾਨੀਆਂ ਦੇ ਗੌਰਵ ਵਿਚ ਵਾਧਾ ਹੋਇਆ। ਫਰਾਂਸ ਪਿਛੇ ਰਹਿ ਗਿਆ। ਫਰਾਂਸ ਕੋਲ ਜ਼ਰੂਰੀ ਲੋੜੀਂਦੀ ਵਸਤੂ ਕੋਲਾ ਨਹੀਂ ਸੀ। 20ਵੀਂ ਸਦੀ ਦੇ ਆਰੰਭ ਵਿਚ ਜਰਮਨ, ਨੇ ਪ੍ਰਭੂਤਾ ਪ੍ਰਾਪਤ ਕਰ ਲਈ ਕਿਉਂਕਿ ਇਸ ਕੋਲ ਕੋਲਾ ਅਤੇ ਲੋਹਾ ਹੈ।

1870 ਵਿਚ ਉਦਯੋਗਿਕ ਹਾਲਤ (Industrial Position in 1870) :- 1870 ਵਿਚ ਬਰਤਾਨੀਆਂ ਦੇ ਉਦਯੋਗੀਕਰਣ ਦੇ ਅਕਾਰ ਦਾ ਪਤਾ ਲਾਉਣ ਲਈ ਇਹ ਗੱਲ ਵਰਨਣਯੋਗ ਹੈ ਕਿ 1760 ਵਿਚ ਇੱਥੇ ਕੱਚੀ ਕਪਾਹ ਦੀ ਖਪਤ 8000 ਟਨ ਸੀ ਜੋ 1870 ਵਿਚ ਵੱਧ ਕੇ 6,000,000 ਟਨ ਸੀ ਜੋ 1875 ਵਿਚ ਵਧਾ ਕੇ 110,000,000 ਟਨ ਹੋ ਗਿਆ।

ਜਿਥੋਂ ਤੱਕ ਟੈਕਸਟਾਈਲ ਗਰੁੱਪ ਦਾ ਸਬੰਧ ਹੈ, ਪਸ਼ਮ ਦੇ ਮੁਕਾਬਲੇ ਸੂਤੀ ਉਦਯੋਗ ਨੇ ਪ੍ਰਥਮ ਸਥਾਨ ਪ੍ਰਾਪਤ ਕਰ ਲਿਆ। ਰੇਸ਼ਮ ਉਦਯੋਗ ਘੱਟ ਰਿਹਾ ਸੀ। ਬਰਤਾਨੀਆਂ ਕੱਚੇ ਮਾਲ ਦੇ ਬਦਲੇ ਦੇ ਇਵਜ਼ ਵੱਧ ਤੋਂ ਵੱਧ ਸੂਤੀ ਕੱਪੜਾ ਭੇਜ ਰਿਹਾ ਸੀ। ਪਸ਼ਮ ਦੀ ਸੂਰਤ ਵਿਚ ਮਸ਼ੀਨੀਕਰਣ ਦੀ ਰਫ਼ਤਾਰ ਘੱਟ ਸੀ ਪ੍ਰੰਤੂ 1855 ਤੱਕ ਬਰਤਾਨੀਆਂ ਆਸਟਰੀਆਂ ਤੋਂ 100 ਮਿਲੀਅਨ ਪੌਂਡ ਪਸ਼ਮ ਬਰਾਮਦ ਕਰ ਰਿਹਾ ਸੀ। ਪਸ਼ਮ ਦੀਆਂ ਬਣੀਆਂ ਵਬਤਾਂ ਦੀ ਬਰਾਮਦ 35 ਪੌਂਡ ਮਿਲੀਅਨ ਸੀ। ਬਰਤਾਨੀਆਂ ਦੇ ਬਰਾਮਦ ਸੰਤੁਲਨ ਵਿਚ ਇਕ ਮੱਹਤਵਪੂਰਨ ਵਸਤੂ ਬਣ ਗਿਆ। ਤਾਂਬੇ ਦੇ ਉਤਪਾਦਨ ਵਿਚ ਇਹ ਲਗਭਗ 1840 ਤੱਕ ਸਾਰੇ ਵਿਸ਼ਵ ਵਿਚ ਅੱਗੇ ਸੀ। ਲੋਹਾ ਅਤੇ ਇਸਪਾਤ ਉਦਯੋਗ ਵਿਚ ਵੀ ਵਿਚਾਰ ਅਧੀਨ ਸਮੇਂ ਦੇ ਦੌਰਾਨ ਬਰਤਾਨੀਆਂ ਨੇ ਆਸਾਨੀ ਨਾਲ ਆਪਣੀ ਪ੍ਰਭੂਤਾ ਕਾਇਮ ਰੱਖੀ।

**ਬੈਲਜ਼ੀਅਮ** (Belgium) :- ਇੰਗਲੈਂਡ ਦੇ ਪਿਛੋਂ ਉਦਯੋਗਿਕ ਕ੍ਰਾਤੀ ਬੈਲਜ਼ੀਅਮ ਵਿਚ ਆਈ। ਇਸ ਛੋਟੇ ਜਿਹੇ ਦੇਸ਼ ਨੇ ਇੰਗਲੈਂਡ ਤੋਂ ਮਸ਼ੀਨਾ ਦੀ ਬਰਾਮਦ ਕੀਤੀ ਜਿਸ ਦੇ ਫਲਸਰੂਪ ਕਾਰਖਾਨਿਆਂ ਦਾ ਨਿਰਮਾਣ ਸ਼ੁਰੂ ਹੋਇਆ। 1834 ਈ. ਵਿਚ ਬੈਲਜੀਅਮ ਨੇ ਇੰਗਲੈਂਡ ਦੇ ਸਹਿਯੋਗ ਨਾਲ ਰੇਲਾਂ ਦਾ ਨਿਰਮਾਣ ਦਾ ਕੰਮ ਸ਼ੁਰੂ ਹੋਇਆ। 1884 ਈ. ਤੱਕ ਰੇਲਾਂ ਦੇ ਨਿਰਮਾਣ ਦਾ ਕੰਮ ਪੂਰਾ ਹੋ ਗਿਆ। ਇਸ ਪਿਛੋਂ ਉਦਯੋਗਿਕ ਵਿਕਾਸ ਕੰਮ ਜਾਰੀ ਰਿਹਾ ਅਤੇ 1870 ਈ. ਤੱਕ ਬੈਲਜ਼ੀਅਮ ਯੂਰਪੀ ਮਹਾਂਦੀਪ ਦਾ ਇਕ ਪ੍ਰਸਿੱਧ ਦੇਸ਼ ਬਣ ਗਿਆ।

**ਫਰਾਂਸ ਵਿਚ ਉਦਯੋਗ (1789 ਤੋਂ ਪਹਿਲਾਂ)** (Industry in France Prior to 1789): ਫਰਾਸ ਵਿਚ ਗਿਲਡ ਸਿਸਟਮ ਪ੍ਰਚੱਲਿਤ ਰਿਹਾ ਜਦੌਂ ਕਿ 1789 ਵਿਚ ਇਸ ਨੂੰ ਖ਼ਤਮ ਕਰ ਦਿੱਤਾ ਗਿਆ। ਪ੍ਰਟਿੰਗ ਆਊਟ ਸਿਸਟਮ 16ਵੀਂ ਸਦੀ ਵਿਚ ਆਰੰਭ ਕੀਤਾ ਗਿਆ ਸੀ। ਖਾਣਾ ਵਿਚੌਂ ਕੱਢਣ ਦੇ ਕੰਮ ਨੂੰ ਕਰਾਉਣ ਵਲੋਂ ਵਿਸ਼ੇਸ਼ ਰਿਆਇਤਾਂ ਦਿੱਤੀਆਂ ਗਈਆਂ ਹਨ। ਕੱਚ ਦੇ ਸਮਾਨ ਨੂੰ ਕਰ ਤੋਂ ਛੋਟ ਦਿੱਤੀ ਗਈ ਸੀ ਫੈਅਰਸ (Glazed Pottery) ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਕੀਤਾ ਜਾਂਦਾ ਸੀ। ਕੈਲਬਰਟ ਨੇ ਉਦਯੋਗ ਨੂੰ ਕਰ ਤੋਂ ਛੋਟ ਦਿੱਤੀ ਅਤੇ ਵਿਆਜ ਰਹਿਤ ਕਰਜ਼ੇ ਦੇ ਕੇ ਵਿਦੇਸ਼ੀ ਕਾਮਿਆਂ ਨੂੰ ਆਕਰਸ਼ਿਤ ਕੀਤਾ ਪਰ ਇਨ੍ਹਾਂ ਸਾਰੀਆਂ ਸਹੂਲਤਾਂ ਦੇ ਨਤੀਜੇ ਨਹੀਂ ਨਿਕਲ ਸਕੇ।

ਉਦਯੋਗਿਕ ਕ੍ਰਾਂਤੀ ਤੋਂ ਤੁਰੰਤ ਪਹਿਲਾਂ ਦੇ ਸਮੇਂ ਕਈ ਵੱਡੇ ਪੈਮਾਨੇ ਦੇ ਉਦਯੋਗਿਕ ਉਦੇਸ਼ਾਂ ਨੂੰ ਸੰਗਠਿਤ ਕੀਤਾ ਗਿਆ। ਖਾਣਾਂ ਵਿਚੋਂ ਕੋਲਾ ਕੱਢਣ ਲਈ ਕੰਪਨੀਆਂ ਆਰੰਭ ਕੀਤੀਆਂ ਗਈਆਂ। ਪਰੰਤੂ ਫਰਾਂਸ਼ ਵਿਚ ਉਦਯੋਗੀਕਰਣ ਵੱਲ ਝੁਕਾ ਬਰਤਾਨੀਆਂ ਦੇ ਮੁਕਾਬਲੇ ਕਾਫੀ ਘੱਟ ਰਿਹਾ।

(1789-1815) ਕ੍ਰਾਂਤੀ ਦੇ ਸਮੇਂ ਦੀਆਂ ਵੱਡੀਆਂ ਕੁਰੀਤੀਆਂ ਨੇ ਆਰਥਿਕ ਦਸ਼ਾਂ ਵਿਚ ਆਮ ਗਿਰਾਵਟ ਲਿਆਂਦੀ। ਨੈਪੋਲੀਅਨ ਦੇ ਸ਼ਾਸਨ ਕਾਲ ਵਿਚ ਈਜਾਦਕਾਰਾਂ ਦੀ ਬੜੀ ਹੌਂਸਲਾ ਅਫ਼ਜਾਈ ਕੀਤੀ ਗਈ। ਉਸ ਦੇ ਸਿਲਸਵਕੌਡਾਂ ਵਿਚ ਮੁਆਇਨੇ ਦੀ ਸੁਤੰਤਰਤਾ ਤੇ ਜ਼ੋਰ ਦਿੱਤਾ ਗਿਆ। ਅੰਗਰੇਜ਼ਾਂ ਦੀਆਂ ਕਾਢਾਂ ਵਪਾਰੀਆਂ ਅਤੇ ਉਦਯੋਗਿਕ ਸਮਗਲਰਾਂ ਰਾਹੀ ਫਰਾਂਸ ਵਿਚ ਆ ਗਈਆ ਨਵੀਆਂ ਕਾਢਾਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਨਵੀਆਂ ਯੋਜਨਾਵਾਂ ਨੂੰ ਵਿਸ਼ੇਸ਼ ਕਰਕੇ ਕਾਂਟੀਨੈਂਟਲ ਸਿਸਟਮ ਤੋਂ ਮਗਰੋਂ ਪੂਰੀ ਤਰ੍ਹਾਂ ਲਾਗੂ ਕੀਤਾ। ਇਨ੍ਹਾਂ ਪ੍ਰਦਾਨ ਕੀਤੇ ਗਏ ਉਸ ਚਕੰਦਰ ਤੋਂ ਖੰਡ ਬਣਾਉਣ ਦਾ ਤਰੀਕਾ ਚਾਲੂ ਕੀਤਾ। ਟੈਕਾਰਡ (Tecqured) ਨੇ ਰੇਸ਼ਮ ਦੀ ਖੱਡੀ ਬਣਾਉਣ ਲਈ ਜਿਸ ਨਾਲ ਨਮੂਨੇ ਬਣਾਏ ਜਾ ਸਕਦੇ ਸਨ, ਇਨਾਮ ਦਿੱਤਾ ਗਿਆ। ਕਪਾਹ ਦੇ ਮਸ਼ੀਨਾਂ ਨਾਲ ਚੱਲਣ ਵਾਲੇ ਕਾਰਖਾਨੇ ਲਾਏ ਗਏ। ਕੈਲੀ ਛਪਾਈ ਅਤੇ ਸੋਡਾ ਵਰਕਸ ਕਾਇਮ ਕੀਤੇ ਗਏ ।ਮਿਲਟਰੀ ਮੰਤਵਾਂ ਲਈ ਲੋਹਾ ਉਦਯੋਗ ਨਾਲ ਵਿਸ਼ੇਸ਼ ਧਿਆਨ ਦਿੱਤਾ ਗਿਆ।

**1815 ਤੋਂ 1848 ਤੱਕ ਫਰਾਂਸ** (France in 1815-1848) : ਵਾਟਰਲੂ ਦੀ ਲੜਾਈ ਤੋਂ ਮਗਰੋਂ ਬੂਰਬੋਂ ਅਤੇ ਹੱਦ ਤੱਕ ਲੂਈ ਫਿਲਮ ਨੇ ਵੱਧ ਮਸੂਲਾਂ ਦੁਆਰਾ ਉਦਯੋਗ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਵਧੇਰੇ ਮਸੂਲਾਂ ਨੇ ਮੁਕਾਬਲੇ ਦੀ ਹਾਲਤ ਦੇ ਸਮਾਧਾਨ ਨੂੰ ਲਾਗੂ ਕਰਨ ਵਿਚ ਦੇਰੀ ਕਰ ਦਿੱਤੀ।

ਲੋਹੇ ਦੇ ਉਦਯੋਗ ਅੰਸ਼ਕ ਤੌਰ ਤੇ ਬਰਤਾਨਵੀ ਅੰਗਰੇਜ਼-ਤਕਨੀਸ਼ਨਾਂ ਅਤੇ ਅੰਗਰੇਜ਼-ਕੁਸ਼ਲ ਵਰਕਰਾਂ ਨਾਲ ਸਥਾਪਿਤ ਕੀਤੇ ਗਏ ਸਨ। ਐਪਰ ਜਦੋਂ ਤੱਕ ਪਿਘਲਾਈ ਲਈ ਕੋਲੇ ਦੀ ਵਰਤੋਂ ਕੀਤੀ ਜਾਂਦੀ ਰਹੀ ਉਦੋਂ ਤੱਕ ਉਹ ਬਹੁਤ ਢਲਾਈ ਨਾ ਕਰ ਸਕੇ। ਪ੍ਰੰਤੂ 1830 ਤੋਂ ਮਗਰੋਂ ਹਾਲਾਤ ਵਿਚ ਹੌਲੀ ਹੌਲੀ ਸੁਧਾਰ ਹੋ ਗਿਆ। ਕੱਚੇ ਲੋਹੇ ਦਾ ਉਤਪਾਦਨ 1820 ਤੋਂ 1830 ਤੱਕ ਚਾਰ ਗੁਣਾ ਵੱਧ ਗਿਆ ਅਤੇ ਫਰਾਂਸ ਦਾ ਉਦਯੋਗ ਕੇਵਲ ਇੰਗਲੈਂਡ ਤੋਂ ਦੂਜੇ ਦਰਜੇ ਤੇ ਆ ਗਿਆ।

1815 ਤੋਂ ਮਗਰੋਂ ਕੱਪੜਾ ਉਦਯੋਗ ਵਿਚ ਕਾਫੀ ਵਿਕਾਸ ਹੋਇਆ। ਕੁਆਲਟੀ ਪੱਖੋਂ ਇਸ ਨੇ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਉਦਯੋਗ ਵਿਚ ਕਾਫੀ ਮੁਹਾਰਤ ਆ ਗਈ। ਕੁਝ ਕੇਂਦਰ ਮੋਟਾ ਕੱਪੜਾ, ਕੁਝ ਵਧੀਆ ਕੱਪੜਾ ਅਤੇ ਬਾਕੀ ਦੇ ਮਿਲਟਰੀ ਦੀਆਂ ਵਰਦੀਆਂ ਤਿਆਰ ਕਰਦੇ ਸਨ। ਅਲਸੇਸ (Alsace) ਕਪਾਹ ਉਦਯੋਗ ਦਾ ਮੁੱਖ

ਕੇਂਦਰ ਸੀ। ਲਾਇਨਸ (Lyons) ਰੇਸ਼ਮ ਉਦਯੋਗ ਦਾ ਕੇਂਦਰ ਸੀ ਅਤੇ ਇਸ ਨੇ ਵਿਸ਼ਵ ਮਾਰਕੀਟ ਵਿਚ ਆਪਣਾ ਯੋਗਦਾਨ ਪਾਇਆ। ਇਹ ਉਦਯੋਗ ਕੇਵਲ ਧਨੀ ਲੋਕਾਂ ਲਈ ਹੀ ਸੀ। ਐਪਰ ਜੈਕਾਡ ਪਾਵਰ ਲੂਮ ਨੇ ਇਸ ਦਾ ਵਿਕੇਂਦਰੀਕਰਣ ਕਰ ਦਿੱਤਾ।

**1851 ਤੋਂ 1870 ਤੱਕ ਫਰਾਂਸ** (France in 1851-1870) : ਨੈਪੋਲੀਅਨ ਤੀਜੇ ਨੇ ਆਪਣੇ ਯੋਗ ਸਲਾਹਕਾਰਾਂ ਦੇ ਮਸ਼ਵਰੇ ਨਾਲ ਉਤਪਾਦਨ ਅਤੇ ਟਰਾਂਸਪੋਰੇਸ਼ਨ ਦੇ ਵਿਕਾਸ ਨੀਤੀ ਲਾਗੂ ਕੀਤੀ ਉਸ ਨੇ ਰੇਲਵੇ ਲਾਈਨਾਂ ਬਣਾਈਆਂ ਐਂਗਲੋ ਫਰੈਂਚ ਸੰਧੀ ਨੇ ਉਸ ਦੇ ਸ਼ਾਸ਼ਨਕਾਲ ਵਿਚ ਬਹੁਤ ਸਾਰੇ ਕਾਂਟੀਨੈਂਟਲ ਦੇਸ਼ਾਂ ਵਿਚ ਖੁੱਲ੍ਹਾ ਵਪਾਰ ਕਰ ਦਿੱਤਾ, ਪੈਰਿਸ ਯੂਰਪ ਦਾ ਵਿੱਤੀ ਕੇਂਦਰ ਬਣ ਗਿਆ।

1850 ਤੋਂ ਮਗਰੋਂ ਮਸ਼ੀਨਾਂ ਨੇ ਬਹੁਤ ਪ੍ਰਗਤੀ ਕੀਤੀ ਭਾਫ ਨਾਲ ਇੰਜਣ ਜਿਹੜੇ 1940 ਤੋਂ 50 ਕੇਵਲ ਦੁਗਣੇ ਹੋਏ ਸਨ। 1850 ਤੋਂ 1870 ਦੌਰਾਨ 400 ਗੁਣਾ ਵਧ ਗਏ। ਕੱਚੇ ਲੋਹੇ ਦੀ ਪਿਘਲਾਈ ਲਈ ਲੱਕੜ ਦੇ ਕੋਲੇ ਦੀ ਥਾਂ ਪੱਥਰ ਦੇ ਕੋਲੇ ਨੇ ਲੈ ਲਈ ਫਰਾਂਸ ਦੀਆਂ ਖਾਣਾ ਘਰੇਲੂ ਖਪਤ ਦਾ 2/3 ਭਾਗ ਤੋਂ ਵੱਧ ਪੂਰਾ ਕਰਦੀਆਂ ਸਨ। ਲੋਹਾ ਅਤੇ ਇਸਪਾਤ ਉਦਯੋਗ ਵਿਚ ਵੱਡੀਆਂ ਤਬਦੀਲੀਆਂ ਆਈਆਂ। ਫਰਾਂਸ ਦਾ ਕੱਪੜਾ ਕੁਆਲਟੀ ਪੱਖੋਂ ਪਹਿਲੇ ਦਰਜੇ ਤੇ ਹੀ ਰਿਹਾ ਭਾਵੇਂ ਉਤਪਾਦਨ ਪੱਖੋਂ ਇਹ ਸਥਿਤੀ ਨਹੀ ਸੀ। ਬਰਤਾਨੀਆਂ ਵਿਚ ਕਤਾਈ ਦਾ ਕੰਮ ਬਣਾਈ ਨਾਲੋਂ ਤੇਜ਼ੀ ਨਾਲ ਵਧਿਆ ਅਤੇ ਕਪਾਹ ਅਤੇ ਰੇਸ਼ਮ ਵਿਚ ਇਕ ਕੰਮ ਨੇ ਪਸ਼ਮ ਨਾਲੋਂ ਵਧੇਰੇ ਤੇਜ਼ੀ ਨਾਲ ਪ੍ਰਗਤੀ ਕੀਤੀ। ਪ੍ਰੰਤੂ ਕਪਾਹ ਅਤੇ ਪਸ਼ਮ ਦੀ ਸਪਲਾਈ ਨੇਸਮੱਸਿਆਵਾਂ ਪੈਦਾ ਕਰ ਦਿੱਤੀਆਂ, ਵਿਸ਼ੇਸ਼ ਕਰਕੇ ਅਮਰੀਕਨ ਸਿਵਲ ਯੁੱਗ ਦੇ ਦੌਰਾਨ ਕਪਾਹ ਦੀ ਸਪਲਾਈ ਸੰਬੰਧੀ ਇਹ ਗੱਲ ਵਾਪਰੀ । ਰੇਸ਼ਮ ਦੇ ਕੀੜਿਆਂ ਦੀ ਬਿਮਾਰੀ ਕਰਕੇ ਰੇਸ਼ਮ ਦੀ ਸਪਲਾਈ ਵਿਚ ਰੁਕਾਵਟ ਆਈ।

**ਜਰਮਨੀ ਵਿਚ ਉਦਯੋਗ 1815 ਤੋਂ ਪਹਿਲਾਂ** (Industry in Germany Prior to 1815) : ਜਰਮਨੀ ਦੇ ਦੁਖਾਂਤ ਇਹ ਸੀ ਕਿ ਇਹ ਲਗਭਗ 200 ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਨੈਪੋਲੀਅਨ ਦੇ ਯੁੱਧਾਂ ਤੋਂ ਮਗਰੋਂ ਇਸ ਦੇ 38 ਰਾਜ ਬਣ ਗਏ। 1871 ਵਿਚ ਇਹ ਮਿਲਕੇ ਇਕ ਰਾਸ਼ਟਰ ਦਾ ਰੂਪ ਧਾਰਨ ਕਰ ਗਿਆ। ਰਾਜ ਵਿਚ ਫਰੈਂਡਰਿਕ ਮਹਾਨ ਦੇ ਅਧੀਨ ਇਸ ਨੇ ਵਪਾਰ ਨੀਤੀ ਅਪਣਾ ਲਈ। ਫਰਾਂਸ ਅਤੇ ਸਵਿਟਜ਼ਰਲੈਂਡ ਦੇ ਆਵਾਸੀ ਆਪਣੇ ਨਾਲ ਉਦਯੋਗਿਕ ਕੁਸ਼ਲਤਾ ਲੈ ਕੇ ਆਏ ਉਨ੍ਹਾਂ ਦੇ ਕੁਝ ਦਸਤਕਾਰੀਆਂ ਸ਼ੁਰੂ ਕਰ ਦਿੱਤੀਆਂ। ਸ਼ਟੀਨ (Stine) ਅਤੇ ਹਾਰਡਨਬਰਗ ਦੇ ਸੁਧਾਰਾਂ ਨੇ ਟਿਲਸਿਟ ਦੀ ਸੰਧੀ (1807) ਤੋਂ ਮਗਰੋਂ ਪੁਰਾਤਨ ਪਾਰਸ਼ੀਆਂ ਵਿਚੋਂ ਸਾਮੰਤਵਾਦ ਨੂੰ ਖ਼ਤਮ ਕਰ ਦਿਤਾ। 1811 ਦੇ ਉਦਯੋਗ ਕੋਡ ਵਿਚ ਵਪਾਰਕ ਸੰਤੁਤਰਤਾ ਦੀ ਘੋਸ਼ਣਾ ਕਰ ਦਿੱਤੀ। 1815 ਵਿਚ ਜਦੋਂ ਇਨ੍ਹਾਂ ਸੁਧਾਰਾਂ ਦੇ ਚੰਗੇ ਨਤੀਜੇ ਨਿਕਲਣ ਲੱਗੇ, ਫਰਾਂਸ ਨੇ ਜਰਮਨੀ ਦੇ ਕੁੱਝ ਭਾਗਾਂ ਤੇ ਤਬਜ਼ਾ ਕਰ ਲਿਆ। ਪੂੰਜੀਗਤ ਵਿਕਾਸ ਦੀਆਂ ਰੁਕਾਵਟਾਂ ਜਰਮਨੀ ਦੇ ਬਹੁਤ ਸਾਰੇ ਭਾਗਾਂ ਵਿਚ ਦੂਰ ਹੋ ਗਈਆਂ। ਅੰਗਰੇਜ਼ ਇਤਿਹਾਸ ਵਿਚ ਸਮੇਂ ਨੂੰ ਤਿਆਰੀ ਦਾ ਸਮਾਂ ਸਮਝਦੇ ਹਨ। ਜਦੋਂ ਕਿ ਜਰਮਨੀ ਵਾਲੇ ਇਸ ਨੂੰ ਆਰਥਿਕ ਪ੍ਰਚਲਣ ਦਾ ਨਾਂ ਦਿੰਦੇ ਹਨ।

**ਜਰਮਨੀ 1815 ਤੋਂ 1840 ਤੱਕ** (Germany in 1815-1840) :- ਜਰਮਨੀ ਵਿਚ ਉਦਯੋਗਿਕ ਵਿਕਾਸ ਵਿਚ ਕਈ ਕਾਰਨ (Factors) ਸਹਾਇਕ ਸਿੱਧ ਹੋਏ। ਕੁਦਰਤੀ ਸਾਧਨ ਕਾਫੀ ਸਨ ਦਿਆਨਤਦਾਰੀ ਨਾਲ ਕੰਮ ਕਰਨ ਦੀ ਆਦਤ ਜਿਸ ਵਿਚ ਫੌਜੀ ਸਿਖਲਾਈ ਨੇ ਹੋਰ ਵੀ ਸਿੱਧਾ ਅਨੁਸ਼ਾਸ਼ਨ ਪੈਦਾ ਕਰ ਦਿੱਤਾ ਸੀ। ਆਟੋ ਆਗਿਆਪਾਲਣ ਦਾ ਜਜ਼ਬਾ ਵਧੀਆ ਯੋਗਦਾਨ ਪਾਉਣ ਵਿਚ ਸਹਾਇਕ ਬਣੇ ਟੈਕਨੀਕਲ ਅਤੇ ਕੈਮੀਕਲ ਅਪਲਾਈਡ ਸਾਇੰਸ ਸੰਗਠਿਤ ਸੰਸਥਾਵਾਂ ਵਿਚ ਮੁਹੱਈਆਂ ਕੀਤੀਆਂ ਗਈਆਂ। ਖੋਜ ਸਹੂਲਤਾ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ। ਪ੍ਰੰਤੂ ਏਕੇ ਦੀ ਕਮੀ, ਵਪਾਰਕ ਪ੍ਰੰਪਰਾਵਾਂ ਅਤੇ ਪੂੰਜੀ ਦੀ ਘਾਟ ਅਤੇ ਪ੍ਰਵਾਸ (1840-30) ਦੇ ਦੌਰਾਨ 435,000 ਵਿਅਕਤੀ ਜਰਮਨੀ ਵਿਚੋਂ ਗਏ, ਗੰਭੀਰ ਕਮੀਆਂ ਸਨ।

ਜਰਮਨੀ ਅਜੇ ਵੀ ਵਧੇਰੇ ਕਰਕੇ ਕ੍ਰਿਸ਼ੀ ਪ੍ਰਧਾਨ ਦੇਸ਼ ਸੀ। ਉਥੇ ਪੁਰਾਤਨ ਕਾਲ ਤੋਂ ਹੀ ਤਾਬਾ, ਚਾਂਦੀ ਅਤੇ ਕੋਲੇ ਦੀਆਂ ਖਾਣਾ ਸਨ। ਰਾਈਨ ਵੈਸਟਫੇਲੀਆਂ ਵਿਚ ਪੁਰਾਣਾ ਉਦਯੋਗ ਵੀ ਸੀ। ਪਰਸ਼ੀਆਂ ਵਿਚੋਂ ਗਿਲਡ ਸੰਘ ਸਥਾਪਤ ਹੋ ਚੁੱਕੇ

ਸਨ, ਪਰ ਦੇਸ਼ ਦੇ ਬਾਕੀ ਭਾਗਾਂ ਵਿਚ ਹੀ ਗਿਲਡ ਰੁਚੀ ਅਜੇ ਚਲ ਰਹੀ ਸੀ ਜਿਸ ਨੇ ਉਦਯੋਗਿਕ ਵਿਕਾਸ ਦੇ ਰਾਹ ਵਿਚ ਰੋੜਾ ਅਟਕਾਇਆ।

ਪ੍ਰੰਤੂ ਜੋਲਵੀਰੀਅਨ (Customs Union) 1834 ਵਿੱਚ ਇਕ ਵੱਡੀ ਸਫਲਤਾ ਸੀ। ਭੂਮੀ ਅਤੇ ਸੰਚਾਰ ਵਿਚ ਵਰਣਨਯੋਗ ਸੁਧਾਰ ਹੋਇਆ। ਲੋਹਾ ਢੁਆਈ ਦੇ ਨਵੇਂ ਤਰੀਕੇ ਸਰਲਤਾ ਨਾਲ ਲਾਗੂ ਕੀਤੇ ਗਏ। ਕੈਮਿਸਟਾਂ ਦੀ ਸਿਖਲਾਈ ਸੰਸਾਰ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਉੱਤਮ, ਸਾਰੀ ਪਰਸੀਅਨ ਸਰਕਾਰ ਨੇ ਅਮਲੀ ਸਿਖਲਾਈ ਸੰਸਥਾ ਸਥਾਪਿਤ ਕੀਤੀ ਉਸ ਨੇ ਆਧੁਨਿਕ ਮਸ਼ੀਨਰੀ ਦੇ ਨਿਰਮਾਣ ਅਤੇ ਵਰਤੋਂ ਨੂੰ ਲੋਕ ਪ੍ਰਿਯ ਬਣਾਉਣ ਅਤੇ ਇਸ ਨੂੰ ਪ੍ਰਚਲਤ ਕਰਨ ਲਈ ਕਦਮ ਉਠਾਏ ਅਤੇ ਇਥੋਂ ਤੱਥ ਕਿ ਇਸ ਨੇ ਬ੍ਰਿਟੇਨ ਅਤੇ ਹੋਰ ਦੇਸ਼ਾਂ ਤੋਂ ਮਸ਼ੀਨਰੀ ਖਰੀਦ ਕੇ ਪ੍ਰਾਈਵੇਟ ਉਦਯੋਗ ਨੂੰ ਮੁਹੱਈਆਂ ਕੀਤੀ।

**ਹੁਣ ਜਰਮਨੀ 1840-70** (Germany in 1840-70) :- 1848 ਦੀ ਕ੍ਰਾਂਤੀ ਤੋਂ ਮਗਰੋਂ ਆਰਥਿਕ ਸੁਧਾਰਾਂ ਦੇ ਉਦਯੋਗ ਦੇ ਵਿਕਾਸ ਵਿਚ ਮਦਦ ਦਿੱਤੀ। ਉਦਾਹਰਣ ਵਜੋਂ ਖਾਣਾ ਨੂੰ ਸਰਕਾਰੀ ਤੌਰ ਤੇ ਚਲਾਉਣ ਦਾ ਕੰਮ ਬੰਦ ਕਰ ਦਿੱਤਾ ਗਿਆ। ਇਸ ਨਾਲ ਖੋਜ ਕਰਨ ਵਾਲਿਆਂ ਲਈ ਹੱਕ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਵਧ ਗਈਆਂ। ਰੇਲਾਂ, ਸੜਕਾਂ, ਬੈਂਕਾ ਅਤੇ ਵਪਾਰ ਦੀ ਉੱਨਤੀ ਦੇ ਉਦਯੋਗਿਕ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਪਾਇਆ।

ਬ੍ਰਿਟੇਨ, ਬੈਲਜ਼ੀਅਮ ਅਤੇ ਫਰਾਂਸ ਤੋਂ ਪ੍ਰਾਪਤ ਹੋਈ ਪੂੰਜੀ ਨੇ ਕੋਲਾ ਖਾਣਾਂ ਦੇ ਵਿਕਾਸ ਵਿਚ ਸਹਾਇਤਾ ਦਿੱਤੀ। ਲੋਹਾ ਅਤੇ ਇਸਪਾਤ ਉਦਯੋਗ ਨੇ ਵੀ ਕਾਫ਼ੀ ਪ੍ਰਗਤੀ ਕੀਤੀ। 1863 ਵਿਚ ਕਰਪਤ (Karputs) ਨੇ ਪਹਿਲੀ ਸਟੀਲ ਮਿਲ ਸਥਾਪਿਤ ਕੀਤੀ, ਇੰਗਲੈਂਡ ਤੋਂ ਪਹਿਲਾਂ ਲਿਆਂਦੇ ਗਏ ਫੋਰਮੈਨ ਅਤੇ ਵਰਕਰਾਂ ਤੋਂ ਬਿਨਾਂ ਕੰਮ ਚਲਾਉਣਾ ਅਸੰਭਵ ਸੀ। 1865 ਵਿਚ ਜਰਮਨੀ ਦੁਨੀਆਂ ਦਾ ਦੂਜੇ ਨੰਬਰ ਦਾ ਲੋਹਾ ਉਤਪਾਦਕ ਦੇਸ਼ ਬਣ ਗਿਆ। ਇਸ ਨੇ ਫਰਾਂਸ ਨੂੰ ਵੀ ਪਿਛੇ ਛੱਡ ਦਿੱਤਾ। ਮਸ਼ੀਨਾਂ ਦੇ ਉਤਪਾਦਨ ਵਿਚ ਕਾਫੀ ਵਾਧਾ ਹੋਇਆ। ਫੈਕਟਰੀ ਵਰਕਰ ਬਹੁਤ ਕੁਸ਼ਲ ਹੋ ਗਏ।

ਹੁਣ ਜਰਮਨੀ ਤੀਬਰ ਉਦਯੋਗੀਕਰਣ ਲਈ ਤਿਆਰ ਸੀ। ਏਕੀਕਰਨ ਨੇ ਹੋਰ ਤੇਜ਼ੀ ਪ੍ਰਦਾਨ ਕਰ ਦਿੱਤੀ। ਬਾਕੀ ਦੇ ਯੂਰਪੀ ਦੇਸ਼ ਖੇਤੀਬਾੜੀ ਪ੍ਰਧਾਨ ਹੀ ਰਹੇ। ਉਨ੍ਹਾਂ ਦੀ ਮਸ਼ੀਨੀ ਪ੍ਰਗਤੀ ਭਵਿੱਖ ਦੇ ਪਰਦੇ ਵਿਚ ਲੁਪਤ ਸੀ।

**ਇਟਲੀ** (Italy) :- ਇਟਲੀ ਵਿਚ ਉਦਯੋਗਿਕ ਏਕਤਾ ਨਾ ਹੋਣ ਕਰਕੇ ਕਾਫੀ ਸਮੇਂ ਤੱਕ ਉਦਯੋਗਿਕ ਵਿਕਾਸ ਨਾ ਹੋ ਸਕਿਆ 1870 ਈ. ਵਿਚ ਏਕੀਕਰਣ ਹੋ ਜਾਣ ਪਿਛੋਂ ਇਟਲੀ ਵਿਚ ਮਹੱਤਵਪੂਰਣ ਉਦਯੋਗਿਕ ਪਰਿਵਰਤਨ ਆਏ।

**ਰੂਸ** (Russia) ਉਦਯੋਗਿਕ ਖੇਤਰ ਵਿਚ ਰੂਸ 19 ਵੀਂ ਸਦੀ ਦੇ ਅੱਧ ਤੱਕ ਪਛੜਿਆ ਰਿਹਾ। 1860 ਈ. ਪਿੱਛੋ ਰੂਸ ਵਿਚ ਹੌਲੀ-ਹੌਲੀ ਅਨੇਕਾਂ ਕਾਰਖਾਨਿਆਂ ਦੀ ਸਥਾਪਨਾ ਹੋਣੀ ਸ਼ੁਰੂ ਹੋਈ।

## SUGGESTED READINGS


| | | |
|---|---|---|
| 1. L.C.A Knowels | : | The industrial and Commercial Revolution in Great Britain during the 19th century, Part II,III. |
| 2. Arthur Birnie | : | An Economic History of Europe, 1760-1932. Chapter-1. |
| 3. Friend Laender & Oser | : | Economic History of Europe, Chapter IV, V. |
| 4. Hammond | : | Rise of Modern Industry. |
| 5. Ogg and Sharp | : | Ecnomic Development of Modern Europe. |
| 6. ਅਰੋੜਾ, ਏ ਸੀ. | : | ਵਿਸ਼ਵ ਦਾ ਇਤਿਹਾਸ (1500-1950) |

**ਪਾਠ ਨੰ: 1.4**

# ਅਮਰੀਕਨ ਕ੍ਰਾਂਤੀ ਅਤੇ ਇਸ ਦੀ ਮਹੱਤਤਾ

ਅਮਰੀਕਾ ਦੀ ਕ੍ਰਾਂਤੀ ਉਸ ਸਮੇਂ ਸ਼ੁਰੂ ਹੋਈ ਜਦੋਂ ਜਾਰਜ III (George IIIrd) ਦਾ ਨਿੱਜੀ ਸ਼ਾਸਨ ਆਪਣੇ ਸਿਖਰ ਤੇ ਸੀ। ਇਸ ਕ੍ਰਾਂਤੀ ਦੇ ਕਈ ਕਾਰਨ ਸਨ। ਪ੍ਰਮੁੱਖ ਕਾਰਨ ਹੇਠਾਂ ਲਿਖੇ ਜਾਂਦੇ ਹਨ :

**ਕਾਰਨ :**

**ਪਹਿਲਾ :** ਕਾਰਨ ਸੀ ਬਸਤੀਵਾਦੀਆਂ ਤੇ ਬ੍ਰਿਟੇਨ ਵਿੱਚ ਭਿੰਨ ਭੇਦ ਜਿਸ ਦਾ ਕਾਰਨ ਸੀ ਕਿ 13 ਬਸਤੀਆਂ ਵਿੱਚ ਵਸਦੇ ਲੋਕਾਂ ਵਿੱਚ ਆਪਸੀ ਰਾਜ਼ੀਨਾਮਾ। ਪਿਲਗ੍ਰਿਮ ਫਾਦਰਜ਼ ਨੇ ਜੇਮਜ਼ ਪਹਿਲੇ ਦੇ ਰਾਜ ਕਾਲ ਵਿੱਚ ਇੰਗਲੈਂਡ ਤਿਆਗ ਦਿੱਤਾ ਸੀ; ਜਿਸ ਦਾ ਕਾਰਨ ਸੀ ਦੇਸ਼ ਵਿੱਚ ਹੋ ਰਿਹਾ ਧਾਰਮਿਕ ਅੱਤਿਆਚਾਰ। ਉਹ ਅਮਰੀਕੀ ਬਸਤੀਆਂ ਵਿੱਚ ਆ ਕੇ ਵਸ ਗਏ। ਉੱਤਰ ਵਿੱਚ ਨਿਊ ਇੰਗਲੈਂਡ ਕਲੋਨੀਜ਼ ਦੀ ਸਥਾਪਨਾ ਸਟੂਅਰਟ ਕਾਲ ਵਿੱਚ ਵੱਖ-ਵੱਖ ਸਮੇਂ ਤੇ ਸਥਾਪਿਤ ਹੋਈ। ਇਕ ਹੋਰ ਪ੍ਰਕਾਰ ਦੇ ਅਸਹਿਮਤੀ ਰੱਖਣ ਵਾਲੇ ਬਸਤੀਵਾਦੀ ਸਨ ਜੋ ਇੰਗਲੈਂਡ ਨੂੰ ਆਪਣੀਆਂ ਧਾਰਮਿਕ ਅਯੋਗਤਾਵਾਂ ਕਾਰਨ ਛੱਡ ਕੇ ਆ ਗਏ ਸਨ ਜੋ ਬਸਤੀਵਾਦੀ ਰੋਮਨ ਕੈਥੋਲਿਕਸ ਸਨ ਉਸ ਦੀ ਆਪਣੀ ਮਾਤਰ ਭੂਮੀ ਨੂੰ ਤਿਆਗ ਕੇ ਆ ਗਏ ਸਨ ਕਿਉਂਕਿ ਉਹ ਟੈਸਟ ਐਕਟ, ਕਾਰਪੋਰੇਸ਼ਨ ਐਕਟ ਆਦਿ ਤੋਂ ਅੱਕ ਗਏ ਸਨ। 18ਵੀਂ ਸਦੀ ਵਿੱਚ ਅਮਰੀਕੀ ਬਸਤੀਆਂ ਦੀ ਆਬਾਦੀ ਆਮ ਨਾਲੋਂ ਕਿਤੇ ਵਧੇਰੇ ਵੱਧ ਗਈ ਸੀ, ਉਦਾਹਰਣ ਲਈ 1700 ਤੋਂ 1770 ਦੇ ਦੌਰਾਨ ਇਹ 2,00,000 ਤੋਂ 20,00,000 ਹੋ ਗਈ ਸੀ। ਬਾਅਦ ਵਿੱਚ ਪਰਵਾਸੀਆਂ ਵਿੱਚ ਜਰਮਨ ਤੋਂ ਫਰਾਂਸੀਸੀ ਪ੍ਰੋਟੈਸਟੈਂਟ, ਆਇਰਲੈਂਡ ਦੇ ਕਿਸਾਨ ਅਤੇ ਸਕਾਟਲੈਂਡ ਦੇ ਵਾੜਿਆਂ ਦੇ ਮਾਲ, ਕੰਜਰੀਆਂ ਤੇ ਬਦਮਾਸ਼ ਅਤੇ ਲੰਡਨ ਦੇ ਦੁਆਲੀਏ ਆ ਸ਼ਾਮਲ ਹੋਏ। ਜੇ. ਐਚ. ਪ੍ਰਲੰਬ ਦਾ ਵਿਚਾਰ ਹੈ ਕਿ ਇਨ੍ਹਾਂ ਪਰਵਾਸੀਆਂ ਵਿੱਚ ਕੋਈ ਵਫਾਦਾਰੀ ਨਹੀਂ ਸੀ ਅਤੇ ਨਾ ਹੀ ਇਸ ਦੀ ਆਸ ਅਮਰੀਕਾ ਵਿੱਚ ਜਨਮਿਆਂ ਤੋਂ ਕੀਤੀ ਜਾ ਸਕਦੀ ਸੀ। ਆਮ ਤੌਰ ਤੇ ਇਨ੍ਹਾਂ ਦੇ ਵੱਡੇ-ਵੱਡੇਰੇ ਰੋਸ ਵੱਜੋਂ ਇੰਗਲੈਂਡ ਛੱਡ ਕੇ ਆਏ ਸਨ। ਮਾਤਰੀ ਦੇਸ਼ ਨੇ ਇਨ੍ਹਾਂ ਕਾਲੋਨੀਆਂ ਨੂੰ ਬਦਚਲਨਾ ਅਤੇ ਜਰਾਇਮ ਪੇਸ਼ਾ ਲੋਕਾਂ ਨੂੰ ਰੱਖਣ ਲਈ ਵਰਤਿਆ। ਉਨ੍ਹਾਂ ਨੂੰ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਭੇਜਣ ਨੂੰ ਕਾਫੀ ਵੱਡੀ ਸਜ਼ਾ ਮੰਨਿਆ ਜਾਂਦਾ ਸੀ। ਜਿਸ ਨੂੰ ਪਰਵਾਸੀ ਤੇ ਉਨ੍ਹਾਂ ਦੇ ਵਾਰਸਾਂ ਨੇ ਕਦੇ ਨਾ ਭੁਲਾਇਆ। ਇਸ ਲਈ ਉੱਪਰ ਦਿੱਤੇ ਕਈ ਪ੍ਰਕਾਰ ਦੇ ਲੋਕਾਂ, ਜੋ ਅਮਰੀਕੀ ਬਸਤੀਆਂ ਵਿੱਚ ਵਸ ਗਏ ਸਨ, ਦੇ ਮਨਾਂ ਵਿੱਚ ਗ੍ਰੇਟ ਬ੍ਰਿਟੇਨ ਲਈ ਕੋਈ ਪਿਆਰ ਨਹੀਂ ਸੀ।

**ਦੂਜਾ :** ਪੁਰਾਣੀ ਬਸਤੀਵਾਦੀ ਪ੍ਰਣਾਲੀ ਜੋ ਮਾਤਰੀ ਦੇਸ਼ (ਬ੍ਰਿਟੇਨ) ਨੇ ਅਪਨਾਈ ਸੀ ਉਹ ਇਨ੍ਹਾਂ ਬਸਤੀਆਂ ਦੇ ਹਿੱਤਾਂ ਵਿੱਚ ਨਹੀਂ ਸੀ, ਇਸ ਲਈ ਇਹ ਲੜਾਈ ਦਾ

ਕਾਰਨ ਬਣੀ। ਇਸ ਪ੍ਰਣਾਲੀ ਅਧੀਨ ਰੱਬੀ ਹੁਕਮ ਵਾਂਗ ਇਨ੍ਹਾਂ ਕਲੋਨੀਆਂ ਨੂੰ ਮਾਤਰੀ ਦੇਸ਼ ਲਈ ਕੱਚਾ ਮਾਲ ਦੇਣਾ ਪੈਂਦਾ ਸੀ ਅਤੇ ਇਸ ਦੇ ਬਦਲੇ ਤਿਆਰ ਮਾਲ ਨੂੰ ਸਵੀਕਾਰ ਕਰਨਾ ਪੈਂਦਾ ਸੀ। ਸਾਰਾ ਵਪਾਰ ਬ੍ਰਿਟਿਨ ਜਹਾਜ਼ਾਂ (ਜਹਾਜ਼ਰਾਨੀ ਕਾਨੂੰਨਾਂ) ਦੁਆਰਾ ਕੀਤਾ ਜਾਂਦਾ ਸੀ। ਕੁਦਰਤੀ ਹੈ ਕਿ ਅਜਿਹੀਆਂ ਰੋਕਾਂ ਬਰਤਾਨਵੀਆਂ ਦੇ ਉਦਮ ਲਈ ਹਾਨੀਕਾਰਕ ਸੀ। ਇੰਗਲੈਂਡ ਤੋਂ ਤਿਆਰ ਕੀਤੇ ਮਾਲ ਲਈ ਨਿਰਭਰਤਾ ਨੇ ਵਪਾਰ ਨੂੰ ਮਾੜੀ ਦਸ਼ਾ ਵੱਲ ਧੱਕ ਦਿੱਤਾ ਜਿਸ ਕਾਰਨ ਧਾਤੀ ਮੁਦਰਾ ਦੀ ਕਮੀ ਪੈਦਾ ਹੋ ਗਈ ਅਤੇ ਕਾਗਜ਼ੀ ਨੋਟ ਚਾਲੂ ਹੋ ਗਏ। ਇਸ ਨਾਲ ਅਮਰੀਕਾ ਦੇ ਵਪਾਰ ਵਿੱਚ ਰੁਕਾਵਟਾਂ ਪੈਦਾ ਹੋ ਗਈਆਂ। ਬਸਤੀਆਂ ਨੇ ਹੋਰ ਦੇਸ਼ਾਂ ਨਾਲ ਸਿੱਧਾ ਵਪਾਰ ਕਰਨਾ ਚਾਹਿਆ ਤੇ ਪਹਿਲਾਂ ਕੱਚਾ ਮਾਲ ਬ੍ਰਿਟੇਨ ਭੇਜਣ ਦੇ ਵਿਚਾਰ ਨੂੰ ਨਫ਼ਰਤ ਕਰਨੀ ਸ਼ੁਰੂ ਕਰ ਦਿੱਤੀ। ਮਾਤਰੀ ਦੇਸ਼ ਕਲੋਨੀਆਂ ਦੇ ਉਤਪਾਦਨ ਤੋਂ ਕਿਉਂ ਲਾਭ ਉਠਾਵੇ ਕਲੋਨੀਆਂ ਵਿੱਚ ਬਣੀਆਂ ਵਸਤੂਆਂ ਗ੍ਰੇਟ ਬ੍ਰਿਟੇਨ ਵਿੱਚ ਬਣੀਆਂ ਚੀਜ਼ਾਂ ਦੇ ਮੁਕਾਬਲੇ ਤੇ ਮਾਰਕੀਟਾਂ ਵਿੱਚ ਕਿਉਂ ਨਾ ਆਉਣ ? ਅਮਰੀਕੀ ਬਸਤੀਵਾਦੀਆਂ ਨੇ ਇਹ ਸਵਾਲ ਉਠਾਏ ਤੈ ਫੈਸਲਾ ਕੀਤਾ ਕਿ ਉਹ ਇੰਗਲੈਂਡ ਦੀ ਆਰਥਿਕਤਾ ਤੇ ਨਿਰਭਰ ਨਹੀਂ ਰਹਿਣਗੇ।

ਭਾਵੇਂ ਇਹ ਬਸਤੀਵਾਦੀ ਪੁਰਾਣੀ ਵਪਾਰ ਪ੍ਰਣਾਲੀ ਨੂੰ ਨਫਰਤ ਕਰਦੇ ਸਨ, ਪਰ ਉਨ੍ਹਾਂ ਨੇ ਇਸ ਵਿਰੁੱਧ ਆਵਾਜ਼ ਨਾ ਉਠਾਈ, ਕਿਉਂਕਿ ਅਠਾਰ੍ਹਵੀਂ ਸਦੀ ਵਿੱਚ ਖਾਸ ਕਰਕੇ ਵਿੱਗ ਪਾਰਟੀ ਦੀ ਸੱਤਾ ਦੇ ਦੌਰਾਨ (1714-1760) ਇਸ ਨੂੰ ਪਾਬੰਦੀ ਦੀ ਥਾਂ ਕਾਨੂੰਨ ਤੋੜਨਾ ਮੰਨਿਆ ਜਾਂਦਾ ਸੀ। ਅਮਰੀਕੀ ਬਸਤੀਵਾਦੀ ਸਪੇਨ ਤੇ ਹੋਰ ਦੇਸ਼ਾਂ ਨਾਲ ਨਾਜਾਇਜ਼ ਵਪਾਰ ਕਰਦੇ ਰਹੇ ਅਤੇ ਬਹੁਤ ਸਾਰੇ ਲੋਕਾਂ ਨੇ ਸੱਤ ਸਾਲਾ ਯੁੱਧ ਦੌਰਾਨ ਫਰਾਂਸ ਨਾਲ ਵਪਾਰ ਕਰਕੇ ਬਹੁਤ ਧਨ ਕਮਾਇਆ। ਸਰ ਰਾਬਰਟ ਵਾਲਪੋਲ ਨੇ, ਜੋ ਮਹਾਨ ਵਿੱਗ ਮਨਿਸਟਰ ਸੀ, ਬਸਤੀਆਂ ਦੇ ਇਨ੍ਹਾਂ ਕੰਮਾਂ ਵੱਲ ਅੱਖਾਂ ਮੀਟੀ ਰੱਖੀਆਂ ਕਿਉਂਕਿ ਉਹ ਸੁੱਤੀਆਂ ਗੱਲਾਂ ਨਹੀਂ ਸੀ ਜਗਾਉਣਾ ਚਾਹੁੰਦਾ। ਇਸ ਲਈ ਉਸ ਨੇ ਵਪਾਰਵਾਦੀ ਪ੍ਰਣਾਲੀ ਨੂੰ ਲਾਗੂ ਕਰਨ ਦਾ ਕਦੇ ਯਤਨ ਨਾ ਕੀਤਾ। ਬਣਾਏ ਗਏ ਕਾਨੂੰਨਾਂ ਦੀ ਉਲੰਘਣਾ ਬੜੀ ਹੀ ਅਣਇੱਛਤ ਗੱਲ ਸੀ। ਇਸ ਨਾਲ ਲੋਕਾਂ ਵਿੱਚ ਬੇਕਾਨੂੰਨੀਪੁਣੇ ਤੇ ਅਧਿਕਾਰ ਨੂੰ ਨਾ ਮੰਨਣ ਦੀ ਭਾਵਨਾ ਫੈਲ ਸਕਦੀ ਸੀ। ਜਦੋਂ ਜਾਰਜ ਤੀਜੇ ਤੇ ਉਸ ਦੇ ਮੰਤਰੀਆਂ ਨੇ ਬਲ ਪ੍ਰਯੋਗ ਨਾਲ ਪੁਰਾਣੀ ਬਸਤੀਵਾਦੀ ਪ੍ਰਣਾਲੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਗਾਵਤ ਹੋ ਗਈ।

**ਤੀਜਾ :** ਬਸਤੀਆਂ ਪ੍ਰਬੰਧਕੀ ਪ੍ਰਣਾਲੀ ਨੇ ਵੀ ਬ੍ਰਿਟਿਸ਼ ਤੇ ਬਸਤੀਵਾਦੀਆਂ ਵਿੱਚ ਫਰਕ ਪੈਦਾ ਕਰ ਦਿੱਤੇ। ਰਾਜਨੀਤਿਕ ਤੌਰ ਤੇ ਅਮਰੀਕੀ ਬਸਤੀਆਂ ਗ੍ਰੇਟ ਬ੍ਰਿਟੇਨ ਨਾਲੋਂ ਅਗਾਂਹ ਸਨ। ਉਹ ਸਾਰੇ ਅੰਗਰੇਜ਼ ਜਿਨ੍ਹਾਂ ਨੂੰ ਆਪਣੇ ਦੇਸ਼ ਵਿੱਚ ਵੋਟ ਪਾਉਣ ਲਈ ਯੋਗ ਅਧਿਕਾਰ ਨਹੀਂ ਸੀ, ਉਹ ਇੱਥੇ ਕਾਲੋਨੀਆਂ ਵਿੱਚ ਵੋਟ ਪਾਉਣ ਦੇ ਅਧਿਕਾਰੀ ਸਨ। ਹਰ ਕਾਲੋਨੀ, ਦੀ ਆਪਣੀ ਵਿਧਾਨ ਸਭਾ ਸੀ। ਅਜਿਹੀ ਬਾਡੀ 'ਸੰਸਥਾ' ਸੀ ਜੋ ਅੰਗਰੇਜ਼ਾਂ ਦੀਆਂ ਵੋਟਾਂ ਨਾਲ ਚੁਣੀ ਜਾਂਦੀ ਸੀ। ਇਹ ਵਿਧਾਨ ਸਭਾ ਕਾਲੋਨੀ ਲਈ ਕਾਨੂੰਨ ਬਣਾਉਂਦੀ ਸੀ ਤੇ ਇਸ ਨੂੰ ਲਾਗੂ ਕਰਦੀ ਸੀ। ਹਰ ਕਾਲੋਨੀ ਦੇ ਗਵਰਨਰ ਦੀ ਨਿਯੁਕਤੀ ਗ੍ਰੇਟ ਬ੍ਰਿਟੇਨ ਕਰਦਾ ਸੀ ਪਰ ਉਸ ਦੇ ਅਧਿਕਾਰ ਬਹੁਤ ਸਨ। ਉਹ ਵਿਧਾਨ ਸਭਾ ਨੂੰ ਜਵਾਬਦੇਹ ਨਹੀਂ ਸੀ। ਬਸਤੀਵਾਦੀਆਂ ਨੇ ਕਈ

ਕੋਸ਼ਿਸ਼ਾਂ ਕੀਤੀਆਂ ਕਿ ਗਵਰਨਰ ਵਿਧਾਨ ਸਭਾ ਨੂੰ ਜਵਾਬਦੇਹ ਹੋਵੇ। ਗਵਰਨਰ ਤੇ ਜੱਜਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ ਅਤੇ ਬ੍ਰਿਟਿਸ਼ ਸਰਕਾਰ ਕੁੱਝ ਨਾ ਕਰ ਸਕੀ। ਇਸ ਨਾਲ ਕਾਰਜਕਾਰਨੀ ਤੇ ਵਿਧਾਨ ਸਭਾ ਵਿੱਚ ਕਾਫੀ ਝਗੜਾ ਹੋ ਗਿਆ। ਇਹ ਸਭ ਕੁੱਝ ਪ੍ਰਬੰਧਕੀ ਮਸ਼ੀਨਰੀ ਦੇ ਠੀਕ ਚਲਣ ਵਿੱਚ ਸਹਾਈ ਨਹੀਂ ਸੀ ਅਤੇ ਬਸਤੀਵਾਦੀ ਸਰਕਾਰ ਦੀਆਂ ਇਸ ਨਾਲ ਸਮੱਸਿਆਵਾਂ ਹੋਰ ਕਠਿਨ ਹੋ ਗਈਆਂ। ਇੱਥੇ ਮਹਾਰਾਣੀ ਐਨ ਦੇ ਰਾਜ ਕਾਲ ਦੌਰਾਨ ਨਿਊਯਾਰਕ ਵਿਖੇ ਗਵਰਨਰ ਗਰੋਨਵਰੀ ਦੀ ਟਿਪਣੀ ਦੇਣੀ ਅਣਉਚਿਤ ਨਹੀਂ ਹੋਵੇਗੀ ਕਿ ''ਜੇਕਰ ਕਦੇ ਇਕ ਸਮੇਂ ਬਸਤੀਵਾਦੀ ਇੰਗਲੈਂਡ ਦੀ ਮੱਦਦ ਬਿਨਾਂ ਕੱਪੜੇ ਨਹੀਂ ਪਹਿਨ ਸਕਦੇ, ਜੋ ਹੁਣ ਸਰਕਾਰ ਅੱਗੇ ਝੁਕਣ ਲਈ ਤਿਆਰ ਨਹੀਂ ਹਨ ਤਾਂ ਆਪਣੇ ਮਨਾਂ ਵਿੱਚ ਬਣਾਈਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੋਚਣਗੇ।''

**ਚੌਥਾ :** ਹੰਟ ਦਾ ਵਿਚਾਰ ਹੈ ਕਿ ਅਮਰੀਕਾ ਕ੍ਰਾਂਤੀ ਕਦੇ ਨਾ ਕਦੇ ਤਾਂ ਆਉਣੀ ਹੀ ਸੀ, ਭਾਵੇਂ ਇਸ ਦੇ ਵਾਪਰਨ ਦਾ ਸਮਾਂ ਤੇ ਜਿਨ੍ਹਾਂ ਹਿੰਸਕ ਢੰਗਾਂ ਨਾਲ ਇਹ ਪੂਰੀ ਹੋਣੀ ਸੀ, ਇਸ ਦਾ ਫੈਸਲਾ ਨਿੱਜੀ ਕਾਰਵਾਈ ਨੇ ਕੀਤਾ। ਇਹ ਕ੍ਰਾਂਤੀ ਪਿਊਰੀਟਨ ਧਰਮ ਵਿੱਚ 'ਆਜ਼ਾਦੀ ਦੀ ਸਪਿਰਟ', ਰਾਜਨੀਤੀ ਵਿੱਚ ਲੋਕਤੰਤਰ, ਨਿਯੰਤਰਣ ਦੀ ਕਾਹਲੀ, ਸਵੈ-ਹਠ ਧਰਮੀ ਤੇ ਵਿਰੋਧੀਆਂ ਨੂੰ ਖਤਮ ਕਰਨ ਦੀ ਪ੍ਰਵਿਰਤੀ ਦਾ ਸਿੱਟਾ ਸੀ।

**ਪੰਜਵਾਂ :** ਬਸਤੀਵਾਦੀ ਸੁਰੱਖਿਆ ਕਾਰਨ ਵੀ ਦੋਨਾਂ ਪਾਰਟੀਆਂ ਵਿੱਚ ਮੱਤਭੇਦ ਹੋ ਗਏ। 1763 ਵਿੱਚ ਗ੍ਰੇਟ ਬ੍ਰਿਟੇਨ ਫ੍ਰਾਂਸ ਨਾਲ ਲੰਮੀ ਲੜਾਈ ਮਗਰੋਂ ਜੇਤੂ ਬਣ ਗਿਆ। ਇਹ ਲੜਾਈ ਮਹਿੰਗੀ ਪਈ ਅਤੇ ਰਾਸ਼ਟਰੀ ਕਰਜ਼ਾ 70 ਮਿਲੀਅਨ ਪਾਊਂਡਾਂ ਤੋਂ 170 ਮਿਲੀਅਨ ਪਾਊਂਡਾਂ ਤੱਕ ਵੱਧ ਗਿਆ। ਬਹੁਤ ਸਾਰੇ ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਰਾਸ਼ਟਰੀ ਐਮਰਜੈਂਸੀ ਦਾ ਖਤਰਾ ਲਾਜ਼ਮੀ ਸੀ। ਇਹ ਸਾਰਾ ਖਰਚਾ ਬਸਤੀਆਂ ਨੂੰ ਗੰਭੀਰ ਖਤਰੇ ਤੋਂ ਬਚਾਉਣ ਲਈ ਕੀਤਾ ਗਿਆ ਸੀ ਪਰ ਬਹੁਤ ਸਾਰੀਆਂ ਕਲੋਨੀਆਂ ਇਕਲਿਆਂ ਦੁਸ਼ਮਣ ਤੋਂ ਬਚਾਉ ਲਈ ਬੰਦੇ ਤੇ ਪੈਸੇ ਦੇਣ ਤੋਂ ਬੁਰੀ ਤਰ੍ਹਾਂ ਹਿਚਕਿਚਾ ਰਹੀਆਂ ਸਨ। ਇਹ ਗੱਲ ਮਾਤਰੀ ਦੇਸ਼ ਨੂੰ ਬਿਲਕੁਲ ਪਸੰਦ ਨਹੀਂ ਸੀ ਅਤੇ ਇਸ ਗੱਲ ਲਈ ਬਜ਼ਿਦ ਸੀ ਕਿ ਬਸਤੀਆਂ ਨੂੰ ਹਰ ਹਾਲਤ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਤੇ ਬ੍ਰਿਟਿਸ਼ ਦੀ ਮੱਦਦ ਕਰਨੀ ਚਾਹੀਦੀ ਹੈ। ਪਰ ਦੂਸਰੇ ਪਾਸੇ ਬਸਤੀਆਂ ਨੇ ਫ੍ਰਾਂਸ ਵਿਰੁੱਧ ਬ੍ਰਿਟਿਸ਼ ਦੀ ਮੱਦਦ ਦੇਣ ਤੋਂ ਇਨਕਾਰ ਕਰ ਦਿੱਤਾ।

ਅੰਤ ਵਿੱਚ ਸਥਾਨ ਸੁਰੱਖਿਆ ਦੀ ਸਮੱਸਿਆ ਤੇ ਜਾਰਜ III ਤੇ ਉਸ ਦੇ ਮੰਤਰੀਆਂ ਦੀਆਂ ਨੀਤੀਆਂ ਕਾਰਨ ਅਮਰੀਕੀ ਆਜ਼ਾਦੀ ਦੀ ਲੜਾਈ ਸ਼ੁਰੂ ਹੋ ਗਈ। ਭਾਵੇਂ ਫਰਾਂਸੀਸੀ ਖਤਰਾ ਟੱਲ ਗਿਆ ਤਾਂ ਵੀ ਸਥਾਨਕ ਸੁਰੱਖਿਆ ਦੀ ਜ਼ਰੂਰਤ ਸੀ। ਐਲੇਗਨੀਜ਼ ਤੋਂ ਮਿਸੀਸਿਪੀ ਦੇ ਵਿਚਕਾਰਲਾ ਵੱਡਾ ਖੇਤਰ, ਜਿਸ ਵਿੱਚ ਯੁੱਧ ਕਰਨ ਵਾਲੇ ਇੰਡੀਅਨ ਕਬੀਲੇ ਰਹਿੰਦੇ ਸਨ, ਦਾ ਵੀ ਪ੍ਰਬੰਧ ਕਰਨਾ ਸੀ ਅਤੇ ਇੱਥੋਂ ਦੇ ਵਾਸੀਆਂ ਨੂੰ ਵਪਾਰੀਆਂ ਦੇ ਗਲਤ ਰਵੱਈਏ ਤੇ ਭੂਮੀ ਦੇ ਚਾਹਵਾਨਾਂ ਤੋਂ ਵੀ ਬਚਾਉਣਾ ਸੀ। ਇਹ ਵੀ ਸਮਝਿਆ ਜਾਂਦਾ ਸੀ ਕਿ ਉੱਤਰੀ ਅਮਰੀਕਾ ਦੀਆਂ ਕਲੋਨੀਆਂ ਦੇ ਵਾਸੀ ਜੰਗਲੀ ਜੀਵਨ ਬਤੀਤ ਕਰਦੇ ਸਨ ਅਤੇ ਉਹ ਮਾਸ ਖਾਂਦੇ ਸਨ ਤੇ ਖੁੱਲ੍ਹਾ ਫਰਾਂਸ ਨੂੰ ਵੇਚਦੇ ਸਨ। ਜਿਸ ਨਾਲ ਉਹ ਜੀਵਨ ਦੀਆਂ ਲੋੜਾਂ ਪੂਰੀਆਂ ਕਰਦੇ,

ਪਰ ਅੰਗਰੇਜ਼ ਆਬਾਦਕਾਰਾਂ ਨੇ ਲੱਕੜਾਂ ਕੱਟਣੀਆਂ ਤੇ ਜੰਗਲ ਸਾਫ ਕਰਨੇ ਸ਼ੁਰੂ ਕਰ ਦਿੱਤੇ ਜਿਸ ਕਾਰਨ ਜੰਗਲੀ ਜੀਵ ਖ਼ਤਮ ਹੋ ਗਏ ਤੇ ਲੋਕ ਭੁੱਖੇ ਮਰਣ ਲੱਗੇ। ਇਹ ਕਾਰਨ ਵੀ ਸੀ ਕਿ ਉਹ ਅੰਗਰੇਜ਼ ਕਲੋਨੀਆਂ ਨੂੰ ਨਫ਼ਰਤ ਕਰਦੇ ਸਨ ਤੇ ਫਰਾਂਸੀਸੀ ਵਪਾਰੀਆਂ ਨੂੰ ਪਸੰਦ ਕਰਦੇ ਸਨ ਜੋ ਉਨ੍ਹਾਂ ਤੋਂ ਖੱਲਾਂ ਤੇ ਜੱਤਾਂ ਲੈ ਕੇ ਉਸ ਬਦਲੇ ਖੰਡ ਤੇ ਹੋਰ ਰੋਜ਼ਾਨਾ ਲੋੜ ਵਾਲੀਆਂ ਚੀਜ਼ਾਂ ਦਿੰਦੇ ਸਨ। 1763-64 ਰੈਡ ਇੰਡੀਅਨਾਂ ਨੇ ਬ੍ਰਿਟਿਸ਼ ਵਿਰੁੱਧ ਬਗ਼ਾਵਤ ਕਰ ਦਿੱਤੀ ਜਿਸ ਦਾ ਕਾਰਨ ਸੀ ਕਿ ਉਨ੍ਹਾਂ ਨੂੰ ਡਰ ਹੋ ਗਿਆ ਕਿ ਸੱਤ ਸਾਲਾ ਯੁੱਧ ਮਗਰੋਂ ਉੱਤਰੀ ਅਮਰੀਕਾ ਦੀ ਮੁਰੱਬੇਬੰਦੀ ਉਨ੍ਹਾਂ ਦੀਆਂ ਔਕੜਾਂ ਵਿੱਚ ਵਾਧਾ ਕਰੇਗੀ। ਇਸ ਨੂੰ ਪੋਨਟੈਕ ਦੀ ਸਾਜਿਸ਼ ਵੀ ਆਖਦੇ ਹਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੇਨੇਸੇਲੇਵੀਆਂ, ਮੈਰੀਲੈਂਡ ਅਤੇ ਵਰਜੀਨੀਆ ਦੀ ਸੀਮਾ ਨਾਲ ਲੱਗਦੇ ਜ਼ਿਲ੍ਹੇ ਬਰਬਾਦ ਹੋ ਗਏ। ਇਹ ਗੱਲ ਬ੍ਰਿਟਿਸ਼ ਫੌਜ ਦੀ ਹਾਜ਼ਰੀ ਕਾਰਨ ਹੋਰ ਬਰਬਾਦ ਹੋਣੋਂ ਬਚ ਗਈ। ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਜਦੋਂ ਕਲੋਨੀਆਂ ਪਾਸ ਕੋਈ ਸਾਂਝਾ ਜ਼ਰੀਆ ਨਹੀਂ ਸੀ ਜਿਸ ਨਾਲ ਕੋਈ ਕਾਰਵਾਈ ਕਰਨ, ਉਹ ਆਪਣੇ ਆਪ ਅਸੰਗਠਿਤ ਸਨ ਤੇ ਸੁਰੱਖਿਆ ਲਈ ਆਪਣੇ ਆਪ ਨੂੰ ਸੰਗਠਿਤ ਕਰਨ ਲਈ ਰਾਜ਼ੀ ਨਹੀਂ ਸਨ। ਫਿਰ ਵੀ ਆਪਣੇ ਆਪ ਨੂੰ ਸੰਗਠਿਤ ਕਰਨ ਲਈ ਰਾਜ਼ੀ ਨਹੀਂ ਸਨ। ਫਿਰ ਵੀ ਆਪਣੇ ਆਪ ਨੂੰ ਬਚਾਉਣ ਲਈ ਇਹ ਫੌਜ ਰੱਖਣੀ ਜ਼ਰੂਰੀ ਸੀ ਅਤੇ ਇਹ ਅਨੁਮਾਨ ਲਗਾਇਆ ਗਿਆ ਕਿ ਇਸ ਉੱਪਰ ਸਾਲਾਨਾ 3,50,000 ਪਾਊਂਡ ਖ਼ਰਚ ਹੋਣਗੇ। ਬ੍ਰਿਟਿਸ਼ ਨੀਤੀ ਬਣਾਉਣ ਵਾਲੇ ਲੰਡਨ ਵਿੱਚ ਇਹ ਕੋਸ਼ਿਸ਼ ਕਰ ਰਹੇ ਸਨ ਕਿ ਕਲੋਨੀਆਂ ਨੂੰ ਘੱਟੋ-ਘੱਟ ਇਸ ਵਿੱਚੋਂ ਕੁੱਝ ਹਿੱਸਾ ਜ਼ਰੂਰ ਮਿਲਣਾ ਚਾਹੀਦਾ ਹੈ।

ਅਜਿਹੀ ਸਥਿਤੀ ਸੀ ਜਦੋਂ 1763 ਵਿੱਚ ਜਾਰਜ ਗਰੇਨਵਿਲ ਪ੍ਰਧਾਨ ਮੰਤਰੀ ਬਣਿਆ। ਦੋ ਸਮੱਸਿਆਵਾਂ ਉਸ ਦਾ ਤੁਰੰਤ ਧਿਆਨ ਮੰਗਦੀਆਂ ਸਨ। ਬਸਤੀਵਾਦੀ ਸੁਰੱਖਿਆ ਅਤੇ ਨਵੇਂ ਇਲਾਕਿਆਂ ਦਾ ਸੰਗਠਨ ਅਤੇ ਦੂਜੀ ਬਸਤੀਵਾਦੀਆਂ ਦਾ ਵਪਾਰ ਕਾਨੂੰਨ ਦੀ ਟਾਲਮਟੋਲ। ਉਸ ਨੇ ਪਹਿਲੀ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਤੇ ਖ਼ਰਚ ਦੀ ਸੀਮਾਬੰਦੀ ਕੀਤੀ ਤੇ ਅਮਰੀਕਨਾਂ ਨੂੰ ਹਿੱਸਾ ਦੇਣ ਲਈ ਹੁਕਮ ਕੀਤਾ। ਉਸ ਦੀ ਖਰਚ ਦੀ ਪਾਬੰਦੀ ਦੀ ਵਿਧੀ ਅਜਿਹੀ ਸੀ ਜਿਸ ਨਾਲ ਰੈਡ ਇੰਡੀਅਨ ਯੁੱਧ ਨੂੰ ਰੋਕਿਆ ਜਾਵੇ। ਆਰਥਿਕਤਾ ਨੂੰ ਬਚਾਉਣ ਲਈ ਉਸ ਨੇ ਪੱਛਮ ਵੱਲ ਦੇ ਹੋਰ ਵਿਸਥਾਰ ਨੂੰ ਰੋਕ ਦਿੱਤਾ ਅਤੇ ਰੈਡ ਇੰਡੀਅਨਾਂ ਲਈ ਖੁੱਲ੍ਹੇ ਮੈਦਾਨ ਰਾਖਵੇਂ ਕਰ ਦਿੱਤੇ। ਇਸ ਸਭ ਕੁੱਝ ਬਾਰੇ ਅਮਰੀਕੀ-ਬਸਤੀਵਾਦੀਆਂ ਨੇ ਤਿੱਖਾ ਪ੍ਰਤਿਕ੍ਰਮ ਦਿਖਾਇਆ।

ਫਿਰ ਗਰੇਨਵਿਲ ਨੇ ਬਸਤੀਵਾਦੀ ਡਾਕ ਵੀ ਪੜ੍ਹਨੀ ਸ਼ੁਰੂ ਕਰ ਦਿੱਤੀ ਜੋ ਉਸ ਦੇ ਪਹਿਲਾਂ ਅਧਿਕਾਰੀ ਨਹੀਂ ਸਨ ਪੜ੍ਹਦੇ। ਉਸ ਨੇ ਕਲੋਨੀਆਂ ਨੂੰ ਸਿਆਣਪ ਤੇ ਹਿੱਤਕਾਰੀ ਢੰਗ ਨਜ਼ਰ-ਅੰਦਾਜ਼ ਕਰਨ ਦੀ ਨੀਤੀ ਮੰਨਣੋਂ ਅਸਵੀਕਾਰਤਾ ਦਿੱਤੀ। ਸ਼ਾਇਦ ਇਹੀ ਕਾਰਨ ਸੀ ਕਿ ਗ੍ਰੇਟ ਬ੍ਰਿਟੇਨ ਨੇ ਅਮਰੀਕਾ ਨੂੰ ਆਪਣੇ ਹੱਥੋਂ ਗੁਆ ਲਿਆ। ਉਸ ਨੇ ਡਿਊਟੀਆਂ ਦੇ ਕ੍ਰਮ ਨੂੰ ਬਦਲ ਦਿੱਤਾ ਅਤੇ ਪੁਰਾਣੀ ਵਪਾਰ ਪ੍ਰਣਾਲੀ ਲਾਗੂ ਕਰਨ ਦਾ ਯਤਨ ਕੀਤਾ ਤਾਂ ਕਿ ਜਲ ਸੈਨਾ ਲਗਾ ਕੇ ਸਮਗਲਿੰਗ ਰੋਕੀ ਜਾ ਸਕੇ। ਅਮਰੀਕਾ ਦੀਆਂ ਆਮ ਅਦਾਲਤਾਂ ਨੇ ਸਮਗਲਿੰਗ ਬਾਰੇ ਫੈਸਲਾ ਕਰਨ ਤੋਂ ਇਨਕਾਰ ਕਰ ਦਿੱਤਾ।

ਗਰੇਨਵਿਲ ਨੇ ਇਕ ''ਕੋਰਟ ਆਫ਼ ਐਡਮੈਰਿਲਿਟੀ ਫਾਰ ਅਮਰੀਕਾ'' ਸਥਾਪਤ ਕੀਤੀ ਜਿਸ ਵਿੱਚ ਅਜਿਹੇ ਕੇਸਾਂ ਬਾਰੇ ਮੁਕੱਦਮੇ ਚਲਾਏ ਜਾ ਸਕਣ। ਅਖ਼ੀਰ 1765 ਵਿੱਚ ਉਸ ਨੇ ''ਸਟੈਂਪ ਐਕਟ'' ਪਾਸ ਕੀਤਾ ਜਿਸ ਅਧੀਨ ਅਮਰੀਕਾ ਵਿੱਚ ਕਾਨੂੰਨੀ ਲੈਣ ਦੇਣ ਉੱਪਰ ਕਰ ਲਗਾਇਆ ਗਿਆ। ਇਸ ਪ੍ਰਕਾਰ ਉਗਰਾਹੀ ਰਕਮ ਬਸਤੀਆਂ ਦੀ ਸੁਰੱਖਿਆ ਉੱਪਰ ਖਰਚੀ ਜਾਣੀ ਸੀ।

ਬਸਤੀਵਾਦੀਆਂ ਨੇ ਸਟੈਂਪ ਐਕਟ ਦਾ ਡੱਟ ਕੇ ਵਿਰੋਧ ਕੀਤਾ ਅਤੇ ਉਨ੍ਹਾਂ ਦਾ ਪ੍ਰਸਿੱਧ ਨਾਹਰਾ ਸੀ, ''ਪ੍ਰਤੀਨਿਧਤਾ ਬਿਨਾਂ ਕੋਈ ਕਰਬੰਦੀ ਨਹੀਂ।'' ਵਿਰੋਧ ਵਿੱਚ ਇਕੱਤਰਤਾਵਾਂ ਹੋਈਆਂ ਤੇ ਮਤੇ ਪਾਸ ਕੀਤੇ ਗਏ ਤੇ ਇੰਗਲੈਂਡ ਨੂੰ ਭੇਜੇ ਗਏ। ਕਈ ਥਾਵਾਂ ਤੇ ਗੜਬੜ ਵੀ ਹੋਈ, ਸਰਕਾਰੀ ਦਫ਼ਤਰਾਂ ਤੇ ਕਬਜ਼ੇ ਕਰਕੇ ਸਟੈਂਪ ਪੇਪਰ ਨਸ਼ਟ ਕੀਤੇ ਗਏ। ਬਸਤੀਵਾਦੀਆਂ ਨੇ ਬ੍ਰਿਟੇਨ ਵਿੱਚ ਬਣਾਈਆਂ ਗਈਆਂ ਚੀਜ਼ਾਂ ਦੀ ਵਰਤੋਂ ਉਨ੍ਹਾਂ ਚਿਰ ਲਈ ਰੋਕ ਦਿੱਤੀ ਜਿਨਾਂ ਚਿਰ ਇਹ ਐਕਟ ਰੱਦ ਨਹੀਂ ਕੀਤਾ ਜਾਂਦਾ। ਅਮਰੀਕਾ ਤੇ ਗ੍ਰੇਟ ਬ੍ਰਿਟੇਨ ਵਿਚਕਾਰ ਵਪਾਰ ਦੀ ਕੀਮਤ ਘੱਟ ਗਈ ਅਤੇ ਬ੍ਰਿਟਿਸ਼ ਵਪਾਰੀ ਚੌਕੰਨੇ ਹੋ ਗਏ।

1766 ਵਿੱਚ ਗਰੇਨਵਿਲ ਦੇ ਅਸਤੀਫੇ ਮਗਰੋਂ ਪੁਰਾਣੇ ਵਿੱਗ ਅਰਲ ਆਫ ਰੋਕਿੰਗਹਮ ਸੱਤਾ ਵਿੱਚ ਆ ਗਿਆ। 1766 ਵਿੱਚ ਸਟੈਂਪ ਐਕਟ ਰੱਦ ਕਰ ਦਿੱਤਾ ਗਿਆ, ਪਰ ਡੈਕਲੇਟਰੀ ਐਕਟ ਪਾਸ ਕਰ ਦਿੱਤਾ ਗਿਆ ਜਿਸ ਅਧੀਨ ਬ੍ਰਿਟਿਸ਼ ਪਾਰਲੀਮੈਂਟ ਨੂੰ ਕਲੋਨੀਆਂ ਉੱਪਰ ਕਰ ਲਗਾਉਣ ਦਾ ਸਰਵਉੱਚ ਅਧਿਕਾਰ ਮਿਲ ਗਿਆ। ਅਜਿਹੇ ਬਿਆਨ ਬਾਰੇ ਆਇਰਲੈਂਡ ਵਿੱਚ ਪਹਿਲਾਂ ਬੜੀ ਨਫ਼ਰਤ ਫੈਲੀ ਸੀ ਤੇ ਪ੍ਰਸਿੱਧ ਨਾਹਰਾ ''ਪ੍ਰਤੀਨਿਧਤਾ ਬਿਨਾਂ ਕਰਬੰਦੀ ਨਹੀਂ'' 30 ਸਾਲ ਲਗਾਇਆ ਜਾਂਦਾ ਰਿਹਾ। ਭਾਵੇਂ ਅਮਰੀਕਨ ਸਟੈਂਪ ਡਿਊਟੀ ਐਕਟ ਦੇ ਰੱਦ ਹੋਣ ਤੇ ਪ੍ਰਸੰਨ ਸਨ, ਫਿਰ ਵੀ ਉਨ੍ਹਾਂ ਨੇ ਬ੍ਰਿਟਿਸ਼ ਪਾਰਲੀਮੈਂਟ ਨੂੰ ਕਰ ਲਗਾਉਣ ਲਈ ਮਿਲੀ ਸੱਤਾ ਦਾ ਵਿਰੋਧ ਕੀਤਾ, ਪਰ ਇਸ ਨਾਲ ਝਗੜਾ ਸ਼ਾਂਤ ਹੋਇਆ ਤੇ ਡੈਕਲੇਟਰੀ ਐਕਟ ਨੂੰ ਜ਼ਿਆਦਾ ਸਖਤੀ ਨਾਲ ਲਾਗੂ ਕੀਤਾ ਗਿਆ।

1767 ਵਿੱਚ ਟਾਊਨਸ਼ੈਂਡ ਵਿਖੇ ਚਾਨਸਲਰ ਆਫ ਐਕਸਚੈਕਰ ਨੇ ਵਿਚਾਰ ਪ੍ਰਗਟ ਕੀਤਾ ਕਿ ਅਮਰੀਕਾ ਦਾ ਇਤਰਾਜ਼ ਅਪ੍ਰਤੱਖ ਕਰਬੰਦੀ ਤੇ ਨਹੀਂ ਲੱਗਦਾ ਜੋ ਕੇਵਲ ਬੰਦਰਗਾਹਾਂ ਤੇ ਲਗਾਇਆ ਜਾਂਦਾ ਹੈ। ਉਸ ਨੇ ਚਾਹ, ਸ਼ੀਸ਼ਾ, ਲਾਲ ਤੇ ਚਿੱਟਾ ਸਿੱਕਾ ਚਿੱਤਰਕਾਰਾਂ ਦੇ ਰੰਗਾਂ ਅਤੇ ਕਾਗਜ਼ ਉੱਪਰ ਨਿਰਯਾਤ/ਕਸਟਮ ਡਿਊਟੀ ਲਗਾ ਦਿੱਤੀ। ਫਿਰ ਵੀ ਬਸਤੀਵਾਦੀਆਂ ਨੇ ਇਨ੍ਹਾਂ ਉਪਾਵਾਂ ਦਾ ਵਿਰੋਧ ਕੀਤਾ, ਉਨ੍ਹਾਂ ਦਾ ਗੁੱਸਾ ਬੜਾ ਪ੍ਰਚੰਡ ਸੀ ਤੇ ਕ੍ਰਾਂਤੀਕਾਰੀ ਪੈਟਰਨ ਤੇ ਸੰਗਠਨ ਤੇ ਨੇਤ੍ਰਤਵ ਹੋਂਦ ਵਿੱਚ ਆਉਣ ਲੱਗਾ। 1770 ਵਿੱਚ ਪ੍ਰਧਾਨ ਮੰਤਰੀ ਲਾਰਡ ਨਾਰਥ ਨੇ ਚਾਹ ਤੋਂ ਬਿਨਾਂ ਬਾਕੀ ਸਭ ਤੇ ਟਾਊਨਸ਼ੈਂਡ ਡਿਊਟੀ ਖਤਮ ਕਰ ਦਿੱਤੀ ਅਤੇ ਇਹ ਜਾਰਜ III ਦੀ ਇੱਛਾ ਅਨੁਸਾਰ ਰੱਖੀ ਗਈ ਜਿਸ ਦਾ ਮੁੱਖ ਕਾਰਨ ਸੀ ਕਿ ਅਮਰੀਕਾ ਤੇ ਕਰ ਲਾਏ ਜਾਣ ਦਾ ਅਧਿਕਾਰ ਉਨ੍ਹਾਂ ਪਾਸ ਹੈ ਤੇ ਨਾ ਕਿ ਇਸ ਨਾਲ ਉਨ੍ਹਾਂ ਨੂੰ ਜ਼ਿਆਦਾ ਮਾਮਲਾ ਮਿਲ ਸਕਦਾ ਸੀ। ਬਸਤੀਵਾਦੀਆਂ ਨੇ ਬ੍ਰਿਟਿਸ਼ ਸਰਕਾਰ ਤੇ ਇਹ ਦੋਸ਼ ਲਗਾਇਆ ਕਿ ਇਹ ਟੈਕਸ ਖਤਮ ਕਰਨ ਦਾ ਮਨੋਰਥ ਹੈ ਕਿ ਅਮਰੀਕਾ ਦੀ ਮੰਡੀ ਵਿੱਚ ਸਸਤੀਆਂ ਚੀਜ਼ਾਂ ਦਾ ਹੜ੍ਹ ਲਿਆ ਦਿੱਤਾ ਜਾਵੇ ਜਿਨ੍ਹਾਂ ਤੇ ਪਹਿਲਾਂ ਹੀ ਟੈਕਸ ਲੱਗਾ ਹੋਇਆ

ਹੈ।

ਲਾਰਡ ਨਾਰਥ ਦੀ ਸਰਕਾਰ ਨੇ ਈਸਟ ਇੰਡੀਆ ਕੰਪਨੀ ਨੂੰ ਚਾਹ ਦੀ ਕੀਮਤ ਬਹੁਤ ਘੱਟ ਕਰਕੇ ਸਿੱਧੀ ਅਮਰੀਕਾ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ। ਬਸਤੀਵਾਦੀਆਂ ਨੂੰ ਸਸਤੀ ਚਾਹ ਭੇਜਣ ਦਾ ਸੰਕਲਪ ਇਹ ਸੀ ਕਿ ਇਸ ਨਾਲ ਸਮਗਲਿੰਗ ਬਿਲਕੁਲ ਲਾਭਰਹਿਤ ਹੋ ਜਾਵੇਗੀ। ਪਰ ਫਿਰ ਵੀ ਬਸਤੀਵਾਦੀਆਂ ਨੇ ਚਾਹ ਲੈਣੋਂ ਨਾਂਹ ਕਰ ਦਿੱਤੀ ਅਤੇ 1773 ਵਿੱਚ ਬੋਸਟਨ ਵਿਖੇ ਚਾਹ ਦਾ ਜਹਾਜ਼ ਭੇਜਿਆ ਤੇ ਉਨ੍ਹਾਂ ਨੇ ਚਾਹ ਦੀਆਂ ਪੇਟੀਆਂ ਸਮੁੰਦਰ ਵਿੱਚ ਸੁੱਟ ਦਿੱਤੀਆਂ। ਲੰਡਨ ਆਪਣਾ ਪ੍ਰਤੀਕ੍ਰਮ ਵਿਖਾਉਂਦਿਆਂ ਹੋਏ ਬੋਸਟਨ ਤੋਂ ਕਸਟਮ ਹਾਊਸ ਨੂੰ ਹਟਾ ਦਿੱਤਾ ਅਤੇ ਮੈਸ਼ਚਐਸਟਜ਼ (Masschusetts) ਚਾਰਟਰ ਮਨਸੂਖ ਕਰ ਦਿੱਤਾ। ਇਸ ਦਾ ਸਿੱਟਾ ਇਹ ਹੋਇਆ ਕਿ 1774 ਵਿੱਚ ਫਿਲਡੈਲਫੀਆ ਵਿਖੇ ਕਾਂਗਰਸ ਬੁਲਾਈ ਗਈ। ਫਿਲਡੈਲਫੀਆ ਕਾਂਗਰਸ ਨੇ ਜਿਸ ਵਿੱਚ ਸਿਵਾਏ ਜਾਰੀਆ ਦੇ ਸਭ ਸਟੇਟਾਂ ਨੇ ਭਾਗ ਲਿਆ। ਬ੍ਰਿਟਿਸ਼ ਦੁਆਰਾ ਪਾਸ ਕੀਤੇ ਕਾਨੂੰਨਾ ਦੀ ਨਿੰਦਾ ਕੀਤੀ ਅਤੇ ਉਨ੍ਹਾਂ ਚਿਰ ਲਈ ਗ੍ਰੇਟ ਬ੍ਰਿਟੇਨ ਨਾਲ ਵਪਾਰ ਬੰਦ ਕਰਨ ਦਾ ਐਲਾਨ ਕਰ ਦਿੱਤਾ ਜਿਨ੍ਹਾਂ ਚਿਰ ਸ਼ਿਕਾਇਤਾਂ ਦਾ ਨਿਵਾਰਣ ਨਹੀਂ ਕੀਤਾ ਜਾਂਦਾ। ਦੂਜੀ ਅਮਰੀਕੀ ਕਾਂਗਰਸ 1775 ਵਿੱਚ ਹੋਈ ਤੇ ਉਨ੍ਹਾਂ ਨੇ ਓਲਿਵ ਬ੍ਰਾਂਚ ਪਟੀਸ਼ਨ ਬਾਦਸ਼ਾਹ ਨੇ ਭੇਜੀ ਤੇ ਬੇਨਤੀ ਕੀਤੀ ਕਿ 1765 ਤੋਂ ਬਾਅਦ ਜੋ ਕੁੱਝ ਕਾਨੂੰਨ ਪਾਸ ਹੋਏ ਹਨ ਉਨ੍ਹਾਂ ਨੂੰ ਰੱਦ ਕੀਤਾ ਜਾਵੇ। ਪਰ ਜਾਰਜ III ਨੇ 'ਬਾਗੀ ਇਕੱਠ' ਵੱਲੋਂ ਭੇਜੇ ਪੱਤਰ ਬਾਰੇ ਵਿਚਾਰ ਕਰਨੋਂ ਇਨਕਾਰ ਕਰ ਦਿੱਤਾ। ਅਖੀਰ ਅਪ੍ਰੈਲ 1775 ਵਿੱਚ ਲੜਾਈ ਸ਼ੁਰੂ ਹੋ ਗਈ ਜਦੋਂ ਜਨਰਲ ਗੇਜ਼ ਨੇ ਬੋਸਟਨ ਵਿਖੇ ਗੈਰ-ਕਾਨੂੰਨੀ ਗੰਨ ਪਾਊਡਰ ਡਿਪੋ ਕਾਨਰਡ ਤੇ ਹਮਲਾ ਕਰ ਦਿੱਤਾ। ਫੌਜ ਦੀ ਵਰਤੋਂ ਕੀਤੀ ਗਈ ਤੇ ਦੋਨਾਂ ਧਿਰਾਂ ਦੇ ਕਾਫੀ ਬੰਦੇ ਮਾਰੇ ਗਏ। ਇਸ ਤਰ੍ਹਾਂ ਅਮਰੀਕੀ ਆਜ਼ਾਦੀ ਦੀ ਲੜਾਈ ਸ਼ੁਰੂ ਹੋ ਗਈ।

ਯੁੱਧ ਦੀਆਂ ਘਟਨਾਵਾਂ ਦਾ ਵਿਸਤ੍ਰਿਤ ਬਿਆਨ ਇਸ ਪਾਠ ਦੇ ਘੇਰੇ ਵਿੱਚ ਨਹੀਂ ਆਉਂਦਾ। ਫਿਰ ਵੀ ਇਹ ਆਖਿਆ ਜਾ ਸਕਦਾ ਹੈ ਕਿ ਇਸ ਯੁੱਧ ਵਿੱਚ ਦੋਨਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ। ਪਹਿਲੇ ਦੋ ਸਾਲਾਂ (1775-76) ਦੇ ਦੌਰਾਨ ਜਦੋਂ ਇਕੱਲੇ ਅਮਰੀਕਨ ਲੜ ਰਹੇ ਸਨ ਤੇ ਬ੍ਰਿਟਿਸ਼ ਨੇ ਉੱਤਰੀ ਤੇ ਵਿਚਕਾਰਲੀਆਂ ਕਲੋਨੀਆਂ ਵਿੱਚ ਵਿਰੋਧਤਾ ਨੂੰ ਦਬਾਉਣ ਦਾ ਯਤਨ ਕੀਤਾ ਜੋ ਮੁਕਾਬਲੇ ਲਈ ਜ਼ਿਆਦਾ ਬਜ਼ਿੱਦ ਸਨ। ਪਹਿਲੀ ਮਹੱਤਵਪੂਰਨ ਲੜਾਈ ਲੈਕਸੀਟਿੰਗਟਨ ਵਿਖੇ 1775 ਵਿੱਚ ਜਿਸ ਵਿੱਚ ਬਸਤੀਵਾਦੀ ਜਿੱਤ ਗਏ। ਬਾਅਦ ਵਿੱਚ ਉਹਨਾਂ ਨੇ ਜਨਰਲ ਗੇਜ ਤੇ ਉਸ ਦੀ ਫੌਜ ਨੂੰ ਬੋਸਟਨ ਵਿਖੇ ਘੇਰਾ ਪਾ ਲਿਆ ਪਰ ਉਹ ਬੈਂਕਰ ਹਿੱਲ ਦੀ ਲੜਾਈ ਵਿੱਚ ਹਾਰ ਗਏ। ਫਿਰ ਵੀ ਜਨਰਲ ਗੇਜ ਤੇ ਉਸ ਦੀ ਫੌਜ ਨੂੰ ਬੋਸਟਨ ਛੱਡ ਕੇ ਹੇਲੀਫੈਕਸ ਜਾਣ ਲਈ ਮਜ਼ਬੂਰ ਕਰ ਦਿੱਤਾ। ਇਸੇ ਦੌਰਾਨ ਉੱਤਰੀ ਸਟੇਟਾਂ ਨੇ ਕੈਨੇਡਾ ਤੇ ਹਮਲਾ ਕਰ ਦਿੱਤਾ। ਮਾਂਟਰੀਅਲ ਤੇ ਕਬਜ਼ਾ ਕਰ ਲਿਆ ਤੇ ਕੁਏਬਲ ਨੂੰ ਘੇਰ ਲਿਆ, ਉਹਨਾਂ ਨੂੰ ਪਿੱਛੇ ਹਟਣਾ ਪਿਆ ਤੇ ਉਹਨਾਂ ਦਾ ਜਰਨੈਲ ਮੈਂਟਗੁਮਰੀ ਮਾਰਿਆ ਗਿਆ। ਜੁਲਾਈ 1776 ਵਿੱਚ ਕਾਂਗਰਸ ਨੇ ਆਜ਼ਾਦੀ ਦਾ ਐਲਾਨ ਕੀਤਾ ਅਤੇ ਇਹ ਆਖਿਆ ਕਿ ਹੁਣ ਕਲੋਨੀਆਂ ਗ੍ਰੇਟ ਬ੍ਰਿਟੇਨ ਦੇ ਅਧੀਨ ਨਹੀਂ ਹਨ। ਇਸ ਐਲਾਨ ਤੋਂ ਜਲਦੀ ਮਗਰੋਂ ਲਾਰਡ ਹੋਮ ਦੀ ਕਮਾਂਡ ਅਧੀਨ ਬ੍ਰਿਟਿਸ਼ ਫੌਜ ਨੇ ਵਾਸ਼ਿੰਗਟਨ ਨੂੰ ਹਰਾਇਆ ਤੇ ਨਿਊਯਾਰਕ ਨੂੰ ਘੇਰਾ ਪਾ ਲਿਆ। ਪਰ 1777

ਵਿੱਚ ਬ੍ਰਿਟਿਸ਼ ਨੇ ਉੱਤਰੀ ਅਮਰੀਕੀ ਕਲੋਨੀਆਂ ਨੂੰ ਵੱਖ ਕਰਨ ਲਈ ਬਰਗੋਨੇ ਦੀ ਕਮਾਂਡ ਵਿੱਚ ਫੌਜ ਚੈਪਲਿੰਗ ਲੇਕ ਰਾਹੀਂ ਕਨੇਡਾ ਤੇ ਫੌਜ ਭੇਜੀ ਪਰ ਨਾਕਾਮਯਾਬ ਰਹੀ। ਸਾਰਾਟੋਗਾ ਵਿੱਚ ਬ੍ਰਿਟਿਸ਼ ਫੌਜ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਕਰ ਦਿੱਤਾ ਗਿਆ, ਇਸ ਘਟਨਾ ਨਾਲ ਉੱਤਰੀ ਕਲੋਨੀਆਂ ਜਿੱਤ ਗਈਆਂ।

ਸਾਰਾਟੋਗਾ ਦਾ ਸਮਰਪਣ ਇਸ ਲੜਾਈ ਵਿੱਚ ਨਵਾਂ ਮੋੜ ਸੀ। ਫ੍ਰਾਂਸ ਨੇ 1778 ਵਿੱਚ ਕਲੋਨੀਆਂ ਦੀ ਆਜ਼ਾਦੀ ਨੂੰ ਤਸਲੀਮ ਕਰ ਲਿਆ ਤੇ ਇੰਗਲੈਂਡ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਫ੍ਰਾਂਸ ਨੇ ਮਹਿਸੂਸ ਕੀਤਾ ਕਿ ਹੁਣ ਵੇਲਾ ਆ ਗਿਆ ਹੈ ਕਿ ਆਪਣੀ ਪਿਛਲੀ ਹਾਰ ਦਾ ਬਦਲਾ ਲਿਆ ਜਾਵੇ। ਫ੍ਰਾਂਸ ਦੀ ਲੜਾਈ ਵਿੱਚ ਕੁੱਦਣਾ ਬਹੁਤ ਫੈਸਲਾਕੁੰਨ ਸੀ। ਫ੍ਰਾਂਸ ਦੀ ਜਲ ਸੈਨਾ ਨੇ ਵੈਸਟ ਇੰਡੀਜ਼ ਤੇ ਹਮਲਾ ਕਰ ਦਿੱਤਾ ਜਿਸ ਦਾ ਮੁਕਾਬਲਾ ਕਰਨਾ ਲਾਜ਼ਮੀ ਸੀ ਕਿਉਂਕਿ ਫ੍ਰਾਂਸ ਨੇ ਬ੍ਰਿਟਿਸ਼ ਤੇ ਅਮਰੀਕਾ ਨਾਲ ਸੰਚਾਰ ਸਾਧਨ ਖ਼ਤਮ ਕਰ ਦਿੱਤੇ ਸਨ। ਅਮਰੀਕਾ ਨੂੰ ਫ੍ਰਾਂਸ ਦੁਆਰਾ ਭੇਜੀ ਗਈ ਅਸਲੀ ਸੈਨਾ ਨੇ ਬਹੁਤਾ ਕੰਮ ਨਾ ਕੀਤਾ ਪਰ ਫ੍ਰਾਂਸ ਦੇ ਜਲ ਸੈਨਾ ਦੇ ਹਮਲੇ ਨੇ ਬ੍ਰਿਟੇਨ ਨੂੰ ਪਿੰਗਲਾ ਬਣਾ ਦਿੱਤਾ ਤੇ ਉਸ ਲਈ ਜਿੱਤ ਅਸੰਭਵ ਕਰ ਦਿੱਤੀ। ਬਾਅਦ ਵਿੱਚ ਅਮਰੀਕੀ ਗ਼ੈਰ-ਸਰਕਾਰੀ ਸੈਨਾ ਜਾਂ ਲੁਟੇਰਿਆਂ ਨੇ ਵੀ ਬ੍ਰਿਟਿਸ਼ ਤੇ ਹਮਲੇ ਸ਼ੁਰੂ ਕਰ ਦਿੱਤੇ।

1779 ਤੋਂ 1780 ਵਿੱਚ ਕ੍ਰਮਵਾਰ ਸਪੇਨ ਤੇ ਹਾਲੈਂਡ ਵੀ ਬ੍ਰਿਟਿਸ਼ ਵਿਰੁੱਧ ਯੁੱਧ ਵਿੱਚ ਸ਼ਾਮਲ ਹੋ ਗਏ। ਉੱਤਰੀ ਤਾਕਤਾਂ-ਪਰੂਸ਼ੀਆਂ, ਰੂਸ, ਡੈਨਮਾਰਕ ਤੇ ਸਵੀਡਨ ਨੇ ਫੌਜੀ ਲੀਗ ਬਣਾ ਕੇ ਨਿਰਪੱਖ ਰਹਿਣ ਦਾ ਫੈਸਲਾ ਕਰ ਲਿਆ। ਇਸ ਸਮਝੌਤੇ ਦਾ ਪ੍ਰਯੋਜਨ ਸੀ ਕਿ ਬ੍ਰਿਟਿਸ਼ ਯੁੱਧ ਲਈ ਵਪਾਰੀ ਜਹਾਜ਼ ਨਾ ਪ੍ਰਾਪਤ ਕਰ ਲਵੇ। ਮੇਡੀਟਰੇਨੀਅਨ ਵਿਖੇ ਫਰਾਂਸੀਸੀ ਤੇ ਸਪੇਨੀ ਜਹਾਜ਼ਾਂ ਨੇ ਬ੍ਰਿਟੇਨ ਤੇ ਹਮਲਾ ਕਰ ਦਿੱਤਾ ਜਿੱਥੇ ਜਿਬਰਾਲਟਰ ਤੇ ਮਿਨੋਰਕਾ ਨੂੰ ਘੇਰ ਲਿਆ ਗਿਆ। ਫ੍ਰਾਂਸ ਨੇ ਆਪਣੇ ਜਹਾਜ਼ ਭਾਰਤ ਵਿੱਚ ਰਹਿੰਦੇ ਬ੍ਰਿਟਿਸ਼ਾਂ ਤੇ ਹਮਲਾ ਕਰਨ ਲਈ ਭੇਜ ਦਿੱਤੇ। ਇਸ ਲਈ ਹੁਣ ਬ੍ਰਿਟਿਸ਼ ਨੂੰ ਯੂਰਪ ਦੀ ਇਕ ਹੋਰ ਜਲ ਸੈਨਾ ਵਿਰੁੱਧ ਯੁੱਧ ਕਰਨਾ ਪਿਆ। ਉਸ ਨੇ ਭਾਰਤ, ਜਿਬਰਾਲਟਰ ਤੇ ਵੈਸਟ ਇੰਡੀਜ਼ ਨੂੰ ਵੀ ਬਚਾਉਣਾ ਸੀ ਅਤੇ ਨਾਲ ਹੀ ਬਸਤੀਵਾਦੀਆਂ ਵਿਰੁੱਧ ਯੁੱਧ ਜਾਰੀ ਰੱਖਣਾ ਸੀ।

ਅਮਰੀਕਾ ਵਿੱਚ 1777-81 ਦੇ ਸਮੇਂ ਦੌਰਾਨ ਕਲੋਨੀਆਂ ਤੇ ਕਬਜ਼ਾ ਕਰਨ ਲਈ ਗੰਭੀਰ ਯਤਨ ਕੀਤੇ ਗਏ ਕਿਉਂਕਿ ਉੱਤਰ ਨਾਲੋਂ ਇੱਥੇ ਬ੍ਰਿਟਿਸ਼ ਦਾ ਮੁਕਾਬਲਾ ਸਖ਼ਤ ਨਹੀਂ ਸੀ। ਲਾਰਡ ਕਾਰਨਵਾਲਿਸ ਨੇ ਚਾਰਲਸਟਨ ਨੂੰ ਜਿੱਤਿਆ ਤੇ ਕਾਮਡੇਨ ਅਤੇ ਗੁਲਫੋਰਡ ਵਿਖੇ ਬਸਤੀਵਾਦੀਆਂ ਨੂੰ ਹਰਾਇਆ। ਉਹ ਉੱਤਰੀ ਕੇਰੋਲੀਨਾ (North Carolina) ਤੇ ਵਰਜੀਨੀਆਂ ਵਿੱਚ ਕਾਮਯਾਬ ਰਿਹਾ, ਪਰ ਲਗਭਗ ਖਤਮ ਹੋ ਚੁੱਕੀਆਂ ਫੌਜਾਂ ਨਾਲ ਉਹ ਯਾਰਕਟਾਊਨ (Yorktown) ਦੀ ਬੰਦਰਗਾਹ ਤੇ 1781 ਵਿੱਚ ਪੁੱਜਿਆ ਜਿੱਥੇ ਉਸ ਨੂੰ ਫੌਜੀ ਬੇੜਾ ਮਿਲੇਗਾ ਅਤੇ ਉਸ ਦੀਆਂ ਫੌਜਾਂ ਵਿੱਚ ਵਾਧਾ ਹੋਇਆ ਪਰ ਫਰਾਂਸੀਸੀ ਤੇ ਸਪੇਨੀ ਸਾਂਝੀ ਜਲ ਸੈਨਾ ਨੇ ਇੰਗਲਿਸ਼ ਫਲੀਟ ਨੂੰ ਯਾਰਕਟਾਊਨ ਦੇ ਨੇੜੇ ਨਾ ਲੱਗਣ ਦਿੱਤਾ। ਇਸ ਨਾਲ ਕਾਰਨਵਾਲਿਸ ਨੂੰ ਆਤਮ ਸਮਰਪਣ ਕਰਨ ਲਈ ਮਜ਼ ਬੂਰ ਹੋਣਾ ਪਿਆ ਅਤੇ ਇਸ ਨਾਲ ਅਮਰੀਕੀ ਕਲੋਨੀਆਂ ਦੀ ਜਿੱਤ ਪੂਰੀ ਹੋ ਗਈ।

ਸ਼ਾਂਤੀ ਜਿਸ ਨਾਲ ਇਹ ਯੁੱਧ ਖਤਮ ਹੋਇਆ ਉਸ ਦੇ ਦੋ ਪੱਖ ਹਨ। ਇਸ ਪਾਸੇ ਨਵੰਬਰ 1782 ਵਿੱਚ ਬ੍ਰਿਟੇਨ ਨੇ ਸੰਧੀ ਤੇ ਦਸਤਖਤ ਕਰਕੇ 13 ਕਾਲੋਨੀਆਂ ਦੀ

ਆਜ਼ਾਦੀ ਨੂੰ ਤਸਲੀਮ ਕਰ ਲਿਆ ਅਤੇ ਮਿਸੀਸਿਪੀ ਦੇ ਪੂਰਬ ਵੱਲ ਦਾ ਕਾਫੀ ਸਾਰਾ ਇਲਾਕਾ ਉਨ੍ਹਾਂ ਨੂੰ ਸੌਂਪ ਦਿੱਤਾ ਸਿਵਾਏ ਫਲੋਰੀਡਾ ਦੇ ਜਿਸ ਤੇ ਸਪੇਨ ਨੇ ਆਪਣਾ ਦਾਅਵਾ ਜਤਾਇਆ ਸੀ। ਕਨੇਡਾ ਆਪਣੀ ਮਰਜ਼ੀ ਨਾਲ ਤੇ ਬ੍ਰਿਟਿਸ਼ ਆਪਣੀ ਮਰਜ਼ੀ ਨਾਲ ਰਿਹਾ ਭਾਵੇਂ ਸਪੱਸ਼ਟ ਹੱਦਬੰਦੀ ਨਾ ਕੀਤੀ ਗਈ। ਦੂਜੇ ਪਾਸੇ ਫਰਾਂਸ, ਸਪੇਨ ਤੇ ਹਾਲੈਂਡ ਨਾਲ 1783 ਵਿੱਚ ਸੰਧੀਆਂ ਹੋਈਆਂ। ਵਰਸੈਲ ਦੀ ਸੰਧੀ ਨਾਲ ਬੜਾ ਘੱਟ ਫਰਕ ਪਿਆ। ਸਪੇਨ ਨੂੰ ਫਲੋਰੀਡਾ ਪ੍ਰਾਪਤ ਹੋਇਆ ਜੋ ਉਸ ਨੇ 1763 ਵਿੱਚ ਹੱਥੋਂ ਗਵਾ ਲਿਆ ਸੀ। ਇਸ ਤਰ੍ਹਾਂ ਮਿਨੇਰਕਾ ਪ੍ਰਾਪਤ ਕਰ ਲਿਆ ਗਿਆ ਜੋ 1713 ਵਿੱਚ ਹੱਥੋਂ ਨਿਕਲ ਗਿਆ ਸੀ। ਫ੍ਰਾਂਸ ਨੂੰ ਸੈਂਟ ਲੂਸੀਆ ਦਾ ਵੈਸਟ ਇੰਡੀਅਨ ਆਈਲੈਂਡ ਮਿਲ ਗਿਆ ਤੇ 1763 ਵਿੱਚ ਉਸ ਪਾਸੋਂ ਜਿੱਤ ਲਿਆ ਗਿਆ। ਵੈਸਟ ਅਫਰੀਕਨ ਸੈਨੇਗਾਲ ਦਾ ਪ੍ਰਦੇਸ਼ ਮੁੜ ਮਿਲ ਗਿਆ।

## ਬ੍ਰਿਟੇਨ ਦੀ ਹਾਰ ਦੇ ਕਾਰਨ :

ਜਦੋਂ ਯੁੱਧ ਸ਼ੁਰੂ ਹੋਇਆ ਉਦੋਂ ਬਸਤੀਵਾਦੀਆਂ ਦੀ ਹਾਲਤ ਬੜੀ ਮਾੜੀ ਸੀ, ਉਨ੍ਹਾਂ ਪਾਸ ਨਾ ਧਨ ਸੀ ਨਾ ਵਪਾਰ, ਨਾ ਸਮੁੰਦਰੀ ਬੇੜਾ ਤੇ ਫੌਜ ਹੀ ਸੀ। ਇਵੇਂ ਹੀ ਬਹੁਤ ਸਾਰੇ ਅਮਰੀਕਨ ਵਫ਼ਾਦਾਰ ਸਨ ਜੋ ਬ੍ਰਿਟਿਸ਼ ਪੱਖੀ ਸਨ। ਇਸ ਸਭ ਕੁੱਝ ਦੇ ਬਾਵਜੂਦ ਅਮਰੀਕਨ ਜਿੱਤ ਗਏ। ਹੇਠ ਲਿਖੇ ਕੁੱਝ ਮਹੱਤਵਪੂਰਨ ਕਾਰਨ ਹਨ ਜਿਨ੍ਹਾਂ ਕਾਰਨ ਗ੍ਰੇਟ ਬ੍ਰਿਟੇਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ :-

ਪਹਿਲਾ, ਬ੍ਰਿਟਿਸ਼ ਨੇ ਅਮਰੀਕਨਾਂ ਨੂੰ ਧੋਖੇ ਦੇ ਰੂਪ ਵਿੱਚ ਗ਼ਲਤ ਸਮਝਿਆ। ਇਸ ਬਾਰੇ ਵੂਲਫ਼ ਨੇ ਆਖਿਆ ਸੀ ''ਅਮਰੀਕਨ ਆਮ ਤੌਰ ਤੇ ਇੰਨੇ ਮਹਾਂ ਗੰਦੇ ਹਨ, ਅਤਿ ਘਿਰਣਾ ਯੋਗ ਹਨ, ਕਾਹਿਰ ਕੁੱਤੇ ਹਨ ਜਿੰਨਾਂ ਤੁਸੀਂ ਸੋਚ ਸਕਦੇ ਹੋ। ਉਨ੍ਹਾਂ ਤੇ ਕਿਸੇ ਅਮਲ ਵਿੱਚ ਨਿਰਭਰ ਨਹੀਂ ਕੀਤਾ ਜਾ ਸਕਦਾ। ਉਹ ਆਪਣੀ ਗੰਦਗੀ ਤੇ ਬਟਾਲੀਅਨਾਂ ਦੇ ਭੱਜ ਜਾਣ ਨਾਲ ਅਫ਼ਸਰਾਂ ਸਮੇਤ ਸਾਰੇ ਮਰ ਜਾਣਗੇ।'' ਜਨਰਲ ਗੇਜ ਨੇ ਵੀ ਉਨ੍ਹਾਂ ਗ਼ਲਤ ਅਨੁਮਾਨ ਲਗਾਉਂਦਿਆਂ ਫੜ ਮਾਰੀ ਸੀ ਕਿ ਜੇਕਰ ਮੈਨੂੰ ਚਾਰ-ਰੈਜਮੈਂਟਾਂ ਦੇ ਦਿੱਤੀਆਂ ਜਾਣ ਤਾਂ ਮੈਂ ਸਾਰੀਆਂ ਕਲੋਨੀਆਂ ਜਿੱਤ ਲਵਾਂਗਾ।

ਦੂਜਾ, ਬ੍ਰਿਟਿਸ਼ ਉਸ ਧਰਤੀ ਤੇ ਲੜ ਰਹੇ ਸਨ ਜੋ ਉਨ੍ਹਾਂ ਦੇ ਦੇਸ਼ ਤੋਂ 3000 ਮੀਲ ਦੂਰ ਸੀ। ਅਟਲਾਂਟਿਕ ਦੇ ਪਾਰ ਲੰਮੇ ਸਮੇਂ ਲਈ ਫੌਜਾਂ ਦਾ ਅਸਲਾ ਤੇ ਰਾਸ਼ਨ ਦੀ ਢੋਅ-ਢੁਆਈ ਦਾ ਕੰਮ ਔਖਾ ਸੀ। ਫਿਰ ਇਹ ਵੀ ਸੀ ਕਿ ਵਿਸ਼ਾਲ ਦੇਸ਼ ਵਿੱਚ ਜਿੱਥੇ ਸੜਕਾਂ ਨਹੀਂ ਸਨ ਤੇ ਬੜੇ ਹੀ ਘਣੇ ਜੰਗਲ ਸਨ ਉੱਥੇ ਸੈਨਿਕ ਕਾਰਵਾਈ ਕਰਨੀ ਉੱਨੀ ਹੀ ਔਖੀ ਸੀ। ਫਿਰ ਜੋ ਫੌਜਾਂ ਬਗਾਵਤ ਦਬਾਉਣ ਲਈ ਲਗਾਈਆਂ ਗਈਆਂ ਸਨ, ਉਹਨਾਂ ਦੀ ਗਿਣਤੀ ਘੱਟ ਸੀ ਅਤੇ ਜੋ ਅਫਸਰ ਯੂਰਪ ਵਿੱਚ ਯੁੱਧ ਕਰਨ ਲਈ ਸਿਖਲਾਈ ਪ੍ਰਾਪਤ ਕਰ ਚੁੱਕੇ ਸਨ, ਉਹ ਕਲੋਨੀਆਂ ਵਿੱਚ ਲੜਨ ਲਈ ਅਯੋਗ ਸਨ।

ਤੀਸਰਾ, ਬ੍ਰਿਟਿਸ਼ ਨੇ ਵਫਾਦਾਰੀ ਦੀ ਪੂਰੀ ਮੱਦਦ ਲੈਣ ਲਈ ਕੋਈ ਜ਼ਬਰਦਸਤ ਤੇ ਗੰਭੀਰ ਕੋਸ਼ਿਸ਼ ਨਾ ਕੀਤੀ। ਜਰਮਨ ਦੀਆਂ ਹੈਸੀਅਤ ਟੁਕੜੀਆਂ ਜੋ ਜਾਰਜ-III ਨੇ ਮੰਗਵਾਈਆਂ ਸਨ, ਅਤੇ ਜਿਨ੍ਹਾਂ ਨੂੰ ਅਮਰੀਕਾ ਵਿੱਚ ਸ਼ਾਹੀ ਫੌਜ ਦਾ ਬਹੁਤ ਹਿੱਸਾ ਮਿਲਿਆ ਸੀ ਉਨ੍ਹਾਂ ਨੇ ਨਿਊ ਜਰਸੀ ਤੇ ਹੋਰ ਸਟੇਟਾਂ ਵਿੱਚੋਂ ਲੰਘਦਿਆਂ ਬਾਗੀਆਂ ਵਾਂਗ ਵਫਾਦਾਰਾਂ ਦੀ ਜਾਇਦਾਦ ਵੀ ਤਬਾਹ ਕਰ ਦਿੱਤੀ। ਇਹ ਬ੍ਰਿਟਿਸ਼ ਦੀ ਬੜੀ

ਵੱਡੀ ਗਲਤੀ ਸੀ। ਵਫ਼ਾਦਾਰਾਂ ਦੀ ਮੱਦਦ ਉਨ੍ਹਾਂ ਦੇ ਹੱਥੋਂ ਚਲੀ ਗਈ ਜੋ ਦੇਸ਼ ਦੇ ਕੋਨੇ-ਕੋਨੇ ਦੇ ਵਾਕਿਫ਼ ਸਨ ਤੇ ਜੋ ਬ੍ਰਿਟਿਸ਼ ਨੂੰ ਔਖੇ ਥਾਵਾਂ ਤੇ ਗਾਈਡ ਕਰ ਸਕਦੇ ਸਨ।

ਚੌਥੇ, ਦੂਜੇ ਕਾਲ (1778-83) ਦੇ ਦੌਰਾਨ ਅਮਰੀਕਾ ਦੀ ਆਜ਼ਾਦੀ ਦੀ ਲੜਾਈ ਯੂਰਪੀਨ ਬਣ ਗਈ ਭਾਵੇਂ ਅੰਤਰ-ਰਾਸ਼ਟਰੀ ਨਹੀਂ। ਹੁਣ ਗ੍ਰੇਟ ਬ੍ਰਿਟੇਨ, ਫ੍ਰਾਂਸ, ਸਪੇਨ, ਹਾਲੈਂਡ ਤੇ ਹੋਰ ਯੂਰਪੀਨ ਦੇਸ਼ਾਂ ਵਿਰੁੱਧ ਲੜ ਰਿਹਾ ਸੀ। ਜਦੋਂ ਕੁੱਝ ਸਮੇਂ ਲਈ ਉਸ ਦੀ ਸਮੁੰਦਰੀ ਹਾਰ ਹੋਈ, ਇਸ ਨਾਲ ਉਸ ਦਾ ਸਤਿਆਨਾਸ਼ ਹੋ ਗਿਆ। ਬ੍ਰਿਟਿਸ਼ ਦੀ ਜਲ ਸੈਨਾ ਦੀ ਕਮਜ਼ੋਰੀ ਅਜਿਹੇ ਨਾਜ਼ਕ ਸਮੇਂ ਬ੍ਰਿਟਿਸ਼ ਦੀ ਹਾਰ ਦਾ ਫੈਸਲਾਕੁਨ ਕਾਰਨ ਬਣੀ ਜਦੋਂ ਕਾਰਨਵਾਲਿਸ ਨੂੰ ਯਾਰਕਟਾਊਨ ਵਿੱਚ ਘੇਰਾ ਪਿਆ ਹੋਇਆ ਸੀ।

ਪੰਜਵਾਂ, ਜਾਰਜ-III ਦਾ ਨਿੱਜੀ ਸ਼ਾਸਨ ਇੰਗਲੈਂਡ ਵਿੱਚ ਬੜਾ ਹੀ ਅਲੋਕ ਪ੍ਰਿਯ ਸੀ। ਬਹੁਤ ਸਾਰੇ ਅੰਗਰੇਜ਼ਾਂ ਦੀ ਹਮਦਰਦੀ ਅਮਰੀਕੀ ਬਸਤੀਵਾਦੀਆਂ ਨਾਲ ਸੀ ਜੋ ਆਪਣੀ ਆਜ਼ਾਦੀ ਲਈ ਜੂਝ ਰਹੇ ਸਨ। ਅਜਿਹੇ ਅੰਗਰੇਜ਼ਾਂ ਦਾ ਵਿਚਾਰ ਸੀ ਕਿ ਜਾਰਜ III ਦੀ ਅਮਰੀਕਾ ਵਿੱਚ ਹਾਰ ਨਾਲ ਇਸੇ ਦਾ ਨਿੱਜੀ ਸ਼ਾਸਨ ਵੀ ਖਤਮ ਹੋ ਜਾਵੇਗਾ। ਸਪੱਸ਼ਟ ਹੈ ਕਿ ਜਾਰਜ III ਸਾਰੀ ਕੌਮ ਤੇ ਨਿਰਭਰ ਨਹੀਂ ਕਰ ਸਕਦਾ ਸੀ।

ਛੇਵਾਂ, ਜਾਰਜ-III ਅਤੇ ਉਸ ਦੇ ਮੰਤਰੀ ਲੜਾਈ ਦੇ ਚਲਾਉਣ ਵਿੱਚ ਦਖਲ-ਅੰਦਾਜ਼ ੀ ਕਰਦੇ ਸਨ। ਕਈ ਰਾਜਨੀਤਿਕ ਤੇ ਨਿੱਜੀ ਈਰਖਾਵਾਂ ਸਨ। ਇਸ ਕਾਰਨ ਹੋਈ ਤਕਲੀਫ ਤੇ ਅਯੋਗਤਾ ਲਈ ਇਹ ਜ਼ਿੰਮੇਵਾਰ ਸਨ। ਕਲੈਟਾਊਨ ਜੋ ਵੂਲਫ਼ ਦਾ ਯੋਗ ਸਹਾਇਕ ਸੀ ਉਸ ਨੂੰ ਰਾਜਨੀਤਿਕ ਕਾਰਨਾਂ ਕਰਕੇ ਨੌਕਰੀ ਤੋਂ ਹਟਾ ਦਿੱਤਾ। ਉਸ ਦੀ ਥਾਂ ਬਰਗਨੇ ਨੂੰ ਨਿਯੁਕਤ ਕੀਤਾ ਗਿਆ। ਵਿਲੀਅਮਸਨ ਠੀਕ ਲਿਖਦਾ ਹੈ ਕਿ ''ਅੰਗਰੇਜ਼ਾਂ ਦੀ ਹਾਰ ਦਾ ਕਾਰਨ ਬਾਦਸ਼ਾਹ ਨਹੀਂ ਸਗੋਂ ਉਸ ਦੇ ਮਿੱਤਰ ਸਨ।'' ਅਖੀਰ ਅਮਰੀਕਾ ਦੀ ਜਿੱਤ ਦਾ ਕਾਰਨ ਜਨਰਲ ਵਾਸ਼ਿੰਗਟਨ ਦੀ ਸੁਯੋਗ ਅਗਵਾਈ ਹੈ। ਉਹ ਉਚੇ ਆਚਰਣ ਦਾ ਮਨੁੱਖ ਸੀ ਜਿਸ ਨੇ ਲੜਾਈ ਵਿੱਚ ਕਦੇ ਵੀ ਅਤਿਅੰਤ ਔਖੇ ਵੇਲੇ ਦਿਲ ਨਹੀਂ ਸੀ ਛੱਡਿਆ। ਉਸ ਦੀ ਅਗਵਾਈ ਵਿੱਚ ਬਸਤੀਕਾਰ ਦੋ ਸਾਲ ਯੁੱਧ ਲੜਦੇ ਰਹੇ।

## ਪ੍ਰਭਾਵ ਜਾਂ ਸਿੱਟੇ

ਅੰਗਰੇਜ਼ਾਂ ਦੀ ਹਾਰ ਦਾ ਗ੍ਰੇਟ ਬ੍ਰਿਟੇਨ ਤੇ ਦੁਨੀਆਂ ਤੇ ਕਾਫੀ ਡੂੰਘਾ ਪ੍ਰਭਾਵ ਪਿਆ। ਇਹ ਮਨੁੱਖ ਦੀ ਰਾਜਨੀਤਿਕ ਕਿਸਮਤ ਘੜਨ ਵਿੱਚ ਮਹੱਤਵਪੂਰਨ ਕਾਰਨ ਬਣਿਆ। ਗ੍ਰੀਨ ਲਿਖਦਾ ਹੈ ਕਿ ''ਇੰਗਲੈਂਡ ਦੇ ਇਤਿਹਾਸ ਵਿੱਚ ਅਮਰੀਕੀ ਆਜ਼ਾਦੀ ਦੀ ਲੜਾਈ ਦਾ ਭਾਵੇਂ ਕੋਈ ਮਹੱਤਵ ਹੋਵੇ, ਜਾਂ ਨਾ ਹੋਵੇ, ਪਰ ਇਹ ਦੁਨੀਆਂ ਦੇ ਇਤਿਹਾਸ ਵਿੱਚ ਬੇਜੋੜ ਘਟਨਾ ਹੈ।'' ਅਮਰੀਕਾ ਦੀ ਆਜ਼ਾਦੀ ਦੀ ਲੜਾਈ ਦੇ ਕੁੱਝ ਮਹੱਤਵਪੂਰਣ ਪ੍ਰਭਾਵ ਹੇਠ ਲਿਖੇ ਹਨ :

**ਪਹਿਲਾ :** ਇਹ ਪ੍ਰਾਚੀਨ ਬਸਤੀਵਾਦੀ ਪ੍ਰਣਾਲੀ ਲਈ ਮੌਤ ਸਿੱਧ ਹੋਇਆ। ਬ੍ਰਿਟਿਸ਼ ਸਰਕਾਰ ਨੇ ਮਹਿਸੂਸ ਕੀਤਾ ਕਿ ਨੈਵੀਗੇਸ਼ਨ ਐਕਟ ਤੇ ਆਧਾਰਿਤ ਪ੍ਰਣਾਲੀ ਤੇ ਬਸਤੀਆਂ ਨੂੰ ਹਮੇਸ਼ਾਂ ਲਈ ਆਪਣੇ ਦੇਸ਼ ਅਧੀਨ ਰੱਖਣ ਦਾ ਵਿਚਾਰ ਪੁਰਾਣਾ ਹੋ ਗਿਆ ਹੈ। ਇਸ ਮਗਰੋਂ ਕਦੇ ਵੀ ਬ੍ਰਿਟਿਸ਼ ਪਾਰਲੀਮੈਂਟ ਨੇ ਬ੍ਰਿਟਿਸ਼ ਬਸਤੀਆਂ ਤੇ

ਟੈਕਸ ਲਗਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਨਾਲ ਬ੍ਰਿਟਿਸ਼ ਕਾਮਨਵੈਲਥ ਦੇ ਵਿਕਾਸ ਦਾ ਨਵਾਂ ਯੁੱਧ ਆਰੰਭ ਹੋਇਆ। ਜੇ.ਐਚ. ਪਲੰਬ ਲਿਖਦਾ ਹੈ ''ਅਮਰੀਕਾ ਦੀ ਆਜ਼ਾਦੀ ਨਾਲ ਕੌਮ ਦੀ ਸ਼ਾਨ ਖਰਾਬ ਹੋਈ ਹੈ ਅਤੇ ਇਸ ਦੀ ਪਾਪ ਦੀ ਸਜ਼ਾ ਵਿੱਚ ਸਬਕ ਹੈ। ਚੰਗਿਆਈ ਜਾਂ ਬੁਰਿਆਈ ਲਈ ਰਾਜ ਦਾ ਵਿਚਾਰ ਮਿਸ਼ਨ ਦੇ ਵਿਚਾਰ ਨਾਲ ਬੁੱਝ ਗਿਆ।''

**ਦੂਜਾ :** ਅਮਰੀਕਾ ਦੀ ਕਾਮਯਾਬੀ ਨਾਲ ਜਾਰਜ-III ਦਾ ਨਿੱਜੀ ਸ਼ਾਸਨ ਖਤਮ ਹੋ ਗਿਆ। ਤਕਰੀਬਨ ਇਕ ਦਹਾਕਾ, ਜੋ ਨਾ-ਕਾਮਯਾਬੀ ਤੇ ਉਦਾਸੀ ਨਾਲ ਭਰਪੂਰ ਸੀ, ਨੇ ਕੌਮ ਨੂੰ ਕ੍ਰਾਂਤੀਕਾਰੀ ਕਾਰਜ ਦੇ ਨੇੜੇ ਲੈ ਆਂਦਾ ਸੀ। ਜਦੋਂ ਅਮਰੀਕੀ ਵਸਤੂਆਂ ਖੁੱਸ ਗਈਆਂ, ਜਾਰਜ-III ਵਿੱਚ ਲੋਕਾਂ ਦਾ ਵਿਸ਼ਵਾਸ ਨਾ ਰਿਹਾ। ਜਲਦੀ ਹੀ ਪਿੱਟ ਦੀ ਯੰਗਰ ਪ੍ਰਧਾਨ ਮੰਤਰੀ ਬਣ ਗਿਆ। ਜਿਸ ਨੇ ਬਾਦਸ਼ਾਹ ਦੀ ਰੂਪ ਰੇਖਾ ਅਨੁਸਾਰ ਨੀਤੀਆਂ ਅਪਨਾਉਣੋਂ, ਇਨਕਾਰ ਕਰ ਦਿੱਤਾ, ਪਿੱਟ ਤਕਰੀਬਨ 2 ਸਾਲ ਪ੍ਰਧਾਨ ਮੰਤਰੀ ਰਿਹਾ। ਜਿਸ ਦੌਰਾਨ ਗ੍ਰੇਟ ਬ੍ਰਿਟੇਨ ਵਿੱਚ ਨਵੀਂ ਵਪਾਰਕ ਖੁਸ਼ਹਾਲੀ ਆਈ ਤੇ ਯੂਰਪ ਵਿੱਚ ਮੁੱਖ ਸ਼ਕਤੀ ਬਣ ਕੇ ਆਪਣੀ ਖੁਸੀ ਹੋਈ ਥਾਂ ਪ੍ਰਾਪਤ ਕਰ ਲਈ ਅਤੇ ਨਵੇਂ ਸਾਮਰਾਜ ਦੀ ਨੀਂਹ ਰੱਖੀ ਗਈ।

**ਤੀਜਾ :** 1783 ਵਿੱਚ ਇਹ ਆਮ ਰਿਵਾਜ ਸੀ ਕਿ ਅਪਰਾਧੀਆਂ ਤੇ ਬਦਚਲਣਾਂ ਨੂੰ ਅਮਰੀਕਾ ਦੀਆਂ ਬਸਤੀਆਂ ਵਿੱਚ ਜਲਾਵਤਨ ਕੀਤਾ ਜਾਂਦਾ। ਹੁਣ ਇਹ ਸੰਭਵ ਨਹੀਂ ਸੀ ਅਤੇ ਇਸ ਲਈ ਨਵੀਆਂ ਥਾਵਾਂ ਲੱਭਣੀਆਂ ਪਈਆਂ। 1787 ਵਿੱਚ ਕੁੱਝ ਅਪਰਾਧੀਆਂ ਨੂੰ ਪਹਿਲਾਂ ਬਟਨੇ ਬੇ (Botany Bay) 1788 ਵਿੱਚ ਪਹਿਲੀ ਅਲਟਰਾਲੀਅਨ ਸੰਧੀ ਕੀਤੀ ਗਈ। ਇਸ ਮਗਰੋਂ ਹੋਰ ਸੰਧੀਆਂ ਹੋਈਆਂ ਅਤੇ ਕੁੱਝ ਸਮੇਂ ਮਗਰੋਂ ਨਿਊਜ਼ੀਲੈਂਡ ਨੂੰ ਜਿੱਤ ਲਿਆ ਗਿਆ, ਅਤੇ ਸਮੇਂ ਦੇ ਨਾਲ ਨਵੀਆਂ ਕਲੋਨੀਆਂ (ਆਸਟਰੇਲੀਆ ਤੇ ਨਿਊਜ਼ੀਲੈਂਡ) ਦਾ ਗਰੁੱਪ ਹੋਂਦ ਵਿੱਚ ਆਇਆ।

**ਚੌਥਾ :** ਅਮਰੀਕੀ ਵਫ਼ਾਦਾਰਾਂ ਦੀ ਸਥਿਤੀ ਬੜੀ ਖਰਾਬ ਹੋ ਗਈ। ਉਨ੍ਹਾਂ ਦੇ ਗਵਾਂਢੀ ਉਨ੍ਹਾਂ ਨਾਲ ਦੁਸ਼ਮਣੀ ਭਰਿਆ ਵਰਤਾਓ ਕਰਦੇ। ਉਨ੍ਹਾਂ ਵਿੱਚ ਤਕਰੀਬਨ 20,000 ਆਪਣਾ ਘਰ ਬਾਰ ਤਿਆਗ ਕੇ ਕੈਨੇਡਾ ਵਿੱਚ ਜਾ ਵਸੇ। ਵਫ਼ਾਦਾਰ ਸਮੇਤ ਆਪਣੇ ਹਮ ਖਿਆਲਾਂ ਦੇ, ਰੋਮਨ ਕੈਥੋਲਿਕਾਂ ਵਿੱਚ ਘੁਲ ਮਿਲ ਨਾ ਸਕੇ ਅਤੇ ਅਖੀਰ ਇਸ ਦਾ ਸਿੱਟਾ ਕੈਨੇਡਾ ਵਿੱਚ ਫ਼ਰਾਂਸੀਸੀਆਂ ਤੇ ਅੰਗਰੇਜ਼ਾਂ ਵਿੱਚ ਝਗੜਾ ਨਿਕਲਿਆ।

**ਪੰਜਵਾਂ :** ਅਮਰੀਕਾ ਦੀ ਅ਼ਜਾਦੀ ਦੀ ਲੜਾਈ ਦਾ ਪ੍ਰਭਾਵ ਆਇਰਲੈਂਡ ਤੇ ਵੀ ਪਿਆ। ਬ੍ਰਿਟੇਨ ਦੀ ਕਠਿਨਾਈ ਨੇ ਆਇਰਸ਼ ਲੋਕਾਂ ਨੂੰ ਵੀ ਮੌਕਾ ਪ੍ਰਦਾਨ ਕੀਤਾ ਤੇ ਉਨ੍ਹਾਂ ਨੇ ਮੋਰਚਾ ਲਗਾ ਦਿੱਤਾ ਜਿਸ ਕਾਰਨ ਪੇਇਨਿੰਗਜ਼ਾ ਲਾ 1782 ਵਿੱਚ ਰੱਦ ਕਰਨਾ ਪਿਆ। ਇਹ ਘਿਰਣਾਯੋਗ ਐਕਟ 1496 ਤੋਂ ਲਾਗੂ ਸੀ। ਜਿਸ ਤੋਂ ਆਇਰਿਸ਼ ਲੋਕਾਂ ਨੂੰ ਵੀ ਛੁਟਕਾਰਾ ਮਿਲ ਗਿਆ। ਹੁਣ ਆਇਰਲੈਂਡ ਦੀ ਪਾਰਲੀਮੈਂਟ ਦੀ ਵਿਧਾਨਕ ਆਜ਼ਾਦੀ ਪ੍ਰਾਪਤ ਕਰ ਲਈ ਗਈ।

**ਛੇਵਾਂ :** 1786 ਵਿੱਚ ਫ੍ਰਾਂਸ ਨੇ ਆਪਣਾ ਸਨਮਾਨ ਮੁੜ ਪ੍ਰਾਪਤ ਕਰ ਲਿਆ ਜੋ ਸੱਤ ਸਾਲ ਲੜਾਈ ਕਾਰਨ ਖੁਸ ਗਿਆ ਸੀ। ਪਰ ਅਜਿਹਾ ਨਹੀਂ ਸੀ, ਉਸ ਨੇ ਪ੍ਰਾਪਤ ਕੁੱਝ ਨਹੀਂ ਕੀਤਾ ਤੇ ਆਪਣੇ ਆਪ ਨੂੰ ਕਾਫ਼ੀ ਹੱਦ ਤੱਕ ਬਰਬਾਦ ਕਰ ਲਿਆ। ਰੈਮਜ਼ੇ ਮਿਊਰ ਲਿਖਦਾ ਹੈ ਕਿ ਉਸ ਦੀ ਆਰਥਿਕਤਾ ਤੇ ਬੜਾ ਬੋਝ ਪਿਆ ਜੋ ਲੜਾਈ

ਤੋਂ ਪਹਿਲਾਂ ਹੀ ਅਸੰਗਠਿਤ ਹੋ ਚੁੱਕੀ ਸੀ, ਉਸ ਨੂੰ ਦਵਾਲੇ ਦੀਆਂ ਦਰਾਂ ਤੇ ਘੜੀਸ ਲਿਆਈ ਤੇ ਇਹ ਮਹਾਨ ਕ੍ਰਾਂਤੀ ਦਾ ਫੌਰੀ ਕਾਰਨ ਬਣਿਆ ਜੋ ਸ਼ਾਂਤੀ ਹੋਣ ਤੋਂ ਸੱਤ ਸਾਲ ਮਗਰੋਂ ਫੁੱਟੀ। ਫਰਾਂਸੀਸੀ ਕ੍ਰਾਂਤੀ ਦਾ ਕਾਰਨ ਲੋਕਤੰਤਰੀ ਵਿਚਾਰ ਸਨ ਜੋ ਅਮਰੀਕਾ ਵਿੱਚ ਲੜਨ ਵਾਲੇ ਫਰਾਂਸੀਸੀ ਸਿਪਾਹੀ ਆਪਣੇ ਨਾਲ ਲੈ ਕੇ ਆਏ ਤੇ ਉਨ੍ਹਾਂ ਵਿਚਾਰਾਂ ਨੇ ਲੋਕਾਂ ਨੂੰ ਬੜਾ ਉਤਸ਼ਾਹਿਤ ਕੀਤਾ।

ਅਖੀਰ ਵਿੱਚ ਇੰਨੇ ਵਿਸ਼ਾਲ ਦੇਸ਼ ਵਿੱਚ ਗਣਤੰਤਰੀ ਸੰਸਥਾਵਾਂ ਦਾ ਸਫ਼ਲਤਾ ਨਾਲ ਚਲਣਾ ਜੋ ਲੜਾਈ ਮਗਰੋਂ ਉਘੜੀਆਂ ਸਨ, ਦੁਨੀਆਂ ਦੇ ਇਤਿਹਾਸ ਵਿੱਚ ਕਮਾਲ ਦੀਆਂ ਘਟਨਾਵਾਂ ਸਨ। ਇਸ ਤੋਂ ਪਹਿਲਾਂ ਛੋਟੇ-ਛੋਟੇ ਰਾਜਾਂ ਗਰੀਕ ਸਿਟੀ ਸਟੇਟਸ ਤੇ ਸਵਿਟਜ਼ਰਲੈਂਡ ਆਦਿ ਵਿੱਚ ਗਣਤੰਤਰ ਸਫ਼ਲਤਾ ਨਾਲ ਚਲਿਆ ਸੀ। ਅਮਰੀਕਾ ਨੇ ਗਣਤੰਤਰ ਨੂੰ ਨਾਸ਼ ਕਰਨ ਵਾਲੀਆਂ ਪ੍ਰਵਿਰਤੀਆਂ ਨੂੰ ਠੱਲ ਪਾਈ। ਅਮਰੀਕਾ ਵਿੱਚ ਇੰਨੇ ਵੱਡੇ ਪੈਮਾਨੇ ਤੇ ਫੈਡਰਲ ਪ੍ਰਣਾਲੀ ਅਨੁਸਾਰ ਸਰਕਾਰੀ ਕਾਰ ਵਿਹਾਰ ਕਾਮਯਾਬੀ ਨਾਲ ਚਲਣਾ, ਅਮਰੀਕਾ ਦੀ ਵਿਸ਼ਵ ਸਭਿਅਤਾ ਨੂੰ ਇਕ ਹੋਰ ਦੇਣ ਹੈ।

**ਪਾਠ ਨੰ: 1.5**

# ਫ੍ਰਾਂਸੀਸੀ ਕ੍ਰਾਂਤੀ ਦੇ ਕਾਰਣ - ਰਾਜਨੀਤਿਕ, ਸਮਾਜਿਕ ਤੇ ਆਰਥਿਕ (Causes of French Revolution)

1789 ਦੀ ਫ੍ਰਾਂਸੀਸੀ ਕ੍ਰਾਂਤੀ ਨੇ ਕੇਵਲ ਫਰਾਂਸ ਦੇ ਇਤਿਹਾਸ ਵਿੱਚ ਹੀ ਨਵਾਂ ਦੌਰ ਸ਼ੁਰੂ ਨਹੀਂ ਕੀਤਾ ਸਗੋਂ ਸਮੁੱਚੇ ਯੂਰਪ ਵਿੱਚ ਅਤੇ ਵਿਸ਼ਵ ਵਿੱਚ ਵੀ ਨਵਾਂ ਦੌਰ ਸੀ। ਇਹ ਇੰਨੀ ਮਹੱਤਵਪੂਰਣ ਸੀ ਕਿ ਅਜੋਕੇ ਵਿਸ਼ਵ ਦਾ ਉਲਟਭਾਸ ਇਸੇ ਵਿੱਚ ਕਾਫੀ ਹੱਦ ਤੱਕ ਵਿਦਮਾਨ ਦਿਖਾਈ ਦਿੰਦਾ ਹੈ। ਆਰ. ਆਰ. ਪਾਮਰ (R.R. Palmer) ਨੇ ਜਾਰਜ ਲੈਫਬਵਰੇ (George Lefebvre) ਦੀ ਪੁਸਤਕ 'ਫ੍ਰਾਂਸੀਸੀ ਕ੍ਰਾਂਤੀ ਦੀ ਆਮਦ' (The Coming of the French Revolution) ਦੀ ਭੂਮਿਕਾ ਵਿੱਚ ਲਿਖਿਆ ਹੈ ਕਿ 1789 ਦੀ ਕ੍ਰਾਂਤੀ ਨੇ ਵਿਅਕਤੀ ਨੂੰ ਸੁਤੰਤਰ ਕਰਵਾਇਆ ਅਤੇ ਇਸ ਨੇ ਆਧੁਨਿਕ ਰਾਜ ਨੂੰ ਇਕਮੁੱਠ ਕੀਤਾ। ਇਸ ਨੇ ਕਾਨੂੰਨੀ ਰਾਜ ਨੂੰ ਮਜ਼ਬੂਤ ਕੀਤਾ ਅਤੇ ਇਸ ਨੇ ਹਿੰਸਾ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ। ਇਸ ਨੇ ਨਿੱਜੀ ਸੰਪਤੀ ਦੀ ਸੰਸਥਾ ਕਾਇਮ ਕੀਤੀ ਅਤੇ ਦਰਸਾਇਆ ਕਿ ਸਮਾਜ ਲਈ ਇਹ ਜ਼ਰੂਰੀ ਹੈ, ਇੰਜ ਇਸ ਨੇ ਸਰਮਾਏਦਾਰੀ ਦਾ ਮਾਰਗ ਸਾਫ ਕੀਤਾ, ਪਰ ਇਸ ਦੇ ਨਾਲ-ਨਾਲ ਮਾਨਵ ਅਧਿਕਾਰਾਂ ਤੇ ਬਲ ਦਿੱਤਾ ਅਤੇ ਸਮਾਜਵਾਦ ਨੂੰ ਉਤਸ਼ਾਹ ਦਿੱਤਾ। ਇਸ ਨੇ ਮਨੁੱਖਾਂ ਦੀ ਬਰਾਬਰੀ ਤੇ ਬਲ ਦਿੱਤਾ ਅਤੇ ਰਾਸ਼ਟਰਵਾਦੀ ਸੋਚ ਨੂੰ ਹੁੰਗਾਰਾ ਦਿੱਤਾ। ਇਹੀ ਵਜ੍ਹਾ ਹੈ ਕਿ ਸਮਕਾਲੀ ਵਿਦਵਾਨਾਂ ਅਤੇ ਇਤਿਹਾਸਕਾਰਾਂ ਟਾਮ ਪੈਨ (Tom Paine) ਅਤੇ ਐਡਮੰਡ ਬਰਕ ਤੋਂ ਲੈ ਕੇ ਅਜੋਕੇ ਜਾਰਜ ਲੈਫਬਵਰੇ (Lefebvre) ਅਤੇ ਅਲਫਰੈਡ ਕਾਬਨ (Alfred Cabben) ਤੱਕ ਕਈ ਪੁਸਤਕਾਂ ਲਿਖੀਆਂ ਗਈਆਂ ਜਿਨ੍ਹਾਂ ਵਿੱਚ ਇਸ ਕ੍ਰਾਂਤੀ ਦੇ ਕਾਰਣ ਪ੍ਰਾਕ੍ਰਿਤੀ ਸੰਬੰਧੀ ਤੱਤ ਕੱਢਿਆ ਹੈ ਜਿਸ ਨੇ ਇਸ ਨੂੰ ਜਨਮ ਦਿੱਤਾ ਅਤੇ ਵਿਸ਼ਵ ਵਿਆਪੀ ਤਬਦੀਲੀ ਲਿਆਂਦੀ। ਕਿਸੇ ਨੂੰ ਕੀ ਪਤਾ ਸੀ ਚੋਣ ਅਧਿਨਿਯਮਾਂ ਅਨੁਸਾਰ 24 ਜਨਵਰੀ, 1799 ਨੂੰ ਬੁਲਾਇਆ ਗਿਆ ਆਮ ਇਜਲਾਸ ਵਿਸ਼ਵ ਦੇ ਇਤਿਹਾਸ ਦੀ ਇਕ ਅਹਿਮ ਘਟਨਾ ਬਣ ਜਾਵੇਗੀ। ਇਹ ਕਈ ਸਮੱਸਿਆਵਾਂ ਸਾਹਮਣੇ ਲਿਆਉਂਦੀ ਹੈ। ਇਸ ਕ੍ਰਾਂਤੀ ਦੇ ਕੀ ਕਾਰਨ ਸਨ ? ਕੀ ਫ੍ਰਾਂਸ ਕ੍ਰਾਂਤੀ ਲਈ ਤਿਆਰ ਸੀ ? ਕੀ ਫ੍ਰਾਂਸ ਦੀਆਂ ਸਮਾਜਿਕ ਸ਼੍ਰੇਣੀਆਂ ਨੇ ਇਸ ਵਿੱਚ ਭਾਗ ਨਹੀਂ ਲਿਆ? ਇਹ ਹੋਰ ਯੂਰਪੀ ਦੇਸ਼ਾਂ ਵਿੱਚ ਕਿਉਂ ਨਹੀਂ ਵਾਪਰਿਆ ? ਕੀ ਪੁਰਾਣੀ ਰਾਜ-ਪ੍ਰਥਾ ਇਸ ਸੰਕਟ ਨੂੰ ਦੂਰ ਕਰਨ ਦੇ ਸਮਰੱਥ ਨਹੀਂ ਸੀ? ਲਿਓ ਗਰਸਾਏ ਨੇ ਆਪਣੀ ਪੁਸਤਕ 'ਫਰਾਂਸੀਸੀ ਕ੍ਰਾਂਤੀ ਅਤੇ ਨੈਪੋਲੀਅਨ' ਵਿੱਚ ਇਸ ਸੰਕਟ ਦੇ ਆਕਾਰ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਕਿਰਸਾਨੀ ਜਿਹੜੀ ਕਿ ਜਿਸ ਨੂੰ ਸਖਤ ਗਿਲੇ ਸ਼ਿਕਵੇ ਹਨ, ਮੱਧ ਸ਼੍ਰੇਣੀਆਂ ਆਪਣੀਆਂ ਕਾਫੀ ਸੀਮਾਵਾਂ ਵਿੱਚ ਬੱਝੀ ਹੋਈ ਸੀ, ਵਿਸ਼ੇਸ਼ ਅਧਿਕਾਰ ਪ੍ਰਾਪਤ ਸ਼੍ਰੇਣੀ ਆਪਣੇ

ਅਧਿਕਾਰਾਂ ਕਾਰਣ ਤਾਂ ਵੱਖਰੀ ਸੀ ਪਰ ਰਾਸ਼ਟਰੀਅਤਾ ਅਤੇ ਅਖੰਡਤਾ ਦੇ ਮਾਮਲੇ ਵਿੱਚ ਇਕ ਸਨ। ਸਰਕਾਰੀ ਤਬਾਹਕੁਨ, ਵਿਦੇਸ਼ੀ ਨੀਤੀ, ਵਿਤੀ ਫਜ਼ੂਲ-ਖਰਚਿਆਂ, ਪ੍ਰਸ਼ਾਸਨਕ ਕਮਜ਼ੋਰੀਆਂ ਅਤੇ ਹੇਰਾਫੇਰੀਆਂ ਅਤੇ ਸ਼ਕਤੀਸ਼ਾਲੀ ਲੋਕ ਰਾਇ ਅਤੇ ਨਿਰੰਕੁਸ਼ ਤਾਨਾਸ਼ਾਹੀ, ਇਹ ਸਾਰੇ ਅਜਿਹੇ ਕਾਰਣ ਸਨ ਜਿਨ੍ਹਾਂ ਕਰਕੇ ਲੂਈ ਸੋਲ੍ਹਵੇਂ ਨੂੰ ਜੂਝਣਾ ਪਿਆ।

## ਪੁਰਾਣਾ ਸ਼ਾਸਨ

ਪੁਰਾਣੇ ਸ਼ਾਸਨ ਦਾ ਵਿਸਤਰਿਤ ਅਧਿਐਨ ਕਰਨ ਤੋਂ ਪਹਿਲਾਂ ਚੰਗਾ ਹੋਵੇਗਾ ਕਿ ਇਸ ਵਿਸ਼ੇ ਨੂੰ ਦੋ ਭਾਗਾਂ ਵਿੱਚ ਵੰਡ ਲਈਏ :

(1) ਸਰਕਾਰ

(2) ਸਮਾਜ

## ਫ੍ਰਾਂਸੀਸੀ ਰਾਜਿਆਂ ਦੀ ਗਿਰਾਵਟ

ਸ਼ਹਿਨਸ਼ਾਹੀ ਲੂਈ ਚੌਧਵੇਂ (1647-1715) ਦੇ ਰਾਜ ਸਮੇਂ ਬਾਦਸ਼ਾਹਤ ਆਪਣੇ ਸਿਖਰ ਤੇ ਪੁੱਜੀ ਅਤੇ ਇਸ ਪ੍ਰਕਾਰ ਆਪਣਾ ਰੌਸ਼ਨ ਦੌਰ ਵੇਖਿਆ। 1661 ਵਿੱਚ ਲੂਈ ਚੌਧਵਾਂ ਆਪਣਾ ਕਰਤਾ ਧਰਤਾ (ਮੰਤਰੀ) ਆਪ ਹੀ ਬਣਿਆ। ਆਪਣੇ ਸਾਰੇ ਸ਼ਾਹੀ ਸਮਕਾਲੀਨ ਵਾਂਗ ਦਿਲੋਂ ਬਾਦਸ਼ਾਹ ਦੇ ਦੈਵੀ ਅਧਿਕਾਰਾਂ ਅਤੇ ਸਰਵਉੱਚ ਸ਼ਕਤੀ ਦੀ ਪ੍ਰੋੜ੍ਹਤਾ ਸੀ। ਆਪਣੇ ਰਾਜ ਕਾਲ ਦੇ ਨਿੱਤ ਵਿਹਾਰ ਬਾਰੇ ਜੋ ਤਫਸੀਲ ਪ੍ਰਾਪਤ ਹੈ ਉਸ ਤੋਂ ਉਸ ਦੇ ਸ਼ਾਹੀ ਰਹਿਣ ਸਹਿਣ ਅਦਾਲਤੀ ਚਮਕ-ਦਮਕ ਦਾ ਪਤਾ ਲਗਦਾ ਹੈ। ਸ਼ਾਹੀ ਸ਼ਾਨ ਸ਼ੌਕਤ ਦਾ ਦਾਰੋਮਦਾਰ ਰਾਜਨੀਤਿਕ ਅਨੁਮਾਨ ਅਨੁਸਾਰ ਸੀ। ਉਸ ਦਾ ਸ਼ਾਹੀ ਅਦਾਲਤ ਨੂੰ ਪੈਰਿਸ ਤੋਂ ਵਰਸੇਲਜ਼ ਵਿਖੇ ਤਬਦੀਲ ਕਰਨਾ ਇਸ ਸ਼ਾਹੀ ਸ਼ਾਨੋ ਸ਼ੌਕਤ ਦਾ ਨਮੂਨਾ ਸੀ। ਉਸ ਨੇ ਸਰਦਾਰਾਂ ਦੀ ਰਾਜਨੀਤਿਕ ਸ਼ਕਤੀ ਨੂੰ ਘਟਾਇਆ, ਉਸ ਦੇ ਆਪਣੇ ਵਫਾਦਾਰ ਅਧਿਕਾਰੀਆਂ ਦੀ ਸਹਾਇਤਾ ਲਈ ਇਨ੍ਹਾਂ ਵਿੱਚੋਂ ਬਹੁਤੇ ਮੱਧ ਸ਼੍ਰੇਣੀ ਨਾਲ ਸੰਬੰਧਿਤ ਸਨ, ਉਸ ਨੇ ਇਕ ਸਮਰਥ ਨੌਕਰਸ਼ਾਹੀ ਕਾਇਮ ਕੀਤੀ।

ਪ੍ਰਭਾਵਸ਼ਾਲੀ, ਜਾਦੂਈ ਸ਼ਖ਼ਸੀਅਤ ਕਾਰਨ ਲੂਈ ਚੌਦਵੇਂ ਨੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੋਇਆ ਸੀ। ਇਸ ਦਾ ਨਿਰੰਕੁਸ਼ ਰਾਜ ਉਸ ਦੇ ਰਾਜ ਕਾਲ ਸਮੇਂ ਆਪਣੇ ਸਿਖਰ ਤੇ ਪੁੱਜਾ। ਅਲਫ਼ਰੈਡ ਕਾਬਨ (Alfred Cabben) ਦੇ ਸ਼ਬਦਾਂ ਵਿੱਚ 'ਆਧੁਨਿਕ ਲੂਈ ਸੋਲ੍ਹਵੇਂ ਦੀ ਅਦਾਲਤ ਨੂੰ 2 ਕਰੋੜ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਗਿਆ ਜਿਹੜੀ ਵਿਸ਼ੇਸ਼ ਮਹੱਤਵਪੂਰਣ ਬਣ ਗਈ।'' ਗਰਸਾਏ ਠੀਕ ਹੀ ਲਿਖਦਾ ਹੈ : ''ਵਰਸੇਲਜ਼ ਜਿਸ ਨੂੰ ਬਾਦਸ਼ਾਹਾਂ ਦੀ ਪੂਰੀ-ਪੂਰੀ ਤਾਕਤ ਦੀ ਧਾਰਣੀ ਦੱਸਦਾ ਹੈ, ਜਿਸ ਨੇ ਫ੍ਰਾਂਸ ਦੀ ਕਲਾ ਜਿਸ ਦੀ ਰੂਹ ਵਿੱਚ ਨਿਰੰਕੁਸ਼ਤ ਇਕ ਰਾਜ ਪੁਰਖੀ ਰਾਜ ਅਤੇ ਫ੍ਰਾਂਸ ਦੀ ਅਰਿਸਟੋਕਰੇਸੀ ਦਿਨ ਰਾਤ ਆਪਣੇ ਮਹਾਨ ਸ਼ਾਸਕ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜੁੜਦੀ ਇਸ ਸ਼ਹਿਨਸ਼ਾਹ ਦੀ ਸ਼ਕਤੀ ਨੇ ਅਮੀਰ ਅਤੇ ਸ਼ਕਤੀਸ਼ਾਲੀ ਬਣਾਇਆ ਅਤੇ ਫ੍ਰਾਂਸ ਸੁਯੋਗਤਾ ਅਤੇ ਜੰਗ ਦੋਹਾਂ ਵਿੱਚ ਅਹਿਮ ਸਥਾਨ ਪ੍ਰਾਪਤ ਕਰ ਨਿਬੜਿਆ।''

ਇਹ ਤਾਂ ਸਿੱਕੇ ਦਾ ਇਕ ਪਾਸਾ ਹੈ। ਲੂਈ ਚੌਧਵੇਂ ਨੇ ਜੋ ਪ੍ਰਬੰਧਕੀ ਮਾਡਲ ਤਿਆਰ ਕੀਤਾ ਸੀ ਉਹ 18ਵੀਂ ਸਦੀ ਵਿੱਚ ਟੁੱਟਣ ਲੱਗ ਪਿਆ। ਲੜਾਈ ਅਤੇ ਪ੍ਰਸਿੱਧੀ

ਦੇ ਉਸ ਦੇ ਪਿਆਰ ਨੇ ਬੇਸ਼ੱਕ ਉਸ ਦਾ ਸਤਿਕਾਰ ਵਧਾਇਆ ਸੀ ਅਤੇ ਸਾਰੇ ਪੱਛਮੀ ਯੂਰਪ ਵਿੱਚ ਫ੍ਰਾਂਸ ਦਾ ਵੱਡਾ ਸ਼ਹਿਨਸ਼ਾਹ ਰੁਤਬਾ ਮਿਲਿਆ ਸੀ, ਪਰ ਇਸ ਨੇ ਫ੍ਰਾਂਸ ਦੀ ਆਰਥਿਕਤਾ ਨੂੰ ਤਬਾਹ ਕੀਤਾ। ਉਸ ਨੇ ਕੁੱਝ ਲੋਕਾਂ ਨੂੰ ਵਿਸ਼ੇਸ਼ ਅਧਿਕਾਰ-ਕਰਾਂ ਤੋਂ ਮਾਫੀ, ਪੈਨਸ਼ਨਾਂ ਅਤੇ ਹੋਰ ਰੂਪਾਂ ਵਿੱਚ ਸਹਾਇਤਾ ਦਿੱਤੀ। ਸ਼ਾਹੀ ਲਗਾਨ ਦੇ ਰੂਪ ਵਿੱਚ ਖਰਚੇ ਪ੍ਰਦਾਨ ਕਰ ਕੇ ਲਾਭਕਾਰੀ ਅਹੁਦੇ ਪੇਸ਼ ਕਰ ਕੇ ਅਤੇ ਉਨ੍ਹਾਂ ਨੂੰ ਮੌਕਾ ਦਿੱਤਾ। ਇਸ ਦੇ ਨਾਲ ਕੁੱਝ ਮਾਲੀ ਸਹੂਲਤਾਂ ਦਾ ਅਦਾਨ ਪ੍ਰਦਾਨ ਕੀਤਾ ਅਤੇ ਜੰਗ ਦੇ ਮਾਮਲੇ ਵਿੱਚ ਵੀ ਉਸ ਦੀ ਨੀਤੀ ਅਸਫਲ ਹੋਈ। ਉਸ ਦੇ ਰਾਜ ਦੇ ਅਹਿਮ ਦੌਰ ਕਾਲ ਦੇ ਗੁੱਸੇ ਲੋਕਾਂ ਨੂੰ ਲੜਾਈ ਕੰਢੇ ਲੈ ਆਂਦਾ। ਦੇਸ਼ ਦੀ ਵਸੋਂ ਲੜਾਈ, ਭੁੱਖਮਰੀ ਅਤੇ ਬੀਮਾਰੀਆਂ ਨਾਲ ਅਤਿ ਦੁੱਖੀ ਸੀ। ਉਸ ਦਾ ਆਪਣੀ ਅਦਾਲਤ ਨੂੰ ਪੈਰਿਸ ਤੋਂ ਵਰਸਾਏ ਬਦਲ ਦਾ ਉਸ ਦਾ ਲੋਕਾਂ ਨਾਲੋਂ ਟੁਟਣਾ ਸੀ, ਜਿਸ ਦੀ ਕੀਮਤ ਉਸ ਦੇ ਵਾਰਸਾਂ ਨੂੰ ਸਿੰਘਾਸਨ ਦੇ ਮਾਮਲੇ ਵਿੱਚ ਧਾਰਨੀ ਪਈ। ਇਸ ਤੋਂ ਉਸ ਦੀ ਧਾਰਮਿਕ ਨੀਤੀ ਦੇਸ਼ ਦੀ ਆਰਥਿਕ ਪ੍ਰਗਤੀ ਦੇ ਰਾਹ ਵਿੱਚ ਰੋੜਾ ਬਣੀ ਕਿਉਂਕਿ ਹਜ਼ਾਰਾਂ ਕਾਰੀਗਰਾਂ ਅਤੇ ਮਲਾਹ ਦੇਸ਼ ਵਿੱਚੋਂ ਦੌੜ ਗਏ। ਯਹੂਦੀਆਂ ਦਾ ਸਾਥ ਦੇ ਕੇ ਉਸ ਨੇ ਰਾਜਨੀਤਿਕ ਮੱਤਭੇਦ ਮੁਲ ਲੈ ਲਿਆ ਜਿਸ ਨਾਲ ਕੈਥੋਲਿਕਾਂ ਦੀ ਏਕਤਾ ਨੂੰ ਕਮਜ਼ੋਰ ਕੀਤਾ ਅਤੇ ਸ਼ਹਿਨਸ਼ਾਹ ਦੀ ਮਾਨ ਮਰਿਯਾਦਾ ਨੂੰ ਘਟਾਇਆ। 1775 ਦੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਅਸੀਂ ਟੂਕ ਪੇਸ਼ ਕਰ ਸਕਦੇ ਹਾਂ, ''ਉਸ ਨੇ ਫ੍ਰਾਂਸ ਨੂੰ ਨਿਰਧਨ ਬਣਾ ਦਿੱਤਾ, ਉਸ ਦੀ ਮਾਲੀ ਹਾਲਤ ਵਿਗੜ ਗਈ। ਲੜਾਈ ਵਿੱਚ ਉਸ ਦੀ ਵਸੋਂ ਘੱਟ ਗਈ। ਉਸ ਦੇ ਬਹੁਤ ਸਾਰੇ ਉਦਯੋਗਿਕ ਕਾਮੇ ਦੇਸ਼ ਛੱਡ ਗਏ। ਉਸ ਦੇ ਕਿਰਸਾਨ ਭੁੱਖੇ ਹੋ ਗਏ ਅਤੇ ਦੇਸ਼ ਦੀ ਹਾਲਤ ਧਮਾਕਾਖੇਜ਼ ਬਣ ਗਈ, ਜਿਸ ਨੇ ਕ੍ਰਾਂਤੀ ਲਈ ਰਾਹ ਪੱਧਰਾ ਕੀਤਾ।''

ਮਹਾਨ ਬਾਦਸ਼ਾਹ ਦਾ ਪੜਪੋਤਾ ਲੂਈ ਪੰਦਰ੍ਹਵਾਂ ਉਸ ਦਾ ਵਾਰਿਸ ਬਣਿਆ, ਜਿਹੜਾ ਉਸ ਵੇਲੇ ਕੇਵਲ ਪੰਜਾਂ ਸਾਲਾਂ ਦਾ ਸੀ। ਕਿਉਂਕਿ ਉਹ ਨਾਬਾਲਗ ਸੀ ਇਸ ਲਈ ਉਸ ਦਾ ਚਾਚਾ ਫਿਲਿਪ ਆਫ ਉਫਲੀਨਜ਼ ਉਸ ਦਾ ਸਰਪ੍ਰਸਤ ਸਲਾਹਕਾਰ ਨਿਯਤ ਹੋਇਆ। ਉਸ ਦੀਆਂ ਵਾਸ਼ਨਾ ਭਰਪੂਰ ਬਿਰਤੀਆਂ, ਮਸ਼ਕੂਕ ਪਿਛੋਕੜ ਨੇ 1715-1723 ਦੇ ਸਮੇਂ ਨੂੰ ਭੁਲੇਖੇ ਅਤੇ ਬੇਤਰਤੀਬ ਦੀ ਹਾਲਤ ਵਿੱਚ ਪਾ ਦਿੱਤਾ। ਜਾਗੀਰਦਾਰੀ ਫਿਰ ਤਾਕਤ ਫੜ ਗਈ। 1723-24 ਵਿੱਚ ਬਜ਼ੁਰਗ ਕਾਰਡੀਨਲ ਫਲੇਨਰੀ ਦੀ ਯੋਗ ਅਤੇ ਚੌਕਸ ਕਾਰਵਾਈ ਹੇਠ ਫ੍ਰਾਂਸ ਵਿੱਚ ਮੁੜ ਸ਼ਾਂਤੀ ਤੇ ਖੁਸ਼ਹਾਲੀ ਆਈ। ਉਸ ਦੀ ਮੌਤ ਮਗਰੋਂ ਲੂਈ ਪੰਦਰਵੇਂ ਨੇ ਰਾਜ ਦੀਆਂ ਸਾਰੀਆਂ ਸ਼ਕਤੀਆਂ ਆਪ ਸੰਭਾਲ ਲਈਆਂ। ਪਰ ਉਸ ਦੀਆਂ ਆਪਣੀਆਂ ਕਮਜ਼ੋਰੀਆਂ ਨੇ ਉਸ ਦੀ ਲੋਕਪ੍ਰਿਯਤਾ ਨੂੰ ਖਤਮ ਕਰ ਦਿੱਤਾ। ਰਾਜ ਦੇ ਕੰਮ-ਕਾਰਾਂ ਨੂੰ ਅਣਗੌਲਿਆ ਕਰਕੇ ਲੂਈ ਪੰਦਰਵਾਂ ਮੌਜ ਮੇਲਾ, ਸ਼ਿਕਾਰ ਅਤੇ ਜੂਏ ਵਿੱਚ ਦਿਲਚਸਪੀ ਲੈਣ ਲੱਗ ਪਿਆ। ਉਸ ਨੇ ਸਰਕਾਰ ਅਤੇ ਲੋਕਾਂ ਪ੍ਰਤਿ ਅਣਗਹਿਲੀ ਪ੍ਰਦਰਸ਼ਿਤ ਕੀਤੀ। 30 ਵਰ੍ਹੇ ਲਗਾਤਾਰ ਉਸ ਨੇ ਪੁਰਾਣੇ ਸ਼ਾਸਨ ਦੇ ਭੈੜੇ ਚਿੰਨ੍ਹਾਂ ਨੂੰ ਬਰਕਰਾਰ ਰੱਖਿਆ। ਇਸ ਦੇ ਬਾਵਜੂਦ ਵੀ ਦੇਸ਼ ਵਿੱਚ ਸਮਾਜਿਕ, ਆਰਥਿਕ ਤਬਦੀਲੀਆਂ ਵਾਪਰ ਰਹੀਆਂ ਸਨ। ਇਕ ਪਾਸੇ ਅਮਲੀ ਸੁਧਾਰਾਂ

ਤੇ ਜ਼ੋਰ ਪੈ ਰਿਹਾ ਸੀ ਜਦੋਂ ਫ੍ਰਾਂਸ ਸੱਤ ਸਾਲਾ ਜੰਗ ਬੁਰੀ ਤਰ੍ਹਾਂ ਹਾਰਿਆ। ਉਸ ਸਮੇਂ ਦੇਸ਼ ਦੀ ਗੰਭੀਰ ਵਾਗਡੋਰ, ਸ਼ਾਸਕ ਰਾਣੀਆਂ, ਰਖੇਲਾਂ ਦੇ ਹੱਥਾਂ ਵਿੱਚ ਸੀ। ਮੱਧ ਸ਼੍ਰੇਣੀ ਦੀ ਵਧਦੀ ਹੋਈ ਤਾਕਤ ਜਾਗੀਰਦਾਰੀ ਅਤੇ ਬਾਦਸ਼ਾਹ ਦੀ ਨਿਰੰਕੁਸ਼ ਸੱਤਾ ਨੂੰ ਢਾਹ ਲੱਗ ਗਈ ਸੀ। ਇਨ੍ਹਾਂ ਸਾਰਿਆਂ ਨੇ ਫ੍ਰਾਂਸ ਨੂੰ ਪਰਲੋ ਦੇ ਕੰਢੇ ਤੇ ਲਿਆ ਖੜਾ ਕੀਤਾ।

ਲੂਈ ਪੰਦਰ੍ਹਵਾਂ 1774 ਵਿੱਚ ਮਰ ਗਿਆ ਅਤੇ ਜਿਵੇਂ ਕਿ ਗਰਸਾਏ ਕਹਿੰਦਾ ਹੈ, ''ਉਸ ਨੇ ਫ੍ਰਾਂਸ ਨੂੰ ਦੀਵਾਲੀਆ ਬਣਾ ਦਿੱਤਾ। ਜੰਗ ਨੇ ਆਬਾਦੀ ਘਟਾ ਦਿੱਤੀ, ਕਾਰੀਗਰ ਅਤੇ ਕਿਸਾਨ ਗਲਤ ਆਰਥਿਕ ਨੀਤੀ ਕਰਕੇ ਭੁੱਖ ਮਰੀ ਦਾ ਸ਼ਿਕਾਰ ਹੋ ਚੁੱਕੇ ਸਨ ਅਤੇ ਕ੍ਰਾਂਤੀ ਲਈ ਯੋਗ ਵਾਤਾਵਰਣ ਪੈਦਾ ਹੋ ਚੁੱਕਾ ਸੀ।'' ਨਵਾਂ ਸ਼ਹਿਨਸ਼ਾਹ ਲੂਈ ਸੋਲ੍ਹਵਾਂ ਕੇਵਲ 20 ਵਰ੍ਹਿਆਂ ਦਾ ਹੀ ਸੀ, ਉਹ ਲੂਈ ਪੰਦਰ੍ਹਵੇਂ ਦਾ ਪੋਤਾ ਸੀ। ਉਸ ਨੂੰ ਪ੍ਰਸ਼ਾਸਨ ਪ੍ਰਤੀ ਕੋਈ ਤਜ਼ਰਬਾ ਨਹੀਂ ਸੀ। ਉਸ ਦੀਆਂ ਭਾਵਨਾਵਾਂ ਚੰਗੀਆਂ ਸੀ ਅਤੇ ਉਹ ਬੇਈਮਾਨੀ ਖਤਮ ਕਰਨ ਲਈ ਵਚਨਬੱਧ ਸੀ। ਇਸ ਲਈ ਪ੍ਰਬੰਧ ਨੂੰ ਚਲਾਉਣ ਲਈ ਚੰਗੇ ਮੰਤਰੀਆਂ ਦੀ ਖੋਜ ਵਿੱਚ ਸੀ ਪਰ ਉਸ ਵਿੱਚ ਕਈ ਨਿਜੀ ਔਗੁਣ ਸਨ ਜਿਵੇਂ ਕਿ ਸ਼ਿਕਾਰ ਲਈ ਮੋਹ, ਸਮਝਦਾਰੀ ਦੀ ਘਾਟ। ਇਨ੍ਹਾਂ ਨੇ ਉਸ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਅਯੋਗ ਬਣਾਇਆ। ਇਹ ਵਿਸ਼ੇਸ਼ ਤੌਰ ਤੇ ਕ੍ਰਾਂਤੀ ਦੇ ਸਮੇਂ ਉਘੜ ਕੇ ਸਾਹਮਣੇ ਆਏ। ਉਸ ਦੀ ਰਾਣੀ ਮੇਰੀ ਐਨਟੋਇਨੇਟ ਇਕ ਫਜ਼ੂਲ ਖ਼ਰਚ ਅਤੇ ਭੜਕੀਲੀ ਔਰਤ ਸੀ। ਉਸ ਦਾ ਅਦਾਲਤ ਵਿੱਚ ਆਉਣਾ ਕੇਵਲ ਖੁਸ਼ੀ ਲਈ ਹੀ ਸੀ। ਉਹ ਫੈਸ਼ਨ ਦੀ ਲੀਡਰ ਬਣ ਗਈ। ਸਰਵਉੱਚ ਤਾਕਤ ਦੀ ਨਸ਼ਈ, ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੀ ਸੀ। ਸ਼ਾਹੀ ਪਰਿਵਾਰ ਦਾ ਮੇਲ-ਜੋਲ ਕੇਵਲ ਕੁੱਝ ਲੋਕਾਂ ਨਾਲ ਸੀ ਜਿਸ ਨਾਲ ਸ਼ਹਿਨਸ਼ਾਹ ਅਤੇ ਰਾਣੀ, ਲੋਕਾਂ ਨਾਲੋਂ ਟੁੱਟ ਗਏ। ਸਭ ਤੋਂ ਉੱਪਰ ਹਾਰ ਦੀ ਚੋਰੀ ਵਾਲੇ ਮਾਮਲੇ ਅਤੇ ਕਾਨੂੰਨੀ ਕਾਰਵਾਈ ਆਦਿ ਨੇ ਸਮਾਜ ਵਿੱਚ ਮਹਾਰਾਣੀ ਦਾ ਨਾਂ ਬਦਨਾਮ ਕਰ ਦਿੱਤਾ। ਇਸ ਲਈ ਡਾਇਮੰਡ ਚੋਰ, ਇਕ ਸਾਹਸੀ ਕੰਮ ਇਕ ਬਾਜ਼ਾਰੀ ਔਰਤ, ਇਕ ਕਾਮੀ ਆਦਿ ਸ਼ਬਦ ਉਸ ਲਈ ਪ੍ਰਯੋਗ ਕੀਤੇ ਜਾਂਦੇ ਸਨ। ਸੰਖੇਪ ਵਿੱਚ ਆਖਿਆ ਜਾ ਸਕਦਾ ਹੈ ਕਿ ਉਸ ਨੇ ਬਾਦਸ਼ਾਹ ਨੂੰ ਕਮਜ਼ੋਰ ਬਣਾਇਆ, ਉਸ ਦੀਆਂ ਆਪ ਹੁੱਦਰੀਆਂ ਗੱਲਾਂ ਨੇ ਰਾਜੇ ਦਾ ਮਾਨ ਘਟਾਇਆ।

**ਸਰਕਾਰ :** ਲੂਈ ਸੋਲ੍ਹਵੇਂ ਨੇ ਇਕ ਅਜਿਹੀ ਸਰਕਾਰ ਬਣਾਈ ਜਿਸ ਵਿੱਚ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਣ ਸੀ। ਅਜਿਹੀ ਸਰਕਾਰ ਕੋਈ ਸ਼ਾਸਕ ਹੀ ਬਣਾ ਸਕਦਾ ਹੈ। ਇੱਥੋਂ ਤੱਕ ਕਿ ਉਸ ਦੇ ਰਾਜ ਦੇ ਅੰਤਿਮ ਦਿਨਾਂ ਵਿੱਚ ਜਦੋਂ ਉਸ ਦਾ ਕੰਟਰੋਲ ਘੱਟਣ ਲੱਗਾ ਸੀ, ਇਹ ਸਪੱਸ਼ਟ ਹੋ ਗਿਆ ਕਿ ਇਹੋ ਜਿਹੀ ਕੇਂਦਰੀ ਕਿਰਤ ਸਰਕਾਰ ਕੁਸ਼ਲਤਾ ਅਤੇ ਖੁਸ਼ਹਾਲੀ ਨਹੀਂ ਲਿਆ ਸਕਦੀ। ਲੂਈ ਸੋਲ੍ਹਵੇਂ ਦੀ ਸਰਕਾਰ ਕ੍ਰਾਂਤੀ ਤੱਕ ਬਣੀ ਰਹੀ। ਬਾਦਸ਼ਾਹ ਦੇ ਸਲਾਹਕਾਰਾਂ ਵਿੱਚੋਂ ਕੁਲਪਤੀ (ਪ੍ਰਮੁੱਖ ਨਿਆਂਪਾਲ ਅਤੇ ਸੰਵਿਧਾਨ ਅਫਸਰ) ਵਿੱਤ ਦਾ ਕੰਟਰੋਲਰ, ਜਨਰਲ ਚਾਰ ਰਾਜ ਸਕੱਤਰ ਅਤੇ ਸ਼ਾਹੀ ਕੌਂਸਲ ਦੇ ਮੈਂਬਰਾਂ, ਸ਼ਾਹੀ ਕੌਂਸਲ ਵਿੱਚ ਅੱਗੋਂ ਤਿੰਨ ਖੰਡਾਂ ਵਿੱਚ ਵੰਡੀ ਹੋਈ ਸੀ - ਵਿੱਤੀ ਕੌਂਸਲ, ਰਾਜ ਕੌਂਸਲ ਅਤੇ ਪਰੀਵੀ ਕੌਂਸਲ। ਇਸ ਵਿੱਚ ਉੱਘੇ ਕਾਰਜਕਾਰੀ,

ਅਧਿਕਾਰੀ, ਕੁੱਝ ਮੈਜਿਸਟਰੇਟ ਵਕੀਲ ਆਦਿ ਸਨ। ਇਨ੍ਹਾਂ ਨੂੰ ਵਕੀਲਾਂ ਦੇ ਅਹੁਦੇ ਤੋਂ ਚੁਣਨਾ ਵਾਜਬ ਸੀ। ਇਸ ਪ੍ਰਸ਼ਾਸਨੀ ਸਿਸਟਮ ਵਿੱਚ ਕਾਫੀ ਨੁਕਸਾਨ ਸਨ :

1. ਸੰਚਾਲਕ ਕੌਂਸਲ ਤੋਂ ਅਗਵਾਈ ਲੈਂਦੇ ਸਨ ਜਿਹੜੀ ਕੇਵਲ ਰਾਜੇ ਦੀ ਸਲਾਹਕਾਰੀ ਸੰਸਥਾ ਸੀ।
2. ਪ੍ਰਸ਼ਾਸਨਾਂ ਦੀ ਸੰਸਥਾ ਨਾ ਤਾਂ ਪ੍ਰਤੀਨਿਧ ਸੰਸਥਾ ਅਤੇ ਨਾ ਹੀ ਉਹ ਦੀਆਂ ਸ਼ਕਤੀਆਂ ਤੇ ਨਿਯੰਤਰਣ ਰੱਖਣਾ ਸੰਵਿਧਾਨ ਵਿੱਚ ਨਿਸ਼ਚਿਤ ਸੀ।
3. ਰਾਜ ਦੇ ਅਖੌਤੀ ਬੁਨਿਆਦੀ ਨਿਯਮ ਕੁੱਝ ਵੀ ਨਹੀਂ ਸੀ, ਕੇਵਲ ਪੂਰਵ ਨਜ਼ੀਰਾਂ ਪਰੰਪਰਾਵਾਂ ਦਾ ਨਿੱਜੀ ਸੰਗਠਨ ਹੀ ਉਸ ਦੇ ਆਧਾਰ ਤੇ ਸਨ।

ਇਨ੍ਹਾਂ ਪਰਿਸਥਿਤੀਆਂ ਵਿੱਚ ਇਹ ਕੁਦਰਤੀ ਸੀ ਕਿ ਇਕ ਕਮਜ਼ੋਰ ਬਾਦਸ਼ਾਹ ਦੇ ਅਧੀਨ ਅਦਾਲਤੀ ਕਾਰਜ ਖੇਤਰ ਦੇ ਝਗੜੇ ਪ੍ਰਸ਼ਾਸਕਾਂ ਵਿਚਲੇ ਆਪਸੀ ਝਗੜੇ ਰਿਸ਼ਵਤ ਦੀ ਪਰੰਪਰਾ ਅਤੇ ਧੱਕੇਸ਼ਾਹੀ ਦੀਆਂ ਪਰੰਪਰਾਵਾਂ ਲਾਭ ਮਾਣ ਸਕਣ। 1789 ਪੂਰਵ ਫ੍ਰਾਂਸ ਕੇਵਲ ਦੋ ਕਾਰਣਾਂ ਕਰਕੇ ਸਥਾਨਕ ਪ੍ਰਬੰਧ ਦੀ ਸੁਨਿਸ਼ਚਤਤਾ ਛੇਤੀ ਨੌਕਰਸ਼ਾਹੀ ਦੀ ਵਫਾਦਾਰੀ ਕਾਰਨ ਆਪਣੇ ਨਿਯੰਤਰਣ ਵਿੱਚ ਬੰਨ੍ਹਿਆ ਹੋਇਆ ਸੀ, ਜਿਸ ਵਿੱਚ ਅਯੋਗ ਅਤੇ ਢਿੱਲੀ ਪ੍ਰਸ਼ਾਸਨਕ ਪ੍ਰਣਾਲੀ ਸਗੋਂ ਹੋਰ ਵਾਧਾ ਕਰ ਰਹੀ ਸੀ, ਨਾ ਕਿ ਅਖੀਰਲੇ ਬੂਰਬੋ ਦੀ ਰਾਜ-ਅਵਸਥਾ ਵਿੱਚ ਸਰਕਾਰ ਦੀ ਬੁਨਿਆਦੀ ਸ਼ਕਤੀ ਸੀ।

ਸਾਰਾ ਦੇਸ਼ ਜਾਗੀਰਾਂ (Intendents) ਵਿੱਚ ਵੰਡਿਆ ਹੋਇਆ ਸੀ। 1789 ਵਿੱਚ ਇਨ੍ਹਾਂ ਦੀ ਸੰਖਿਆ 34 ਸੀ। ਇਹ ਖੇਤਰ ਵੱਡੇ ਪ੍ਰਸ਼ਾਸਕੀ ਯੂਨਿਟ ਸਨ, ਜਿਹੜੇ ਆਪਸ ਵਿੱਚ ਰਿਵਾਜ, ਸਭਿਆਚਾਰ ਦੇ ਕਾਰਣ ਇਕ ਦੂਜੇ ਨਾਲੋਂ ਵੱਖਰੇ ਸਨ ਅਤੇ ਸਰਕਾਰੀ ਸਿਸਟਮ ਵਿੱਚ ਇਨ੍ਹਾਂ ਦੀ ਕੋਈ ਅਹਿਮੀਅਤ ਨਹੀਂ ਸੀ। ਕਈ ਸੂਰਤਾਂ ਵਿੱਚ ਕਈ ਸੂਬਿਆਂ ਨੂੰ ਇਕ ਇਟੈਂਡੈਂਸੀ ਵਿੱਚ ਜੋੜਿਆ ਹੋਇਆ ਸੀ ਜਦੋਂ ਕਿ ਦੂਜੀ ਸੂਰਤ ਵਿੱਚ ਇਕ ਇਟੈਂਡੈਂਸੀ ਨੂੰ ਕਈ ਸੂਬਿਆਂ ਵਿੱਚ ਤੋੜਿਆ ਹੋਇਆ ਸੀ। ਸ਼ੁਰੂ ਵਿੱਚ ਇਟੈਂਡੈਂਸੀ ਜਾਂ ਗਵਰਨਰ ਵਕੀਲਾਂ ਵਿੱਚੋਂ ਚੁਣੇ ਜਾਂਦੇ ਸਨ। ਲੂਈ ਸੋਲ੍ਹਵਾਂ ਨਹੀਂ ਸੀ ਚਾਹੁੰਦਾ ਕਿ ਉਹ ਤਾਕਤ ਦੇ ਕੰਮਾਂ ਵਿੱਚ ਹਿੱਸੇਦਾਰ ਬਣਨ ਅਤੇ ਨਾ ਹੀ ਉਹ ਚਾਹੁੰਦਾ ਸੀ ਕਿ ਉਹ ਇਸ ਦੀ ਤਮੰਨਾ ਵੀ ਕਰਨ। ਪਰ ਉਂਜ ਉਨ੍ਹਾਂ ਕੋਲ ਅਸੀਮ ਅਖਤਿਆਰ ਸਨ ਜਿਵੇਂ ਕਿ ਉਹ ਸਾਰੀਆਂ ਸ਼ਾਹੀ ਅਦਾਲਤਾਂ ਵਿੱਚ ਇਨਸਾਫ ਕਰਨ ਵਿੱਚ ਭਾਗੀਦਾਰ ਸਨ। ਉਹ ਹਿਸਾਬ ਅਤੇ ਮਿਲਖ ਤਸਦੀਕ ਕਰ ਸਕਦੇ ਸਨ ਅਤੇ ਸਿੱਧੇ ਤੌਰ ਤੇ ਮਾਲੀਆ ਉਗਰਾਹ ਸਕਦੇ ਸਨ।

ਇਨ੍ਹਾਂ ਇਨਟੈਂਡੈਂਸੀਜ਼ ਨੇ 17ਵੀਂ ਸਦੀ ਵਿੱਚ ਮਹੱਵਪੂਰਨ ਭੂਮਿਕਾ ਨਿਭਾਈ, ਇਨ੍ਹਾਂ ਨੇ ਉਨ੍ਹਾਂ ਸਾਰੀਆਂ ਸ਼ਕਤੀਆਂ ਤੇ ਨਿਯੰਤਰਣ ਰੱਖਿਆ ਜਿਹੜੀਆਂ ਕੇਂਦਰੀ ਸ਼ਹਿਨਸ਼ਾਹਤ ਅੱਗੇ ਰੁਕਾਵਟ ਖੜੀ ਕਰ ਸਕਦੀਆਂ ਸਨ। ਪਰ ਬਾਅਦ ਵਿੱਚ ਇਹ ਆਪਣੇ ਅਰਥ ਗੁਆ ਬੈਠੀਆਂ ਕਿਉਂਕਿ ਇਨ੍ਹਾਂ ਦੀ ਚੋਣ ਉਚੇਰੇ ਸਰਦਾਰਾਂ ਵਿੱਚੋਂ ਕੀਤੀ ਜਾਣ ਲੱਗ ਪਈ ਜਿਹੜੇ ਦੇਸ਼ ਵਿੱਚ ਨਹੀਂ ਸਗੋਂ ਵਰਸੇਲਜ਼ ਵਿੱਚ ਰਹਿੰਦੇ ਸਨ। ਵਪਾਰ ਅਤੇ ਕਾਮਰਸ ਦੇ ਵਿਕਾਸ ਨਾਲ ਅਤੇ ਵਧਦੇ ਹੋਏ ਸ਼ਹਿਰੀਕਰਨ ਨਲ ਸ਼ਹਿਰੀ ਨਗਰ ਪਾਲਿਕਾਵਾਂ ਇਨ੍ਹਾਂ ਨਾਲ ਭਿੜਣ ਲੱਗੀਆਂ ਜਿਨ੍ਹਾਂ ਨੂੰ ਸ਼ਾਹੀ ਮੱਦਦ ਪ੍ਰਾਪਤ ਨਹੀਂ ਸੀ। ਇਨ੍ਹਾਂ ਦੀ ਇਹੋ ਜਿਹੀ ਮਾੜੀ ਭੂਮਿਕਾ ਸੀ ਕਿ ਇਨ੍ਹਾਂ ਨੂੰ ਅਤਿਆਚਾਰੀ ਕਿਹਾ ਜਾਣ

ਲੱਗ ਪਿਆ। ਅਸਲੀ ਨੁਕਸ ਇਨ੍ਹਾਂ ਵਿੱਚ ਨਹੀਂ ਸੀ ਸਗੋਂ ਸਰਕਾਰ ਦੀ ਬਣਤਰ ਵਿੱਚ ਸੀ। ਨਵੀਂ ਕਿਸਮ ਦੀ ਕੇਂਦਰੀਕਰਤ ਹਕੂਮਤ ਵਿਚਕਾਰਲੀ ਜਾਗੀਰਦਾਰੀ ਵੱਲੋਂ ਠੋਸੀ ਗਈ ਸੀ। ਲੈਫੇਬਵਰੇ ਨੇ ਠੀਕ ਹੀ ਕਿਹਾ ਹੈ : 1789 ਤੋਂ 150 ਵਰ੍ਹੇ ਪਹਿਲਾਂ ਸ਼ਹਿਨਸ਼ਾਹੀ ਕੌਮੀ ਏਕਤਾ ਲਿਆਉਣ ਵਿੱਚ ਬਿਲਕੁਲ ਅਸਫਲ ਸਾਬਤ ਹੋਈ ਸੀ। ਉਸ ਨੇ ਲੂਈ ਚੌਧਵੇਂ ਦੇ ਰਾਜਕਾਲ ਵਿੱਚ ਲਾਜ਼ਮੀ ਪ੍ਰਸ਼ਾਸਨ ਵਿੱਚ ਕਈ ਨੁਕਸ ਲੈ ਆਂਦੇ ਸਨ।

ਪੁਰਾਣੇ ਰਾਜ ਦੇ ਸਭ ਤੋਂ ਭੈੜੀ ਨਿਆਇ ਪ੍ਰਣਾਲੀ ਸੀ। ਅਦਾਲਤਾਂ ਦੀ ਸਾਰੀ ਨਿਆਇ ਪ੍ਰਣਾਲੀ ਬਾਦਸ਼ਾਹ ਦੀ ਸਰਵਉੱਚਤਾ ਦੇ ਨਾਂ ਤੇ ਚਲਦੀ ਸੀ। ਵਾਸਤਵ ਵਿੱਚ ਜ਼ਿਮੀਂਦਾਰ ਅਦਾਲਤਾਂ ਅਤੇ ਖਰਚ ਅਦਾਲਤਾਂ ਜਿਹੜੀਆਂ ਉਸ ਵੇਲੇ ਸਦੀਆਂ ਤੋਂ ਪ੍ਰਚੱਲਿਤ ਸਨ ਉਨ੍ਹਾਂ ਵਿੱਚ ਵੱਖਰਤਾ ਸੀ ਅਤੇ ਸਮਾਨਤਾ ਨਹੀਂ ਸੀ। ਅਜਿਹੀਆਂ ਅਦਾਲਤਾਂ ਦੀ ਸਥਿਰਤਾ ਵਿੱਕ ਖਤਮ ਚੁੱਕੀ ਸੀ। ਉਮੀਦਵਾਰ ਦੇਸ਼ ਦੀ ਨਿਆਇਕ ਪ੍ਰਬੰਧ ਉਦੋਂ ਵੀ ਆਪਣੇ ਹੱਕਾਂ ਤੋਂ ਵਾਂਝੇ ਹੋ ਗਏ ਨਹੀਂ ਸਮਝੇ ਜਾਂਦੇ ਸਨ ਜਦੋਂ ਉਹ ਸੇਵਾ ਕਰਨ ਤੋਂ ਮੁਕਤ ਹੋ ਜਾਂਦੇ ਸਨ ਕਿਉਂਕਿ ਬਾਦਸ਼ਾਹ ਕੋਲ ਉਨ੍ਹਾਂ ਨੂੰ ਮੁੜ ਖਰੀਦਣ ਦੀ ਸਮਰੱਥਾ ਨਹੀਂ ਸੀ। ਉਹ ਅਜਿਹੇ ਨਾ ਹਟਾਏ ਜਾਣ ਵਾਲੇ ਅਧਿਕਾਰ ਬਣ ਜਾਂਦੇ ਸਨ ਜਿਹੜੇ ਬਾਦਸ਼ਾਹ ਦੀ ਸਰਵਉੱਚ ਸ਼ਕਤੀ ਨੂੰ ਘਟਾਉਂਦੇ ਸਨ।

## ਨਿਆਂ ਪ੍ਰਣਾਲੀ

ਸ਼ਾਹੀ ਅਦਾਲਤਾਂ ਵਿੱਚ 13 ਸੰਸਦਾਂ ਸਨ, ਜਿਹੜੀਆਂ ਦੀਵਾਨੀ ਅਤੇ ਫੌਜਦਾਰੀ ਮਾਮਲਿਆਂ ਵਿੱਚ ਸਰਵਉੱਚ ਅਦਾਲਤਾਂ ਵੱਜੋਂ ਕੰਮ ਕਰਦੀਆਂ ਸਨ। ਦੇਸ਼ ਵਿੱਚ ਕਈ ਅਦਾਲਤਾਂ ਤੋਂ ਇਲਾਵਾ ਜਿਹੜੀਆਂ ਸ਼ਾਹੀ ਅਧਿਕਾਰ ਖੇਤਰ ਵਿੱਚ ਸਨ, ਕਈ ਹੋਰ ਅਦਾਲਤਾਂ ਵੀ ਸਨ ਜਿਹੜੀਆਂ ਪ੍ਰਸ਼ਾਸਨਿਕ, ਸੈਨਿਕ, ਵਪਾਰਿਕ ਅਤੇ ਨਿਸ਼ਚਿਤ ਕਰਾਂ ਨਾਲ ਸੰਬੰਧਿਤ ਕੰਮ ਕਰਦੀਆਂ ਸਨ। ਦੇਸ਼ ਵਿੱਚ ਲਗਭਗ 300 ਕੋਡ ਸਨ। 2500 ਜਾਗੀਰਦਾਰ ਅਦਾਲਤਾਂ ਸਨ ਅਤੇ 3500 ਜੱਜ ਸਨ। ਇਹ ਸਾਰਾ ਕੁੱਝ ਭੁਲੇਖੇ ਪੈਦਾ ਕਰਨ ਵਾਲਾ ਸੀ ਕਿਉਂਕਿ ਅਧਿਕਾਰ ਖੇਤਰ ਸਪੱਸ਼ਟ ਨਹੀਂ ਸਨ। ਕਾਨੂੰਨ ਦੀ ਵਿਆਖਿਆ ਭੁਲੇਖਾ ਪਾਊ ਅਤੇ ਸ਼ੱਕੀ ਸੀ। ਕਿਉਂਕਿ ਜੱਜਾਂ ਦੀਆਂ ਤਨਖਾਹਾਂ ਘੱਟ ਸਨ, ਨਿਆਂ ਦੇ ਮਾਮਲੇ ਵਿੱਚ ਰਿਸ਼ਵਤ ਖੋਰੀ, ਹੇਰਾ ਫੇਰੀ, ਵਿਆਪਕ ਫੌਜਦਾਰੀ ਮਸਲੇ ਲੋਕਾਂ ਸਾਹਮਣੇ ਨਹੀਂ ਨਿਪਟਾਏ ਜਾਂਦੇ ਸਨ। ਸਜ਼ਾਵਾਂ ਅਣਮਨੁੱਖੀ ਸਨ। ਨਿਆਂ ਪ੍ਰਣਾਲੀ ਦੇ ਮੈਂਬਰ ਬਾਦਸ਼ਾਹ ਦੇ ਅਧਿਕਾਰੀਆਂ ਵੱਜੋਂ ਕੰਮ ਕਰਦੇ ਸਨ। ਉਹ ਸੁਧਾਰ ਦੇ ਸਾਰੇ ਯਤਨ ਨਾਕਾਮ ਬਣਾ ਦਿੰਦੇ ਸਨ ਤੇ ਪ੍ਰੈਸ ਨੂੰ ਦਬਾਉਣ ਵਿੱਚ ਸਹਾਇਤਾ ਕਰਦੇ ਸਨ। ਅਣਮਨੁੱਖੀ ਫੌਜਦਾਰੀ, ਨਿਆਂ ਪ੍ਰਣਾਲੀ ਨੂੰ ਉੱਚਿਤ ਠਹਿਰਾਉਂਦੇ ਸਨ। ਉਹ ਸਰਦਾਰਾਂ ਦਾ ਪੱਖ ਪੂਰਦੇ ਸਨ ਅਤੇ ਨਵੇਂ ਕਰ ਲਾਉਣ ਨੂੰ ਰੋਕਦੇ ਸਨ। ਉਹ ਪੁਰਾਣੇ ਰਾਜ ਦਾ ਪੱਖ ਪੂਰਦੇ ਸਨ ਅਤੇ ਜਾਗੀਰਦਾਰੀ ਦੇ ਹੱਕ ਵਿੱਚ ਕਹਿੰਦੇ ਸਨ। ਦੇਸ਼ ਵਿੱਚ ਕਾਨੂੰਨ ਵੀ ਇਕੋ ਜਿਹੇ ਨਹੀਂ ਸਨ। ਰਿਵਾਜੀ ਕਾਨੂੰਨ 285 ਪ੍ਰਚਲਿਤ ਸਨ। ਰੋਮਨ ਕਾਨੂੰਨੀ ਲਾਤੀਨੀ ਭਾਸ਼ਾ ਵਿੱਚ ਸਨ, ਜਿਸ ਨੂੰ ਬਹੁਤ ਘੱਟ ਲੋਕ ਸਮਝ ਸਕਦੇ ਸਨ।

## ਆਰਥਿਕ ਕਾਰਨ

ਨਿਆਂ ਪ੍ਰਣਾਲੀ ਵਾਂਗ ਹੀ ਵਿੱਤੀ ਪ੍ਰਬੰਧ ਵੀ ਆਲਸੀ ਯੋਗ ਅਤੇ ਕੱਚਾ ਸੀ। ਇਹ

ਭੁਲੇਖਿਆਂ ਅਤੇ ਬੇਤਰਤੀਬੀ ਵਿੱਚ ਚਲਦਾ ਸੀ। ਟੈਕਸ ਕਿਸੇ ਹਿਸਾਬ ਨਾਲ ਲਗਾਏ ਜਾਂਦੇ ਸਨ। ਵਿਸ਼ੇਸ਼ ਅਧਿਕਾਰ ਪ੍ਰਾਪਤ ਸ਼੍ਰੇਣੀ ਕਰਾਂ ਤੋਂ ਮੁਕਤ ਸੀ। ਕਰ ਇਕੱਠੇ ਕਰਨ ਦਾ ਢੰਗ ਵਿੱਤੀ ਤੌਰ ਤੇ ਨੁਕਸਾਨਦੇਹ ਅਤੇ ਰਿਸ਼ਵਤ ਵਾਲਾ ਸੀ, ਸਮਾਜਿਕ ਤੌਰ ਤੇ ਪੱਖਪਾਤ ਵਾਲਾ ਸੀ ਅਤੇ ਆਰਥਿਕ ਤੌਰ ਤੇ ਅਸੁਰੱਖਿਅਤ ਸੀ। ਗਰਸਾਏ ਨੇ ਕਿਹਾ ਸੀ, ਖਜ਼ਾਨੇ ਦੀ ਨਿਘਰਦੀ ਹਾਲਤ ਨੂੰ ਸੁਧਾਰਨ ਲਈ ਪੱਦਵੀਆਂ ਦਾ ਵੇਚਣਾ, ਸਿੱਕੇ ਦਾ ਬੇ-ਹਿਸਾਬ ਵਾਧਾ ਕਰੇ ਇਕੱਠੇ ਕਰਨ ਦਾ ਢੰਗ, ਨਵੇਂ ਕਰਜ਼ੇ ਅਤੇ ਕਰ ਆਦਿ ਸਨ। ਫਜ਼ੂਲ ਖਰਚੀ ਤੇ ਕੋਈ ਪਾਬੰਦੀ ਨਹੀਂ ਸੀ। ਅਜਿਹੇ ਖਰਚਿਆਂ ਤੇ ਕੋਈ ਰੋਕ ਨਹੀਂ ਸੀ। ਆਰਥਿਕ ਹਾਲਤ ਹੋਰ ਵਿਗੜ ਗਈ ਜਦੋਂ ਪ੍ਰਸ਼ਾਸਨ ਅਤੇ ਮਿਲਟਰੀ ਤੇ ਕਬਜ਼ਾ ਹੋਰ ਵੱਧ ਗਿਆ ਸੀ। ਉਪਰਲੀ ਭਾਰੀ ਪ੍ਰਸ਼ਾਸਨ ਪੱਧਤੀ ਵਿੱਚ 117 ਅਧਿਕਾਰੀ ਸਨ, ਜਿਨ੍ਹਾਂ ਨੂੰ ਚਲਾਉਣ ਲਈ 46 ਮਿਲੀਅਨ ਲੀਵਰ ਚਾਹੀਦੇ ਸਨ। 1789 ਵਿੱਚ ਲਗਭਗ 14% ਮਿਲੀਅਨ ਕਰ ਇਕੱਠੇ ਕਰਨ ਤੇ ਖਰਚ ਹੋ ਗਿਆ। ਕ੍ਰਾਂਤੀ ਦੇ ਸਮੇਂ ਕਰਾਂ ਦਾ ਭਾਰ 14 ਤੋਂ 64% ਸੀ। ਸਰਕਾਰ ਨੇ 1774 ਤੱਕ ਕੋਈ ਸੁਧਾਰ ਨਾ ਲਿਆਂਦਾ ਤੇ ਜੇ ਲਿਆਂਦਾ ਤਾਂ ਆਰਜ਼ੀ ਅਤੇ ਪੱਖਪਾਤੀ ਸੀ।

ਫ੍ਰਾਂਸ ਦੇ ਵੱਖ-ਵੱਖ ਨਗਰਾਂ ਵਿੱਚ ਵਸਤਾਂ ਤਿਆਰ ਕਰਨ ਲਈ ਗਿਲਡ ਬਣੇ ਹੋਏ ਸਨ। ਹਰੇਕ ਗਿਲਡ ਦੇ ਆਪਣੇ-ਆਪਣੇ ਨਿਯਮ ਹੁੰਦੇ ਸਨ ਜਿਨ੍ਹਾਂ ਅਨੁਸਾਰ ਕੰਮ ਕਰਨ ਦੇ ਘੰਟੇ, ਤਿਆਰ ਹੋਣ ਵਾਲੀਆਂ ਚੀਜ਼ਾਂ ਦੇ ਨਮੂਨੇ ਅਤੇ ਉਨ੍ਹਾਂ ਦੀਆਂ ਕੀਮਤਾਂ ਨਿਸ਼ਚਿਤ ਹੁੰਦੀਆਂ ਸਨ। ਸਾਰੇ ਸ਼ਿਲਪੀਆਂ ਅਤੇ ਕਾਰੀਗਰਾਂ ਨੂੰ ਆਪਣੇ-ਆਪਣੇ ਗਿਲਡ ਦੇ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਵਿੱਚੋਂ ਨਾ ਤਾਂ ਕੋਈ ਆਪਣੀ ਮਰਜ਼ੀ ਅਨੁਸਾਰ ਤਿਆਰ ਹੋਣ ਵਾਲੀਆਂ ਵਸਤਾਂ ਦੇ ਨਮੂਨੇ ਬਦਲ ਸਕਦਾ ਸੀ ਅਤੇ ਨਾ ਹੀ ਨਵੀਆਂ ਵਸਤਾਂ ਤਿਆਰ ਕਰ ਸਕਦਾ ਸੀ। ਇਹ ਪ੍ਰਣਾਲੀ ਦੋਸ਼ਪੂਰਣ ਸੀ। ਇਸ ਅਨੁਸਾਰ ਉਸਤਾਦ ਆਪਣੇ ਸ਼ਗਿਰਦਾਂ ਦਾ ਸੋਸ਼ਣ ਕਰਦੇ ਸਨ।

ਫ੍ਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਦੇਸ਼ ਦੇ ਅੰਦਰੂਨੀ ਵਪਾਰ ਉੱਤੇ ਬੰਦਸ਼ਾਂ ਲੱਗੀਆਂ ਹੋਈਆਂ ਸਨ। ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿੱਚ ਵਪਾਰਕ ਵਸਤਾਂ ਲਿਜਾਣ ਲਈ ਸੀਮਾ ਸ਼ੁਲਕ ਦੇਣੇ ਪੈਂਦੇ ਸਨ। ਨਗਰਾਂ ਵਿੱਚ ਚੁੰਗੀ-ਕਰ ਲਾਏ ਸਨ। ਮੇਲਿਆਂ ਅਤੇ ਮੰਡੀਆਂ ਉੱਤੇ ਸਾਮੰਤੀ ਕਰ ਲਾਏ ਜਾਂਦੇ ਸਨ। ਸਾਰੇ ਦੇਸ਼ ਵਿੱਚ ਮਾਪ ਤੇ ਤੋਲ ਦੇ ਪੈਮਾਨੇ ਵੀ ਇਕੋ ਜਿਹੇ ਨਹੀਂ ਸਨ।

ਉਸ ਸਮੇਂ ਕਈ ਸਿੱਧੇ ਕਰ ਸਨ ਜਿਹੜੇ ਵਿਚਕਾਰਲੀ ਗਰੀਬ ਸ਼੍ਰੇਣੀ ਨੂੰ ਭਰਨੇ ਪੈਂਦੇ ਯਨ। ਸ਼ਹਿਰਾਂ ਦੀ ਖੁੱਲ੍ਹੇ ਫਾਰਮ ਉਪਜ ਦੇ ਸਹਾਰੇ ਟੈਲੇ (Taille) ਕਰ ਉਗਰਾਹਿਆ ਜਾਂਦਾ ਸੀ। ਇਹ ਬਿਲਕੁਲ ਪੱਖਪਾਤੀ ਸੀ ਅਤੇ ਸਿੱਧਾ ਕਿਸਾਨਾਂ ਤੇ ਭਾਰ ਸੀ ਵਿਜਟਾਇਨ (Vigtiene) ਆਮਦਨ ਕਰ ਵਰਗਾ ਸੀ ਜਿਹੜਾ ਸਾਰੇ ਕਿੱਤਿਆਂ ਤੇ ਲਗਦਾ ਸੀ। ਉਪਰਲੀ ਸ਼੍ਰੇਣੀ ਜਾਂ ਤਾਂ ਇਸ ਕਰ ਦੀ ਅਦਾਇਗੀ ਤੋਂ ਬਚ ਜਾਂਦੀ ਸੀ ਜਾਂ ਇਸ ਦਾ ਭਾਰ ਗਰੀਬ ਲੋਕਾਂ ਤੇ ਪਾ ਦਿੰਦੀ ਸੀ। ਕੌਰਵੀ (Corvee) ਇਕ ਅਜਿਹਾ ਕਰ ਸੀ ਜਿਹੜਾ ਕਿਸਾਨਾਂ ਨੂੰ ਅਤੇ ਮਜ਼ਦੂਰਾਂ ਨੂੰ ਮਜ਼ਦੂਰੀ ਕਰਕੇ ਅਦਾ ਕਰਨਾ ਪੈਂਦਾ ਸੀ ਜਦੋਂ ਕੁੱਝ ਦਿਨਾਂ ਲਈ ਉਹ ਸ਼ਾਹੀ ਮਾਰਗਾਂ ਤੇ ਕੰਮ ਕਰਦੇ ਸਨ।

ਅਸਿੱਧੇ ਕਰਾਂ ਦੀ ਪ੍ਰਣਾਲੀ ਵੀ ਇਸੇ ਤਰ੍ਹਾਂ ਅਨਿਆਇ ਪੂਰਣ ਸੀ। ਕਿਉਂਕਿ ਇਹ

ਨਿੱਜੀ ਕਰ ਕੁਲੈਕਟਰਾਂ ਦੁਆਰਾ ਸੋਸ਼ਣ ਉਗਰਾਹੀ ਜਾਂਦੀ ਸੀ। ਇਨ੍ਹਾਂ ਕਰਾਂ ਵਿੱਚੋਂ ਕੁੱਝ ਨਾਂ ਇਸ ਪ੍ਰਕਾਰ ਲਏ ਜਾਂਦੇ ਹਨ : ਗੈਬਲੇ ਕਰ (ਲੂਣ ਕਰ), ਏਡਜ਼ (ਐਕਸਾਈਜ਼ ਕਰ) ਅਤੇ ਟਰੇਟਸ ਅਤੇ ਡੋਏਨਜ (ਕਸਟਮ ਡਿਊਟੀ)। ਇਨ੍ਹਾਂ ਕਰਾਂ ਨੂੰ ਇਕੱਤਰ ਕਰਨ ਅਤੇ ਇਨ੍ਹਾਂ ਦੇ ਪ੍ਰਬੰਧ ਲਈ ਅਪਣਾਈ ਗਈ ਕਾਰਜ ਪ੍ਰਣਾਲੀ ਵੀ ਦੋਸ਼ਪੂਰਣ ਸੀ।

ਸੰਖੇਪ ਵਿੱਚ ਫ੍ਰਾਂਸ ਦੀ ਪੁਰਾਣੇ ਢੰਗ ਦੀ ਸਰਕਾਰ ਨੇ ਸਥਾਨਕ ਅਤੇ ਕੇਂਦਰੀ ਢਾਂਚੇ ਵਿੱਚ ਬਹੁਤ ਸਾਰੀਆਂ ਕਮਜ਼ੋਰੀਆਂ ਸਨ। ਇਸ ਦੇ ਕਾਰਣ ਯੋਗ ਅਗਵਾਈ ਦੀ ਘਾਟ, ਵਿਰੋਧੀਆਂ ਦੀ ਤਕੜੀ ਗੁਟਬੰਦੀ ਅਤੇ ਪੁਰਾਣੀ ਕਿਸਮ ਦੀ ਵਿਸ਼ਵਾਸ ਪਾਤਰਤਾ ਆਦਿ ਸਨ।

## ਸਟੇਟ ਜਨਰਲ

ਸਟੇਟ ਜਨਰਲ ਪਾਦਰੀਆਂ, ਸਰਦਾਰਾਂ ਅਤੇ ਕਾਮਨਜ਼ ਦੀ ਪ੍ਰਤੀਨਿਧ ਜਮਾਤ ਸੀ, ਜਿਹੜੀ 1614 ਤੋਂ ਕਦੀ ਵੀ ਨਹੀਂ ਸੱਦੀ ਗਈ ਸੀ। ਉਂਜ ਤਿੰਨ ਮਿਲਖਾਂ (Estates) ਵੱਖ-ਵੱਖ ਮਿਲਦੀਆਂ ਰਹੀਆਂ। ਇਨ੍ਹਾਂ ਕੋਲ ਕਰ ਪਾਸ ਕਰਨ ਤੇ ਹੋਰ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਸੀ। ਹਰ ਮੈਂਬਰ ਆਪਣੇ ਹਲਕੇ ਵਿੱਚੋਂ ਸ਼ਿਕਾਇਤ ਦਾ ਚਿੱਠਾ ਲਿਆਉਂਦਾ, ਹਰ ਇਕ ਮਿਲਖ ਦਾ ਮੰਤਵ ਆਪਣੀਆਂ ਮੰਗਾਂ ਦਾ ਚਿੱਠਾ ਲਿਆਉਣਾ ਅਤੇ ਬਾਦਸ਼ਾਹ ਨੂੰ ਪੇਸ਼ ਕਰਨਾ ਸੀ। ਇਹ ਪ੍ਰਬੰਧ ਬਰਤਾਨਵੀ ਸੰਸਦ ਦੇ ਮੁਕਾਬਲੇ ਵਿੱਚ ਮਹੱਤਵਹੀਨ ਸੀ। ਫਿਰ ਜਦੋਂ ਚੋਣਾਂ ਲਈ ਭਰਪੂਰ ਉਤਸ਼ਾਹ ਵਿਖਾਇਆ ਗਿਆ ਤਾਂ ਫ੍ਰਾਂਸੀਸੀ ਸਰਕਾਰ ਇਸ ਵੱਲ ਝੁਕੀ। ਆਉ, ਹੁਣ ਅਸੀਂ ਇਨ੍ਹਾਂ ਮਿਲਖਾਂ ਦੀ ਬਣਤਰ ਵੱਲ ਨਿਗ੍ਹਾ ਮਾਰੀਏ।

## ਪਾਦਰੀ (Clergy)

ਪਹਿਲੀ ਮਿਲਖ ਬਹੁਤ ਪ੍ਰਭਾਵਸ਼ਾਲੀ ਸਮੂਹਿਕ ਸੰਸਥਾ ਸੀ। ਇਸ ਕੋਲ ਸਤਿਕਾਰ, ਪ੍ਰਤਿਭਾ ਅਤੇ ਸੁਤੰਤਰ ਵਿੱਤੀ ਸਰੋਤ ਸਨ ਅਤੇ ਆਪਣੀ ਸੁਤੰਤਰ ਸ਼ਾਸਨ-ਵਿਵਸਥਾ ਸੀ। ਉਨ੍ਹਾਂ ਦਾ ਪ੍ਰਧਾਨ ਕਾਰਜ ਖੇਤਰ ਧਾਰਮਿਕ ਵਿਧੀ ਵਿਧਾਨ, ਸਿੱਖਿਆ, ਦਾਨ ਗੁਰੂ ਦਕਸ਼ਣਾ ਲੈਣਾ, ਵਿਆਹ ਕਰਵਾਉਣੇ, ਮਰਨੇ ਪਰਨੇ ਕਰਵਾਉਣੇ ਆਦਿ ਸੀ। ਕਹਿਣ ਨੂੰ ਤਾਂ ਚਰਚ ਸੁਤੰਤਰ ਸੀ, ਪਰ ਕਿਰਿਆਤਮਕ ਰੂਪ ਵਿੱਚ ਬਾਦਸ਼ਾਹ ਪੁਲਿਸ ਰੱਖਿਆ ਤੇ ਮਾਲੀਆ ਉਗਰਾਹੁਣ ਆਦਿ ਵਿੱਚ ਆਪਣੀ ਤਾਕਤ ਵਰਤਦਾ ਸੀ। ਬਾਦਸ਼ਾਹ ਨੂੰ ਪ੍ਰਮੁੱਖ ਪਾਦਰੀ ਨਿਯੁਕਤ ਕਰਨ ਦਾ ਅਧਿਕਾਰ ਸੀ। ਕਿਉਂਕਿ ਪਾਦਰੀਆਂ ਦੀ ਗਿਣਤੀ ਸੰਬੰਧੀ ਕੋਈ ਨਿਸ਼ਚਿਤ ਨਿਯਮ ਨਹੀਂ ਸੀ। ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਗਿਣਤੀ ਦਸ ਹਜ਼ਾਰ ਕਿ ਗਿਆਰ੍ਹਾਂ ਸੀ ਜਦੋਂ ਕਿ ਹੇਠਲੇ ਨਿਰਪੱਖ ਪਾਦਰੀ ਅਤੇ ਪ੍ਰਚਾਰਕ ਦੀ ਗਿਣਤੀ ਰਲਾ ਕੇ ਫ੍ਰਾਂਸ ਦੀ ਕੁਲ ਆਬਾਦੀ ਦਾ 1% ਬਣਦੀ ਸੀ। ਚਰਚ ਦੀ ਧਰਤੀ ਤੋਂ 1/5 ਖੇਤੀ ਯੋਗ ਭਾਗ ਤੇ ਅਧਿਕਾਰ ਸੀ ਜਿਸ ਤੇ ਕੋਈ ਲਗਾਨ ਨਹੀਂ ਸੀ ਮਿਲਦਾ। ਚਰਚ ਨੂੰ ਜਾਇਦਾਦ ਤੋਂ 12 ਮਿਲੀਅਨ ਲੀਵਰ ਪ੍ਰਾਪਤ ਹੁੰਦੇ ਸਨ ਅਤੇ 123 ਮਿਲੀਅਨ ਦਸਵੰਧ ਤੋਂ ਪ੍ਰਾਪਤ ਹੁੰਦੇ ਸਨ। ਚਰਚ ਨੂੰ ਕੋਈ ਕਰ ਨਹੀਂ ਦੇਣਾ ਪੈਂਦਾ ਸੀ ਪਰ ਹਰ ਪੰਜਾਂ ਸਾਲਾਂ ਮਗਰੋਂ ਉਨ੍ਹਾਂ ਨੂੰ ਬਾਦਸ਼ਾਹ ਨੂੰ ਤੋਹਫੇ ਦੇਣ ਦਾ ਰਿਵਾਜ ਸੀ। ਪਾਦਰੀਂ ਦੋ ਸ਼੍ਰੇਣੀਆਂ ਵਿੱਚ ਵੰਡੇ ਹੋਏ ਸਨ - ਇਕ ਉਪਰਲੀ ਅਤੇ ਇਕ ਹੇਠਲੀ ਸ਼੍ਰੇਣੀ। ਉਪਰਲੀ ਸ਼੍ਰੇਣੀ ਦੀ ਆਮਦਨ ਕਰ 40

ਹਜ਼ਾਰ ਤੋਂ 4 ਲੱਖ ਲੀਵਰਜ਼ ਪ੍ਰਤੀ ਸਾਲ ਸੀ। ਉਹ ਆਮ ਤੌਰ ਤੇ ਉਪਰਲੀ ਸ਼੍ਰੇਣੀ ਵਿੱਚੋਂ ਭਰਤੀ ਕੀਤੇ ਜਾਂਦੇ ਸਨ ਅਤੇ ਕਾਫੀ ਅਮੀਰ ਸਨ। ਹੇਠਲੀ ਪਾਦਰੀ ਸ਼੍ਰੇਣੀ ਸੀ ਜਿਨ੍ਹਾਂ ਦੀ ਆਮਦਨ ਬਹੁਤ ਘੱਟ ਸੀ ਅਤੇ ਤਰਸ ਯੋਗ ਜੀਵਨ ਬਤੀਤ ਕਰਦੇ ਸੀ। ਉਪਰਲੀ ਪਾਦਰੀ ਸ਼੍ਰੇਣੀ ਦੇ ਮੈਂਬਰ ਵਰਸਾਇ ਵਿੱਚ ਐਸ਼ ਇਸ਼ਰਤ ਵਾਲੀ ਜ਼ਿੰਦਗੀ ਬਤੀਤ ਕਰਦੇ ਸਨ। ਇਨ੍ਹਾਂ ਦੋਹਾਂ ਦੇ ਪਰਸਪਰ ਸੰਬੰਧ ਅਣਸੁਖਾਵੇਂ ਸਨ। ਸੀਜ ਲਿਖਦਾ ਹੈ ਕਿ ਉਸ ਵੇਲੇ ਹੀ ਪਾਦਰੀ ਸ਼੍ਰੇਣੀ ਇਕ ਕਾਰ ਵਿਹਾਰ ਸ਼੍ਰੇਣੀ ਸੀ। ਇਸ ਪਹਿਲੀ ਮਿਲਖ ਦੇ 300 ਚੁਣੇ ਹੋਏ ਮੈਂਬਰ ਸਨ। 208 ਅਜਿਹੇ ਵੱਖ ਹੋਏ ਪਾਦਰੀ ਸਨ ਜਿਨ੍ਹਾਂ ਨੇ ਕ੍ਰਾਂਤੀ ਵਿੱਚ ਕਾਮਨਰਜ਼ ਦਾ ਸਾਥ ਦਿੱਤਾ ਸੀ।

## ਮੱਧ ਸ਼੍ਰੇਣੀ

ਸਰਦਾਰਾਂ ਵਿੱਚ ਦੂਜੀ ਵੱਡੀ ਸ਼੍ਰੇਣੀ ਵਿੱਚ ਲਗਭਗ 50 ਹਜ਼ਾਰ ਵੱਡੇ ਟੱਬਰ ਸਨ। ਇਸ ਦਾ ਹੱਕ ਜਾਂ ਤਾਂ ਜਨਮ ਸਿੱਧ ਹੁੰਦਾ ਸੀ ਜਾਂ ਮਿਲਟਰੀ ਸੇਵਾ ਕਰਨਾ ਹੁੰਦਾ ਸੀ। ਜਾਂ ਫਿਰ ਮੁਲ ਖਰੀਦੀ ਸਰਦਾਰੀ ਦੇ ਕਾਰਨ ਜਾਂ ਲੋਕ ਸੇਵਾ ਦੇ ਦਫ਼ਤਰਾਂ ਦੇ ਅਧਿਕਾਰੀ ਹੋਣ ਵਿੱਚ ਪ੍ਰਾਪਤ ਕੀਤੀ ਪਦਵੀ ਕਾਰਣ। ਇਸ ਵਿੱਚੋਂ ਅੱਗੋਂ ਦੋ ਸ਼੍ਰੇਣੀਆਂ ਸਨ। ਪਹਿਲੀ ਨੂੰ ਤਲਵਾਰ ਵਾਲੀ ਸ਼੍ਰੇਣੀ ਅਤੇ ਦੂਜੀ ਨੂੰ ਚੋਧਰ ਵਾਲੀ ਸ਼੍ਰੇਣੀ ਕਿਹਾ ਜਾਂਦਾ ਸੀ। ਪਹਿਲੀ ੇਦੇ ਮੱਧ-ਕਾਲ ਫੌਜ ਵਿੱਚ ਕੁੱਝ ਸਦਸ ਰਹਿ ਚੁੱਕੇ ਸਨ। ਜਦੋਂ ਕਿ ਦੂਜੀ ਵਿੱਚ 18ਵੀਂ ਸਦੀ ਵਪਾਰਕ ਕ੍ਰਾਂਤੀ ਵਿੱਚ ਪ੍ਰਮੁੱਖ ਰਹੀ ਸੀ। ਉਨ੍ਹਾਂ ਨੇ ਪਦਵੀ ਜਾਂ ਤਾਂ ਖਰੀਦੀ ਸੀ ਜਾਂ ਨਿਆਂਇਕ ਅਤੇ ਪ੍ਰਸ਼ਾਸਨੀ ਸੇਵਾ ਵਿੱਚੋਂ ਵਿਰਾਸਤ ਵਿੱਚ ਪ੍ਰਾਪਤ ਕੀਤੀ ਸੀ। ਨਵੀਂ ਅਮੀਰ ਮੱਧ ਸ਼੍ਰੇਣੀ ਨੇ ਵੱਡੀਆਂ ਜ਼ਮੀਨਾਂ ਮਿਲਖਾਂ ਖਰੀਦ ਲਈਆਂ ਸਨ। ਕੰਮ, ਰਿਹਾਇਸ਼ ਤੇ ਭੌਤਿਕ ਸਥਿਤੀ ਕਾਰਣ ਇਹ ਸ਼੍ਰੇਣੀ ਦੋ ਹੋਰ ਸ਼੍ਰੇਣੀਆਂ ਵਿੱਚ ਵੰਡੀ ਹੋਈ ਸੀ। ਅਦਾਲਤੀ ਸਰਦਾਰੀ ਭੌਤਿਕ ਪ੍ਰਾਪਤੀਆਂ ਅਤੇ ਅਸਰ ਰਸੂਖ ਸੀ, ਪ੍ਰਾਂਤਕ ਸਰਦਾਰੀ ਕੋਈ ਪ੍ਰਸ਼ਾਸਨੀ ਅਸਾਮੀਆਂ ਅਤੇ ਸੋਪੋਟ ਜਿਹੇ ਸਨ ਜਿਹੜੇ ਆਪਣੀ ਜਾਇਦਾਦ ਨੂੰ ਛੱਡ ਕੇ ਕੋਈ ਕਿੱਤਾ ਅਖਤਿਆਰ ਨਹੀਂ ਕਰ ਸਕਦੇ ਸਨ। ਇਹ ਸਰਦਾਰ ਕਾਮਰਸ ਵੱਲ ਝਾਕ ਰਹੇ ਸਨ, ਸਮਾਜਿਕ ਵੰਡ ਦੇ ਬਾਵਜੂਦ ਉਨ੍ਹਾਂ ਕੋਲੋਂ ਮਹੱਤਵਪੂਰਣ ਪ੍ਰਸ਼ਾਸਕੀ ਅਤੇ ਨਿਰਣਾਇਕ ਅਧਿਕਾਰ ਸਨ, ਅਦਾਲਤੀ, ਪ੍ਰਸ਼ਾਸਕੀ ਅਤੇ ਮਿਲਟਰੀ।ਅਦਾਲਤੀ ਸਰਦਾਰੀ ਐਸ਼ੋ ਇਸ਼ਰਤ ਦਾ ਜੀਵਨ ਬਿਤਾਉਂਦੇ ਸਨ।

ਵਿਸ਼ੇਸ਼ ਪੁਸ਼ਾਕ ਵਾਲੀ ਕੁਲੀਨ ਸ਼੍ਰੇਣੀ ਦਾ ਸੰਬੰਧ ਅਮੀਰ ਮੱਧ ਸ਼੍ਰੇਣੀ ਨਾਲ ਸੀ, ਜਿਸ ਨੇ ਵਪਾਰ ਅਤੇ ਕਾਮਰਸ ਦੁਆਰਾ ਚੋਖਾ ਧਨ ਕਮਾਇਆ ਸੀ। ਉਨ੍ਹਾਂ ਨੇ ਇਕ ਹੋਰ ਜੁਟ ਬਣਾਇਆ ਸੀ, ਆਪਣੇ ਰਾਜਨੀਤਿਕ ਰੋਲ ਕਾਰਣ ਉਹ ਬਾਦਸ਼ਾਹ ਦੀਆਂ ਦੈਵੀ ਸ਼ਕਤੀਆਂ ਦੇ ਵਿਰੁੱਧ ਸਨ। ਇਸ ਸੰਬੰਧੀ ਸਲੇਵੇਮਿਠੀ ਕਹਿੰਦਾ ਹੈ, ''ਅਜਿਹੇ ਲੋਕ ਉਹ ਸਨ ਜਿਹੜੇ ਆਪਣੇ ਲਈ ਹੀ ਸਾਰੀਆਂ ਸ਼ਕਤੀਆਂ ਦੀ ਮੰਗ ਕਰਦੇ ਸਨ।'' ਉਨ੍ਹਾਂ ਦੇ ਮੁਤਾਬਕ ਅਦਾਲਤ ਬੁਰਾਈਆਂ ਦਾ ਸੋਮਾ ਸੀ। ਲਾਫਾਇਤੇ (Lafayette) ਜੋ ਕਿ ਆਪ ਵੀ ਇਕ ਕੁਲੀਨ ਸੀ, ਹੇਠ ਲਿਖੇ ਸ਼ਬਦਾਂ ਵਿੱਚ ਉਸ ਵੇਲੇ ਦੇ ਕੁਲੀਨਾਂ ਦੀ ਹਾਲਤ ਬਿਆਨ ਕਰਦਾ ਹੈ, ''ਅਸੀਂ ਪੁਰਾਣੇ ਜ਼ਿੰਮੀਂਦਾਰੀ ਰਿਵਾਜ ਅਤੇ ਫੌਜੀ ਸ਼ਾਨ ਦੇ ਵਿਰੁੱਧ ਹਾਂ ਜਿਹੜੀ ਪਿਉ ਦਾਦਿਆਂ ਦੀ ਆਲੋਚਨਾ ਕਰਨ ਵਾਲਾ ਕੰਮ ਜਾਪਦਾ ਹੈ। ਵਾਲਟੇਅਰ ਸਾਡੇ ਦਿਮਾਗ ਨੂੰ ਚੰਗਾ ਲਗਦਾ ਹੈ ਅਤੇ ਰੂਸ ਸਾਡੇ

ਦਿਲਾਂ ਨੂੰ ਟੁੰਬਦਾ ਹੈ। ਅਸੀਂ ਪੁਰਾਣੇ ਢਾਂਚੇ ਤੇ ਵਾਰ ਹੁੰਦਾ ਵੇਖ ਕੇ ਖੁਸ਼ ਹੁੰਦੇ ਹਾਂ।'' ਇਸ ਕੁਲੀਨ ਸ਼੍ਰੇਣੀ ਨੂੰ ਦਾਰਸ਼ਨਿਕਾਂ ਨੇ ਵੀ ਭੰਡਿਆ। ਇਹ ਸ਼੍ਰੇਣੀ ਮੱਧ ਸ਼੍ਰੇਣੀ ਦੇ ਉਭਾਰ ਕਾਰਨ ਨਿਘਾਰ ਵੱਲ ਗਈ। ਉਨ੍ਹਾਂ ਦੀ ਅੰਦਰਲੀ ਲੜਾਈ ਨੇ ਉਨ੍ਹਾਂ ਨੂੰ ਦੋਹਾਂ ਹਿੱਸਿਆਂ ਵਿੱਚ ਵੰਡ ਦਿੱਤਾ। 290 ਵਿੱਚੋਂ ਲਗਭਗ ਬਿਲਕੁਲ ਕੁਲੀਨ ਸਨ ਜਿਨ੍ਹਾਂ ਨੇ ਤੀਜੀ ਸ਼੍ਰੇਣੀ ਦਾ ਸਾਥ ਦਿੱਤਾ।

## ਤੀਜੀ ਸ਼੍ਰੇਣੀ

ਇਸ ਸ਼੍ਰੇਣੀ ਵਿੱਚ ਸਾਰੀ ਕੌਮ, ਅਮੀਰ ਵਪਾਰੀ ਤੋਂ ਮੰਗਤੇ ਤੱਕ ਇਕੱਠੀ ਬੰਨੀ ਹੋਈ ਸੀ। ਉਸ ਦੀ ਸਮਾਜਿਕ ਬਣਤਰ ਦੋ ਵੱਡੇ ਹਿੱਸਿਆਂ ਵਿੱਚ ਵੰਡੀ ਹੋਈ ਸੀ – ਸ਼੍ਰੇਣੀ ਤੇ ਸ਼ਹਿਰੀ, ਕਿਰਤੀ ਅਤੇ ਗਰੀਬ ਕਿਸਾਨ ਪੇਂਡੂ ਵਰਗ। ਪਹਿਲੀ ਸ਼੍ਰੇਣੀ ਫ੍ਰਾਂਸੀਸੀ ਵਸੋਂ ਦਾ 20ਵਾਂ ਹਿੱਸਾ ਸੀ ਜਿਹੜੀ ਇਸ ਸ਼੍ਰੇਣੀ ਤੇ ਪੂਰੀ ਤਰ੍ਹਾਂ ਛਾਈ ਹੋਈ ਸੀ। ਉਦਯੋਗ ਵਪਾਰ ਵਿੱਚ ਅਤੇ ਹੋਰ ਕਿੱਤਿਆਂ ਤੋਂ ਇਲਾਵਾ ਉਹ ਉੱਤਰ ਵਿੱਚ 17% ਜ਼ਮੀਨ ਤੇ ਵੀ ਕਾਬਜ਼ ਸਨ। ਸੇਲਵਮੀਨੀ (Salvmini) ਦੇ ਕਥਨ ਅਨੁਸਾਰ: 18ਵੀਂ ਸਦੀ ਦੇ ਦੌਰਾਨ ਜਦੋਂ ਫ੍ਰਾਂਸ ਵਿੱਚ ਜਾਗੀਰਦਾਰੀ ਟੁੱਟ ਰਹੀ ਸੀ। ''ਪ੍ਰਾਚੀਨਤਾਈ ਰਾਖ ਵਿੱਚੋਂ ਨਵੀਂ ਮੱਧ ਸ਼੍ਰੇਣੀ ਜਨਮ ਲੈ ਰਹੀ ਸੀ''। ਆਵਾਜਾਈ ਦੇ ਵਸੀਲਿਆਂ ਵਿੱਚ ਵਿਕਾਸ ਅਤੇ ਇਸ ਦੇ ਨਾਲ ਅੰਦਰੂਨੀ ਅਤੇ ਬਾਹਰੂਨੀ ਵਪਾਰ, ਉਦਯੋਗਿਕ ਵਿਕਾਸ ਕਾਰਣ ਅਤੇ ਵਿਸ਼ੇਸ਼ਗੱਤਾ ਪ੍ਰਾਪਤ ਕਿੱਤਿਆਂ। ਸ਼ਹਿਰੀ ਸ਼੍ਰੇਣੀ ਅੱਗੋਂ ਮੱਧ ਸ਼੍ਰੇਣੀ ਅਤੇ ਕਿਰਤੀਆਂ ਵਿੱਚ ਵੰਡੀ ਹੋਈ ਸੀ।

ਬੇਸ਼ਕ ਅਮੀਰ ਮੱਧ ਸ਼੍ਰੇਣੀ ਵੀ ਅਮੀਰੀ ਵਿੱਚ ਸ਼ਾਮਿਲ ਹੋ ਗਈ ਸੀ ਫਿਰ ਵੀ ਸਾਰੀ ਮੱਧ ਸ਼੍ਰੇਣੀ ਆਪਣੀ ਕਾਨੂੰਨੀ ਸਥਿਤੀ ਅਤੇ ਝੁਕਾਓ ਕਾਰਨ ਵੱਖਰੀ ਹੀ ਰਹੀ। ਵਪਾਰ ਏਕਾਧਿਕਾਰ (Monopoly) ਅਤੇ ਸੁਰੱਖਿਅਤ ਵਪਾਰ ਦਾ ਅੰਗ ਚਾਹੁੰਦੇ ਸਨ। ਵਕੀਲ, ਜੱਜ, ਡਾਕਟਰ ਅਤੇ ਅਧਿਆਪਕ ਚਾਹੁੰਦੇ ਸਨ ਕਿ ਪਦਵੀਆਂ, ਯੋਗਤਾ ਅਨੁਸਾਰ ਮਿਲਣੀਆਂ ਚਾਹੀਦੀਆਂ ਹਨ, ਜਨਮ ਕਾਰਣ ਨਹੀਂ। ਉਹ ਰਈਸੀ ਤੋਂ ਔਖੇ ਸਨ। ਸਿੱਖਿਆ ਪ੍ਰਸਾਰ ਨੇ ਮਨੁੱਖ ਦੇ ਸਤਿਕਾਰ ਦੀ ਭਾਵਨਾ ਜਾਗ੍ਰਿਤ ਕੀਤੀ। ਸ਼ਹਿਰਾਂ ਵਿੱਚ ਵਸਦੀ ਇਸ ਜਮਾਤ ਨੇ ਪੁਰਾਣੇ ਸ਼ਾਸਨ ਦੀ ਢਹਿ-ਢੇਰੀ ਤੋਂ ਬਹੁਤ ਕੁੱਝ ਗ੍ਰਹਿਣ ਕਰਨਾ ਸੀ। ਉਨ੍ਹਾਂ ਕੋਲ ਕਾਫੀ ਧਨ ਸੀ, ਭੌਤਿਕ ਸੁੱਖ ਸਨ ਅਤੇ ਦਿਮਾਗੀ ਯੋਗਤਾ ਵੀ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਸੰਗਠਿਤ ਕੀਤਾ, ਸਭਾਵਾਂ ਬਣਾਈਆਂ, ਕਲੱਬਾਂ ਵਿੱਚ ਸ਼ਾਮਿਲ ਹੋਏ ਅਤੇ ਅਜਿਹੀਆਂ ਥਾਵਾਂ ਕਾਇਮ ਕੀਤੀਆਂ ਜਿੱਥੇ ਬੈਠ ਕੇ ਉਹ ਨਰਮ ਖਿਆਲਾਂ ਦੀ ਗੱਲ ਕਰ ਸਕਦੇ ਸਨ, ਫਾਲਤੂ ਗਲਤ ਖਿਆਲਾਂ ਦੀ ਆਲੋਚਨਾ ਕਰ ਸਕਦੇ ਅਤੇ ਕ੍ਰਾਂਤੀ ਲਈ ਪ੍ਰੋਗਰਾਮ ਬਣਾ ਸਕਦੇ ਸਨ। ਜਦੋਂ ਸਟੇਟ ਜਨਰਲ ਦੀ ਮੀਟਿੰਗ ਬੁਲਾਈ ਗਈ ਤਾਂ ਉਨ੍ਹਾਂ ਨੇ ਦੋਹਰੀ ਪ੍ਰਤੀਨਿਧਤਾ ਦੀ ਮੰਗ ਕੀਤੀ। ਇਨ੍ਹਾਂ ਵਿੱਚ 600 ਪੁਰਾਣੇ ਡਿਪਟੀ ਸਨ, 400 ਵਕੀਲ ਸੀ, 80 ਵਿਤੀ ਸਹਾਇਕ ਅਤੇ 50 ਡਾਕਟਰ ਅਤੇ ਅਧਿਆਪਕ ਸਨ। ਸਾਰੀਆਂ ਸ਼੍ਰੇਣੀਆਂ ਵਧੇਰੇ ਮਿਲਵਰਤਣ ਵਾਲੀਆਂ ਸਨ।

## ਕਿਸਾਨ ਸ਼੍ਰੇਣੀ

ਕ੍ਰਾਂਤੀ ਸਮੇਂ ਫ੍ਰਾਂਸ ਮੁੱਖ ਤੌਰ ਤੇ ਖੇਤੀਬਾੜੀ ਦੇਸ਼ ਸੀ। ਫ੍ਰਾਂਸ ਦੇ 20 ਲੱਖ ਕਿਸਾਨਾਂ ਦੀ ਹਾਲਤ ਯੂਰਪ ਦੇ ਹੋਰ ਦੇਸ਼ਾਂ ਦੇ ਕਿਸਾਨਾਂ ਨਾਲੋਂ ਵੱਖਰੀ ਸੀ। ਉਹ ਕਰਾਂ

ਦੇ ਭਾਰ ਹੇਠਾਂ ਦੱਬੇ ਹੋਏ ਸਨ ਅਤੇ ਪਛੜੇ ਹੋਏ ਸਨ। ਫ੍ਰਾਂਸ ਵਿੱਚ ਕਿਸਾਨ ਅਤੇ ਵਾਹੀਕਾਰ ਜ਼ਮੀਨ ਦੇ ਛੋਟੇ ਟੋਟਿਆਂ ਦੀ ਵਾਹੀ ਕਰਦੇ ਸਨ। ਉਨ੍ਹਾਂ ਵਿੱਚੋਂ ਬਹੁਤੇ ਤਕਨੀਕੀ ਤੌਰ ਤੇ ਅਸਲੀ ਮਾਲਕ ਨਹੀਂ ਸਨ, ਸਗੋਂ ਪੱਟੇਦਾਰ ਸਨ ਅਤੇ ਜ਼ਮੀਨ ਦੇ ਬਦਲੇ ਪੈਸੇ ਦਿੰਦੇ ਸਨ। ਉਹ ਮੁਸ਼ਕਲ ਨਾਲ ਹੀ ਆਪਣੇ ਟੱਬਰਾਂ ਦਾ ਗੁਜ਼ ਾਰਾ ਕਰਦੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅਮੀਰ ਜ਼ਿੰਮੀਂਦਾਰਾਂ ਅਤੇ ਮੱਧ ਸ਼੍ਰੇਣੀ ਦੇ ਮਾਲਕਾਂ ਦੇ ਵਾਹੀਕਾਰ ਸਨ। 5 ਲੱਖ ਕਿਸਾਨਾਂ ਕੋਲ ਆਪਣੀ ਜ਼ਮੀਨ ਨਹੀਂ ਸੀ, ਉਹ ਮਜ਼ਦੂਰ ਸਨ, ਇਹ ਹਾਲਤ 1750 ਤੋਂ ਮਗਰੋਂ ਹੋਰ ਵੀ ਮੰਦੀ ਹੋ ਗਈ।

ਬੇਸ਼ਕ 1722 ਵਿੱਚ ਕਿਸਾਨੀ ਦਾਸ ਪ੍ਰਥਾ ਖਤਮ ਹੋ ਗਈ ਸੀ ਪਰ ਇਹ ਕਿਸਾਨ ਸਿੱਧੇ ਜਾਂ ਅਸਿੱਧੇ ਤਰੀਕਿਆਂ ਨਾਲ ਜਾਗੀਰ ਸੰਬੰਧੀ ਰਕਮ ਅਤੇ ਪਰੰਪਰਾਗਤ ਕਿਰਾਇਆ ਅਤੇ ਹੋਰ ਰਕਮ ਦਿੰਦੇ ਰਹੇ ਅਤੇ ਲੂਈ ਸੋਲ੍ਹਵੇਂ ਦੇ ਰਾਜ ਵਿੱਚ ਇਹ ਕਰ ਭਾਰ 28% ਤੱਕ ਵੱਧ ਗਿਆ ਸੀ। ਗਰਸਾਏ ਅਨੁਸਾਰ, ''ਇਸ ਸਦੀ ਦੇ ਦੂਸਰੇ ਅੱਧ ਨੇ ਮਾਲੀਏ ਦੀ ਹਾਲਤ ਵਿੱਚ ਵਰਨਣ ਯੋਗ ਵਾਧਾ ਵੇਖਿਆ ਜਿਹੜਾ ਵਿਸ਼ੇਸ਼ ਅਧਿਕਾਰ ਪ੍ਰਾਪਤ ਸ਼੍ਰੇਣੀ ਜ਼ਿੰਮੀਂਦਾਰਾਂ ਕੋਲੋਂ ਉਗਰਾਹੁੰਦਾ ਸੀ। ਜਿਹੜਾ ਕਿ ਕਾਨੂੰਨੀ ਤੌਰ ਤੇ ਗਰੀਬ ਕਿਸਾਨਾਂ ਕੋਲੋਂ ਉਗਰਾਹਿਆ ਜਾਂਦਾ ਸੀ ਜਿਹੜੀ ਕਿ ਆਰਥਿਕ ਤੌਰ ਤੇ ਦਿਨ ਪ੍ਰਤੀਦਿਨ ਨਿਘਰਦੀ ਜਾ ਰਹੀ ਸੀ।'' ਸਾਲਵੇਮਿਨੀ ਅਨੁਸਾਰ, ''ਫਸਲ ਕਟਾਈ ਸਮੇਂ ਜਾਂ ਅੰਗੂਰਾਂ ਦੇ ਝਾੜ ਸਮੇਂ, ਕਟਾਈ ਸਮੇਂ, ਮਿਲ ਵਿੱਚ ਜਾਂ ਫਸਲ ਨੂੰ ਵੇਚਣ ਸਮੇਂ ਕਿਸਾਨ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾਂਦਾ ਸੀ। ਉਹ ਜੁਰਮਾਨੇ, ਗ੍ਰਿਫਤਾਰੀ ਅਤੇ ਨਿਆਇ ਮੁਸ਼ਕਲਾਂ ਦੇ ਭਾਰ ਹੇਠਾਂ ਦਬਿਆ ਰਹਿੰਦਾ ਸੀ।'' ਕ੍ਰਾਂਤੀ ਦੇ ਸਮੇਂ ਜਦੋਂ ਕਾਲ ਪੈ ਗਿਆ ਸੀ, ਖੁਰਾਕ ਦੀ ਘਾਟ ਕਰਕੇ ਗਰੀਬ ਕਿਸਾਨਾਂ ਨੇ ਟੋਲੀਆਂ ਬਣਾ ਕੇ ਪੇਂਡੂ ਇਲਾਕਿਆਂ ਵਿੱਚ ਲੁੱਟ ਮਚਾਈ ਜਾਂ ਉਹਨਾਂ ਵਿੱਚੋਂ ਬਹੁਤ ਸਾਰੇ ਪੈਰਿਸ ਵਿੱਚ ਮੰਗਤੇ ਬਣ ਗਏ ਜਿਨ੍ਹਾਂ ਨੇ ਕ੍ਰਾਂਤੀ ਨੂੰ ਸ਼ਕਤੀ ਦਿੱਤੀ। ਉਨ੍ਹਾਂ ਨੇ ਇਹੋ ਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਪੁਰਾਣੀ ਕਿਸਮ ਦੇ ਸ਼ਾਸਨ ਪ੍ਰਬੰਧ ਨੂੰ ਢਹਿਣ ਵਾਸਤੇ ਬਹਾਨਾ ਮਿਲਿਆ। ਲੈਵੇਬਵਰੇ ਨੇ ਕਿਹਾ ਹੈ ''ਇਸ ਸਥਿਤੀ ਵਿੱਚੋਂ ਪਤਾ ਲਗਦਾ ਹੈ ਕਿ ਉਪਰਲੀ ਸ਼੍ਰੇਣੀ ਨੂੰ ਕਿਸ ਤਰ੍ਹਾਂ ਧੱਕਾ ਲੱਗਾ।''

ਲੂਈ ਸੋਲ੍ਹਵੇਂ ਦੇ ਰਾਜ ਸਮੇਂ ਫਰਾਂਸ ਵਿੱਤੀ ਸਮੱਸਿਆਵਾਂ ਨਾਲ ਭਰਿਆ ਪਿਆ ਸੀ ਵਿਸ਼ੇਸ਼ ਕਰਕੇ ਜਿਹਨਾਂ ਦਾ ਸੰਬੰਧ ਆਮਦਨ ਅਤੇ ਖਰਚ ਦਾ ਜੋੜ ਬਣਾਈ ਰੱਖਣਾ ਸੀ। ਇਨ੍ਹਾਂ ਵਿੱਚ ਲਗਾਤਾਰ ਕੀਤੇ ਗਏ ਜਤਨ ਸਨ ਜਿਨ੍ਹਾਂ ਦਾ ਮਨੋਰਥ ਖਜ਼ਾਨੇ ਦੇ ਸੰਕਟ ਨੂੰ ਦੂਰ ਕਰਨਾ ਸੀ। ਲੂਈ ਸੋਲ੍ਹਵੇਂ ਨੇ ਪਹਿਲਾਂ ਤੁਰਗੋ ਨੂੰ ਕਾਰਜੀ ਪ੍ਰਸ਼ਾਸਕ ਨਿਯੁਕਤ ਕੀਤਾ। ਪ੍ਰਬੰਧਕ ਹੋਣ ਦੇ ਨਾਤੇ ਉਸ ਦਾ ਆਪਣਾ ਮਨੋਰਥ ਵੀ ਸੀ ''ਕੋਈ ਦੀਵਾਲਾ ਨਹੀਂ, ਕੋਈ ਵਾਧਾ ਨਹੀਂ, ਕੋਈ ਉਧਾਰ ਨਹੀਂ, ਸਗੋਂ ਪੁਰਾਣੇ ਖਲੋਤੇ ਕਰਜ਼ੇ ਨੂੰ ਦੂਰ ਕਰਨ ਵਾਸਤੇ ਖਰਚ ਵਪਾਰ ਆਰੰਭ ਕੀਤਾ। ਉਸ ਵਿੱਚ ਕਮੀ ਕਰਨੀ ਹੀ ਕਾਫੀ ਹੈ।'' ਜਦੋਂ ਉਸ ਨੇ ਸਾਰੀ ਆਮਦਨ ਤੇ ਟੈਕਸ ਲਗਾਉਣਾ ਪ੍ਰਵਾਨ ਕੀਤਾ ਅਤੇ ਸੁਤੰਤਰ ਨਿਯੁਕਤੀ ਨੂੰ ਫਿਲਾਸਫਰਾਂ ਬੁੱਧੀਜੀਵੀਆਂ ਸਮੇਤ ਵਾਲਟੇਅਰ ਨੇ ਵੀ ਪਸੰਦ ਕੀਤਾ। 18 ਮਹੀਨਿਆਂ ਦੇ ਉਸ ਦੇ ਇਸ ਦਫਤਰ ਵਿੱਚ ਰਹਿਣ ਤੇ ਉਸ ਦੀਆਂ ਨੀਤੀਆਂ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ। ਇਹ ਵਿਰੋਧ ਉਸ ਸ਼੍ਰੇਣੀ ਵੱਲੋਂ ਹੋਇਆ ਜਿਸ ਦੇ ਹੱਕਾਂ ਨੂੰ ਨੁਕਸਾਨ ਪੁੱਜਿਆ। ਬੇਸ਼ਕ ਉਹ ਕੌਮੀ ਕਰਜ਼ੇ ਨੂੰ ਅਤੇ ਉਸ ਦੇ ਵਿਆਜ ਨੂੰ ਘਟਾਉਣ ਵਿੱਚ ਕਾਮਯਾਬ ਹੋਇਆ। ਫਿਰ ਵੀ ਉਸ ਨੂੰ ਅਹੁਦੇ ਤੋਂ

ਹਟਾ ਦਿੱਤਾ ਗਿਆ। ਆਪਣੇ ਹਟਾਏ ਜਾਣ ਤੇ ਉਸ ਨੇ ਆਖਿਆ, ''ਸ੍ਰੀ ਮਾਨ ਜੀ, ਕਦੀ ਨਾ ਭੁਲੋ ਇਹ ਤਾਂ ਕਮਜ਼ੋਰੀ ਸੀ ਜਿਸ ਨੇ ਚਾਰਲਸ ਪਹਿਲੇ ਦਾ ਸਿਰ ਲਹਾਇਆ ਸੀ।''

ਕੁੱਝ ਮਹੀਨਿਆਂ ਮਗਰੋਂ ਲੂਈ ਸੋਲ੍ਹਵੇਂ ਨੇ ਨੈਕਰ (Necker) ਨੂੰ ਬੁਲਾਇਆ ਜੋ ਜੇਨੀਵਾ (Geniva) ਵਾਸੀ ਅਤੇ ਆਰਥਿਕ ਵਿਵਸਥਾ ਦਾ ਮਾਹਿਰ ਸੀ। ਵਿਦੇਸ਼ੀ ਹੋਣ ਕਾਰਨ ਉਸ ਨੂੰ ਮੰਤਰੀ ਵੱਜੋਂ ਨਿਯੁਕਤ ਕੀਤਾ ਜਾ ਸਕਦਾ ਸੀ। ਇਸ ਲਈ ਉਸ ਨੂੰ ਕੰਟਰੋਲਰ ਜਨਰਲ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ। ਉਹ ਇਮਾਨਦਾਰ ਅਤੇ ਸਿਆਣਾ ਵਿੱਤੀ ਸਲਾਹਕਾਰ ਸੀ ਪਰ ਵੱਡਾ ਨੀਤੀਵਾਨ ਨਹੀਂ ਸੀ। ਉਸ ਨੇ ਫ੍ਰਾਂਸ ਦੇ ਪ੍ਰਸ਼ਾਸਕੀ ਸਿਸਟਮ ਨੂੰ ਉਸ ਤਰ੍ਹਾਂ ਪ੍ਰਵਾਨ ਕਰ ਲਿਆ ਜਿਸ ਤਰ੍ਹਾਂ ਉਹ ਸੀ ਅਤੇ ਉਮੀਦ ਕੀਤੀ ਕਿ ਬੁਨਿਆਦੀ ਤਬਦੀਲੀ ਨਾ ਕਰਨ ਤੇ ਵੀ ਉਹ ਬੱਚਤ ਕਰਕੇ ਅਤੇ ਸਿੱਧੇ ਕਰ ਲੈਣ ਦੀ ਪ੍ਰਣਾਲੀ ਵਿੱਚ ਸੋਧ ਕੀਤੀ। ਪਰ ਬਦਕਿਸਮਤੀ ਨਾਲ ਫ੍ਰਾਂਸ ਅਮਰੀਕਾ ਦੀ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋ ਗਿਆ ਅਤੇ ਨੈਕਰ ਦੇ ਸਾਰੇ ਕੀਤੇ ਕਰਾਏ ਤੇ ਪਾਣੀ ਫਿਰ ਗਿਆ। ਕਿਉਂਕਿ ਉਹ ਜੰਗ ਦੇ ਖਰਚ ਬਰਦਾਸ਼ਤ ਨਹੀਂ ਸੀ ਕਰ ਸਕਦਾ। ਪਰ ਉਸ ਨੇ 46 ਕਰੋੜ ਦੇ ਘਾਟੇ ਦੀ ਥਾਂ ਦਸ ਕਰੋੜ ਵਾਧਾ ਵਿਖਾ ਦਿੱਤਾ। ਉਸ ਦਾ ਅਜਿਹਾ ਹਿਸਾਬ ਪ੍ਰਕਾਸ਼ਿਤ ਕਰਨਾ ਸ਼ਾਹੀ ਘਰਾਣਿਆਂ ਵਿੱਚ ਮਾੜਾ ਸਮਝਿਆ ਗਿਆ। ਨੈਕਰ ਨੂੰ ਮੰਤਰੀ ਦਾ ਅਹੁਦਾ ਸੰਭਾਲਣ ਲਈ ਕਿਹਾ ਗਿਆ ਪਰ ਉਸ ਨੇ ਜਵਾਬ ਦੇ ਦਿੱਤਾ, ਜਿਸ ਦੇ ਨਤੀਜੇ ਵੱਜੋਂ ਉਸ ਨੇ 19 ਮਈ, 1781 ਨੂੰ ਤਿਆਗ ਪੱਤਰ ਦੇ ਦਿੱਤਾ।

ਦੋ ਸਾਲਾਂ ਮਗਰੋਂ ਕੈਲੋਨ (Calonne) ਨਿਯੁਕਤ ਕੀਤਾ ਗਿਆ। ਉਹ ਇਕ ਤਜਰਬੇਕਾਰ ਪ੍ਰਬੰਧਕ ਅਤੇ ਸਿਆਣਾ ਜੁਗਾੜੀ ਵਿਅਕਤੀ ਸੀ, ਪਰ ਉਸ ਲਈ ਇਹ ਬੜਾ ਔਖਾ ਕੰਮ ਸੀ। ਬਜਟ ਘਾਟੇ ਵਿੱਚ ਸੀ। ਭਵਿੱਖ ਵਿੱਚ ਆਉਣ ਵਾਲਾ ਮਾਲੀਆ ਖਤਮ ਕਰ ਦਿੱਤਾ ਗਿਆ ਸੀ ਅਤੇ ਪੈਸੇ ਵਾਲੀ ਸ਼੍ਰੇਣੀ ਦਾ ਵਿਸ਼ਵਾਸ ਉਠ ਚੁੱਕਿਆ ਸੀ। ਉਸ ਨੂੰ ਮਜ਼ਬੂਰ ਹੋ ਕੇ ਸਰਮਾਏਦਾਰੀ ਕੋਲੋਂ ਧਨ ਲੈਣਾ ਪਿਆ। ਉਸ ਨੇ ਆਮ ਖਰੀਦ ਸਮਰੱਥਾ ਨੂੰ ਆਰਜ਼ੀ ਤੌਰ ਤੇ ਵਧਾ ਲਿਆ ਅਤੇ ਆਪਣੇ ਆਲੋਚਕਾਂ ਦੇ ਮੂੰਹ ਬੰਦ ਕਰ ਦਿੱਤੇ। ਪਰ 1782 ਤੋਂ 1786 ਤੱਕ ਕਰਜ਼ੇ ਨੇ 653 ਲੱਖ ਲੀਵਰਜ਼ ਛੋਹ ਲਿਆ। ਇਸ ਦਾ ਇਕ ਭਾਗ ਲੋਕਾਂ ਕੋਲ ਸੀ। ਉਸ ਨੇ ਵਿਸਤ੍ਰਿਤ ਸੁਧਾਰ ਯੋਜਨਾ ਬਣਾਈ ਜਿਸ ਦਾ ਮਤਲਬ ਵਿਸ਼ੇਸ਼ ਅਧਿਕਾਰ ਪ੍ਰਾਪਤ ਸ਼੍ਰੇਣੀ ਦਾ ਖ਼ਾਤਮਾ ਕਰਨਾ ਸੀ। ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਦੀ ਅਸੈਂਬਲੀ ਨੇ ਬਾਦਸ਼ਾਹ ਨੂੰ ਸਲਾਹ ਦੇਣ ਵਾਸਤੇ ਕੈਲੋਨ ਨੂੰ ਇਸ ਦੀ ਸਲਾਹ ਮੰਨਣ ਸੰਬੰਧੀ ਬੁਲਾਇਆ ਗਿਆ। ਸਲਾਹਕਾਰਾਂ ਨੇ ਇਹ ਤਜਵੀਜ਼ ਤਾਂ ਮੰਨੀ। ਕੈਲੋਨ ਨੂੰ 8 ਅਪ੍ਰੈਲ, 1787 ਨੂੰ ਬਰਖਾਸਤ ਕਰ ਦਿੱਤਾ ਗਿਆ। ਇਹਨਾਂ ਲੋਕਾਂ ਦੇ ਕਾਰਜ ਸੰਬੰਧੀ ਨਿਊ ਕੈਂਬਰਿਜ ਹਿਸਟਰੀ (Vol. IX) ਵਿੱਚ ਲਿਖਿਆ ਹੈ : ''ਇਹਨਾਂ ਸਾਰੇ ਲੋਕਾਂ ਦੇ ਕਾਰਜ ਕੁਸ਼ਲਤਾ ਬਾਰੇ ਖੁਦਮੁਖਤਿਆਰ, ਕੈਲੋਨ, ਤੁਰਗੋ ਅਤੇ ਨੈਕਰ ਸਿਰਫ ਇਸ ਲਈ ਕ੍ਰਾਂਤੀਕਾਰੀ ਸੁਧਾਰਕ ਸਨ ਕਿ ਉਹਨਾਂ ਨੇ ਪੁਰਾਣੇ ਰਾਜ ਦੀਆਂ ਕਈ ਮਾਨਤਾਵਾਂ ਨੂੰ ਅਪ੍ਰਵਾਨ ਕਰ ਦਿੱਤਾ।''

ਰਾਣੀ ਦੇ ਜ਼ੋਰ ਦੇਣ ਤੇ ਲੂਈ ਸੋਲ੍ਹਵੇਂ ਨੇ ਹੁਣ ਕਾਰਡੀਨਲ ਡੀ ਬ੍ਰਾਈਨ (Cardinal de Brienne) ਨੂੰ ਨਿਯੁਕਤ ਕੀਤਾ। ਬੇਸ਼ੱਕ ਉਹ ਕੈਲੋਨ ਦੀਆਂ ਨੀਤੀਆਂ ਦਾ ਵਿਰੋਧੀ ਸੀ ਉਸ ਨੇ ਨਿਯੁਕਤ ਹੁੰਦਿਆਂ ਹੀ ਕੈਲੋਨ ਦੀਆਂ ਨੀਤੀਆਂ ਵਿੱਚੋਂ ਉਸ ਦੀ ਲਿਆਕਤ

ਦਾ ਅਨੁਮਾਨ ਲਗਾ ਲਿਆ। ਉਸ ਨੇ ਤੁਰੰਤ ਵਿਸ਼ੇਸ਼ ਅਧਿਕਾਰ ਪ੍ਰਾਪਤ ਸ੍ਰੇਣੀ ਤੇ ਕਰ ਲਗਾ ਦਿੱਤੇ। ਬੇਸ਼ੱਕ ਬਾਦਸ਼ਾਹ ਲਈ ਆਪਣੀ ਤਾਕਤ ਦਾ ਪ੍ਰਯੋਗ ਕਰਨਾ ਸੰਵਿਧਾਨਕ ਸੀ ਫਿਰ ਵੀ ਪੈਰਿਸ ਦੀ ਸੰਸਦ ਨੇ ਸੁਝਾਅ, ਕਰਾਂ ਦੀ ਪ੍ਰਵਾਨਗੀ ਤੋਂ ਨਾਂਹ ਕਰ ਦਿੱਤੀ। ਕੁਲੀਨਾਂ ਦੀਆਂ ਪੈਨਸ਼ਨਾਂ ਘਟਾਏ ਜਾਣ ਤੇ ਉਹਨਾਂ ਦੁਆਰਾ ਵਿਰੋਧ ਹੋਇਆ। ਦੇਸ਼ ਭਗਤਾਂ ਨੇ ਕੇਂਦਰੀ ਸਰਕਾਰ ਨੂੰ ਕਮਜ਼ੋਰ ਸਮਝਿਆ। ਕੌਬਨ (Cobben) ਦੇ ਸ਼ਬਦਾਂ ਵਿੱਚ, ''ਇਸ਼ਤਿਹਾਰ ਕਿਤੇ ਬਚੇ ਜਿਹਨਾਂ ਵਿੱਚ ਅਜਿਹੇ ਵਿਚਾਰ ਪੇਸ਼ ਕੀਤੇ ਜਾਂਦੇ ਸਨ ਅਤੇ ਪ੍ਰਚਾਰ, ਆਮ ਤੌਰ ਤੇ ਹਿੰਸਕ ਅਤੇ ਭਾਵੁਕ ਭਾਸ਼ਾ ਵਿੱਚ ਹੁੰਦੇ ਸਨ। ਇਹਨਾਂ ਦਾ ਪ੍ਰਚਾਰ-ਪ੍ਰਸਾਰ ਬਾਦਸ਼ਾਹ ਅਤੇ ਵਜ਼ੀਰ ਤੱਕ ਸੀ। ਲੰਬੇ ਚੌੜੇ ਵਿਰੋਧ ਦੇ ਕਾਰਣ ਬਾਦਸ਼ਾਹ ਨੇ ਬ੍ਰਾਇਨ ਨੂੰ ਸੇਵਾ ਤੋਂ ਕੱਢ ਦਿੱਤਾ ਅਤੇ ਨੈਕਰ ਨੂੰ ਦੁਬਾਰਾ ਬੁਲਾ ਲਿਆ। ਉਸ ਨੇ ਸਟੇਟ ਜਨਰਲ ਨੂੰ ਬਣਾਉਣ ਦੀ ਆਪਣੀ ਮਨਸ਼ਾ ਪ੍ਰਗਟ ਕਰ ਦਿੱਤੀ।

ਇਹ ਬੜਾ ਨਾਜ਼ੁਕ ਸਮਾਂ ਸੀ। ਕੇਂਦਰੀ ਸਰਕਾਰ ਕਮਜ਼ੋਰ ਸੀ, ਕੁਲੀਨ ਵੰਡੇ ਹੋਏ ਸਨ ਅਤੇ ਕੁੱਝ ਵਿਰੋਧੀ ਬਣ ਗਏ ਸਨ, ਕੀਮਤਾਂ ਅਸਮਾਨ ਨੂੰ ਛੋਹ ਰਹੀਆਂ ਸਨ, ਮਜ਼ਦੂਰੀ ਘੱਟ ਸੀ ਅਤੇ ਖਜ਼ਾਨਾ ਖਾਲੀ ਸੀ। ਮਾਲੀਆ ਇਕੱਠਾ ਹੋਣਾ ਲਗਾਤਾਰ ਘੱਟ ਰਿਹਾ ਸੀ। ਅਦਾਇਗੀਆਂ ਰੁਕ ਗਈਆਂ ਸਨ। ਬਜਟ ਬਹੁਤ ਜ਼ਿਆਦਾ ਘਟਾ ਦਿੱਤਾ ਗਿਆ ਸੀ। ਮਿਰਾਬੂ (Mirabeau) ਨੇ ਮਗਰੋਂ ਰਾਇ ਪ੍ਰਗਟ ਕਰਦਿਆਂ ਕਿਹਾ ਸੀ, ''ਘਾਟਾ ਕੰਮ ਦੀ ਵੱਡੀ ਦੌਲਤ ਹੈ।'' ਉਹ ਕਿਸੇ ਅਜਿਹੀ ਕਰਾਮਾਤ ਵੱਲ ਵੇਖ ਰਿਹਾ ਸੀ ਜਿਹੜੀ ਕੌਮ ਲਈ ਆਸ਼ਾਜਨਕ ਸੁਨੇਹਾ ਲੈ ਆਵੇ।

ਇਸ ਤੋਂ ਪਹਿਲਾਂ ਕਿ ਸਟੇਟ ਜਨਰਲ ਮਈ, 1789 ਨੂੰ ਅਸਲ ਰੂਪ ਵਿੱਚ ਮਿਲਣੀ ਤੀਹਰੀ ਸ਼੍ਰੇਣੀ (Estate) ਦੂਹਰੀ ਨੁਮਾਇੰਦਗੀ ਪ੍ਰਾਪਤ ਕਰਨ ਵਿੱਚ ਸਫਲ ਹੋ ਗਈ। ਉਸ ਦੀ ਇਸ ਸੰਬੰਧੀ ਕਿ ਵੋਟ ਗਿਣਤੀ ਨਾਲ ਹੋਵੇ ਨਾ ਕਿ ਚੈਂਬਰ ਰਾਹੀਂ, ਬਾਦਸ਼ਾਹ ਕੋਈ ਫਾਈਨਲ ਫੈਸਲਾ ਨਾ ਦੇ ਸਕਿਆ। ਸਰਕਾਰ ਦੀ ਨਕਾਰਾਪਣ ਦੀ ਨੀਤੀ ਤੋਂ ਉਤਸ਼ਾਹਿਤ ਹੋ ਕੇ ਲੋਕ ਸੰਸਦ ਦੇ ਮੈਂਬਰ ਦਾ ਉਤਸ਼ਾਹ ਵਧਿਆ। 10 ਜੂਨ, 1789 ਨੂੰ ਐਬੀ ਸਈਅਦ ਇਹ ਅਹਿਮ ਸੰਵਿਧਾਨਿਕ ਵਿਸ਼ੇਸ਼ੱਗ ਨੇ ਸਲਾਹ ਦਿੱਤੀ ਦਿ ਪਾਦਰੀ ਅਤੇ ਕੁਲੀਨ ਅਹਿਮਕਾਰੀ ਤੀਜੀ ਸ਼੍ਰੇਣੀ ਵਿੱਚ ਇਕ ਥਾਂ ਤੇ ਇਕੱਠੇ ਹੋਣ ਲਈ ਸਦੇ ਜਾਣ। ਲੋਕਾਂ ਵਿੱਚ ਇਤਨਾ ਉਤਸ਼ਾਹ ਸੀ ਕਿ 17 ਜੂਨ ਨੂੰ ਤੀਜੀ ਸ਼੍ਰੇਣੀ ਨੇ ਅਸੈਂਬਲੀ ਦਾ ਰੂਪ ਧਾਰ ਲਿਆ। ਜਿਵੇਂ ਉਹ ਜਾਣਦੇ ਹੋਣ ਕਿ ਵਾਸਤਵ ਵਿੱਚ ਸਮੁੱਚੀ ਕੌਮ ਦੀ ਪ੍ਰਤੀਨਿਧਤਾ ਕਰਦੇ ਹੋਣ। ਇਹ ਲਘੂ ਰੂਪ ਵਿੱਚ ਇਕ ਕ੍ਰਾਂਤੀ ਹੀ ਸੀ। ਬਾਦਸ਼ਾਹ ਨੇ ਬੇਸ਼ਕ ਸੁਪਰੀਮ ਜਨਰਲ ਦਾ ਇਜਲਾਸ 22 ਜੂਨ ਨੂੰ ਸੱਦਣ ਦੀ ਘੋਸ਼ਣਾ ਕੀਤੀ। ਲੇਕਿਨ ਸੰਸਦ ਦੇ ਸਮੱਰਥਕਾਂ ਨੂੰ ਇਸ ਵਿੱਚ ਭਾਗ ਲੈਣ ਦੀ ਇਜਾਜ਼ਤ ਨਾ ਦਿੱਤੀ ਗਈ ਅਤੇ ਉਹਨਾਂ ਲਈ ਦਰਵਾਜ਼ੇ ਬੰਦ ਰੱਖੇ ਗਏ। ਉਹ ਨਜ਼ਦੀਕ ਹੀ ਇਕ ਟੈਨਿਸ ਕੋਰਟ ਵਿੱਚ ਇਕੱਠੇ ਹੋਏ ਅਤੇ ਸੌਂਹ ਚੁੱਕੀ ਕਿ ਉਹ ਆਪਣੀ ਮੀਟਿੰਗ ਜਾਰੀ ਰੱਖਣਗੇ। ਕਿਉਂਕਿ ਉਹ ਸੰਵਿਧਾਨ ਦੇ ਨਿਰਮਾਤਾ ਹਨ। 23 ਜੂਨ ਨੂੰ ਬਾਦਸ਼ਾਹ ਨੇ ਸਟੇਟ ਜਨਰਲ ਨੂੰ ਸੰਬੋਧਿਤ ਕੀਤਾ। ਜਾਇਦਾਦ ਦਾ ਹੱਕ ਸਵੀਕਾਰ ਕਰਦਿਆਂ ਹੋਇਆਂ ਵਿੱਤੀ ਸੁਧਾਰ ਅਤੇ ਜਾਗੀਰਦਾਰੀ ਟੈਕਸਾਂ ਨੂੰ ਖਤਮ ਕਰਨ ਤੋਂ ਇਲਾਵਾ ਉਸ ਨੇ ਇਹ ਮੰਨਣ ਤੋਂ ਇਨਕਾਰ ਕੀਤਾ ਕਿ ਸੰਸਦ ਚੈਂਬਰ ਸਭਾ ਲਈ ਹੈ। ਉਸ ਨੇ ਉਹਨਾਂ ਦੀ ਸੰਵਿਧਾਨ ਲਈ ਮੰਗ ਵੀ ਅਸਵੀਕਾਰ ਕਰ ਦਿੱਤੀ। ਉਸ ਨੇ ਇਤਰਾਜ ਯੋਗ

ਭਾਸ਼ਾ ਇਸਤੇਮਾਲ ਕੀਤੀ ਅਤੇ ਤਿੰਨਾਂ ਸ਼੍ਰੇਣੀਆਂ ਨੂੰ ਅੱਡ-ਅੱਡ ਕਰਨ ਦਾ ਹੁਕਮ ਦਿੱਤਾ, ਕੁਲੀਨ ਅਤੇ ਪਾਦਰੀਆਂ ਦਾ ਇਕ ਟੋਲਾ ਹਾਲ ਛੱਡ ਕੇ ਚਲਾ ਗਿਆ। ਜੋ ਕਿ ਨੋਬਲ ਸੀ ਪਰ ਤੀਜੀ ਸ਼ਰੇਨੀ ਤੋਂ ਸੁਣ ਕੇ ਆਇਆ ਸੀ, ਉਸਨੇ ਫਿਰ ਘੋਸ਼ਿਤ ਕੀਤਾ, ''ਜਾਉ ਅਤੇ ਉਹਨਾਂ ਨੂੰ ਦਸ ਦਿਉ ਕਿ ਅਸੀਂ ਇੱਥੇ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਆਏ ਹਾਂ। ਅਸੀਂ ਇੱਥੋਂ ਤਾਂ ਹੀ ਨਿਕਲਾਂਗੇ ਜਦੋਂ ਸੰਗੀਨ ਦੀ ਨੋਕ ਨਾਲ ਧੱਕੇ ਜਾਵਾਂਗੇ।''

ਬਾਦਸ਼ਾਹ ਕੋਲ ਲੋਕ ਸੰਸਦ ਦੇ ਮੈਂਬਰਾਂ ਅੱਗੇ ਝੁਕਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਉਸ ਨੇ ਉਹਨਾਂ ਦੀ ਇਕੱਠੀ ਇਕੱਤਰਤਾ ਵਾਲੀ ਮੰਗ ਸਵੀਕਾਰ ਲਈ। ਪਰ ਬਾਦਸ਼ਾਹ ਆਪਣੇ ਵਚਨ ਦਾ ਪੱਕਾ ਸੀ। ਕਿਉਂਕਿ ਉਹ ਆਪਣੀ ਰਾਣੀ ਅਤੇ ਕੁਲੀਨਾਂ ਦੇ ਪ੍ਰਭਾਵ ਹੇਠਾਂ ਸੀ, ਇਸ ਲਈ ਉਸ ਨੇ ਸਗੋਂ ਫੌਜ ਬੁਲਾ ਲਈ ਅਤੇ 1 ਜੁਲਾਈ ਨੂੰ ਨੈਕਰ ਨੂੰ ਪਦਵੀ ਤੋਂ ਹਟਾ ਦਿੱਤਾ ਜਿਸ ਨੇ ਲੋਕ ਸੰਸਦ ਵਿੱਚ ਸਨਸਨੀ ਅਤੇ ਨਿਰਾਸ਼ਾ ਫੈਲਾ ਦਿੱਤੀ ਪੈਰਿਸ ਖਾਲੀ ਹੋ ਗਿਆ। ਲੋਕਾਂ ਨੇ ਦੁਕਾਨਾਂ ਲੁੱਟੀਆਂ ਅਤੇ ਹਥਿਆਰ ਇਕੱਠੇ ਕਰ ਲਏ। ਕੌਮਿਲੇ (Comille) ਜੋ ਕਿ ਇਕ ਸੁਧਾਰਕ ਸੀ ਨੇ ਇਸ ਨੂੰ ਸਪੱਸ਼ਟ ਕਰਦਿਆਂ ਲਿਖਿਆ, ''ਹੁਣ ਇਕ ਵੀ ਪਲ ਗੁਆਉਣ ਵਾਲਾ ਨਹੀਂ ਸੀ। ਸਾਡੇ ਕੋਲ ਇਕੋ ਹੀ ਰਾਹ ਸੀ ਕਿ ਹਥਿਆਰ ਇਕੱਠੇ ਕਰੀਏ।'' ਪੈਰਿਸ ਵਿੱਚ ਨਗਰ ਪਾਲਿਕਾ ਸਰਕਾਰ ਸੀ ਤੁਰੰਤ ਹੀ ਲੋਕ ਸੰਸਦ ਦੇ ਮੈਂਬਰਾਂ ਨੇ ਸਿਵਲ ਜਮਾਤ ਬਣਾ ਲਈ ਜੋ ਬਾਅਦ ਵਿੱਚ ਕੌਮੀ ਗਾਰਡ ਬਣ ਗਈ। ਜਿਸ ਦਾ ਕੰਮ ਪੈਰਿਸ ਦੇ ਦੰਗਾ ਪੀੜਤ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨੀ ਸੀ ਇੰਜ ਇਸ ਵੇਲੇ ਕ੍ਰਾਂਤੀ ਦੀ ਸੁਰੱਖਿਆ ਪੈਰਿਸੀਅਨਜ਼ ਦੇ ਹੱਥ ਵਿੱਚ ਸੀ। 15 ਤਾਰੀਖ ਨੂੰ ਕੈਮਿਲੇ ਦੀ ਅਗਵਾਈ ਹੇਠ ਸ਼ੋਰ ਸ਼ਰਾਬੇ ਨਾਲ ਫੌਜ ਨੇ ਬਾਸਤੀਲ ਤੇ ਹਮਲਾ ਕਰ ਦਿੱਤਾ ਜਿਹੜਾ ਕਿ ਬਾਰਬਨਸ ਦਾ ਗੜ੍ਹ ਸੀ। ਬਾਦਸ਼ਾਹ ਲੋਕਾਂ ਅੱਗੇ ਝੁੱਕ ਗਿਆ। 15 ਜੁਲਾਈ ਨੂੰ ਉਸ ਨੇ ਸ਼ਾਹੀ ਫੌਜਾਂ ਨੂੰ ਵਾਰਸੇਲਜ਼ ਛੱਡਣ ਦਾ ਹੁਕਮ ਦਿੱਤਾ ਅਤੇ ਨੈਕਰ ਨੂੰ ਵਜ਼ਾਰਤ ਲਈ ਸੱਦਾ ਦਿੱਤਾ। ਉਸ ਨੇ ਪੈਰਿਸ ਦੀ ਨਗਰ ਪਾਲਿਕਾ ਸਰਕਾਰ ਨੂੰ ਮਾਨਤਾ ਦਿੱਤੀ ਅਤੇ ਪੈਰਿਸ ਸਿਵਿਲ ਮਿਲਟਰੀ ਨੂੰ ਕੌਮੀ ਗਾਰਡ ਵੱਜੋਂ ਮਾਨਤਾ ਦਿੱਤੀ। ਬਾਦਸ਼ਾਹ ਨੇ ਲੋਕਾਂ ਦੀ ਜਿੱਤ ਪ੍ਰਵਾਨ ਕਰ ਲਈ। ਪੁਰਾਣਾ ਸ਼ਾਸਨ ਢਹਿ-ਢੇਰੀ ਹੋ ਗਿਆ। ਇਸ ਤਰ੍ਹਾਂ ਬਾਦਸ਼ਾਹ ਸੰਵਿਧਾਨਕ ਬਾਦਸ਼ਾਹ ਹੋ ਗਿਆ ਅਤੇ ਉਸ ਦੇ ਲੋਕ ਫ੍ਰਾਂਸੀਸੀ ਨਿਵਾਸੀ ਬਣ ਗਏ। ਵਾਸਤਵ ਵਿੱਚ ਪੁਰਾਣੇ ਸ਼ਾਸਨ ਨੇ ਫ੍ਰਾਂਸੀਸੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ।

## SUGGESTED READINGS

1. Denne Collins : *Age of Progress.*
2. Leo Gershoy : *The French Revolution and Napoleon.*
3. George Lefebvre: *A Coming of French Revolution.*
4. Alfred Cobban : *A History of Modern France,* 1715-1799.

5. Grant and Temperley : *Europe in Nineteenth and Twentieth Centuries.*

6. G. Rude : *Revolutionary Europe,* 1789-1815.

7. C.D. Hazen : *Modern Europe upto 1945.*

8. C.D.M. Ketelbey : *A History of Modern Times.*

9. ਰਾਜਿੰਦਰ ਸਿੰਘ : *ਯੂਰਪ ਦਾ ਇਤਿਹਾਸ, 1785-1875.*

10. ਅਰੋੜਾ, ਏ.ਸੀ. : *ਵਿਸ਼ਵ ਦਾ ਇਤਿਹਾਸ,* 1500-1956.

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. 1789 ਈ. ਦੀ ਫ੍ਰਾਂਸੀਸੀ ਕ੍ਰਾਂਤੀ ਤੇ ਮੁੱਖ ਕਾਰਣਾਂ ਦਾ ਵਰਣਨ ਕਰੋ।
2. ਪੁਰਾਤਨ ਸ਼ਾਸਨ-ਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ ਜਿਨ੍ਹਾਂ ਕਾਰਣ 1789 ਈ. ਦੀ ਕ੍ਰਾਂਤੀ ਹੋਈ।
3. 1789 ਈ. ਦੀ ਕ੍ਰਾਂਤੀ ਲਈ ਫ੍ਰਾਂਸੀਸੀ ਰਾਜਤੰਤਰ ਦੀ ਜ਼ਿੰਮੇਵਾਰੀ ਦਾ ਮੁਲਾਂਕਣ ਕਰੋ।
4. 1789 ਈ. ਦੀ ਕ੍ਰਾਂਤੀ ਫ੍ਰਾਂਸ ਵਿੱਚ ਕਿਉਂ ਆਈ ? ਵਿਸਥਾਰ ਨਾਲ ਲਿਖੋ।

**ਪਾਠ ਨੰ: 1.6**

# ਫ੍ਰਾਂਸੀਸੀ ਕ੍ਰਾਂਤੀ ਦੇ ਕਾਰਣ – ਫ੍ਰਾਂਸੀਸੀ ਦਾਰਸ਼ਨਿਕਾਂ ਦਾ ਯੋਗਦਾਨ

ਪਿਛਲੇ ਪਾਠ ਵਿੱਚ ਅਸੀਂ ਵੇਖਿਆ ਕਿ ਅਠਾਰ੍ਹਵੀਂ ਸਦੀ ਦਾ ਫ੍ਰਾਂਸ ਰਾਜਨੀਤਕ ਤੌਰ ਤੇ ਮਹਾਨ ਸਮਰਾਟ ਲੂਈ ਚੌਧਵੇਂ ਦਾ ਫ੍ਰਾਂਸ ਸੀ। ਪਰ ਸਮਾਜਿਕ ਤੌਰ ਤੇ ਰਾਸ਼ਟਰ ਬੜੀ ਤੇਜ਼ੀ ਨਾਲ ਬਦਲ ਰਿਹਾ ਸੀ ਅਤੇ ਸਮਾਜਿਕ ਸਚਾਈਆਂ ਅਤੇ ਪਰੰਪਰਾਗਤ ਢਾਂਚੇ ਵਿੱਚ ਪਾੜਾ ਤੇਜ਼ੀ ਨਾਲ ਵੱਧ ਰਹੀਆਂ ਸੀ। ਧਰਮ ਸੁਧਾ;ਰ ਅੰਦੋਲਨ (Reformation) ਤੋਂ ਲੈ ਕੇ ਖਿਆਲਾਂ ਦੀ ਦੁਨੀਆਂ ਵਿੱਚ ਤਬਦੀਲੀ ਵਾਪਰ ਰਹੀ ਸੀ ਪਰ 18ਵੀਂ ਸਦੀ ਵਿੱਚ ਇਹ ਕ੍ਰਾਂਤੀਕਾਰੀ ਬਣ ਗਈ। ਇਸ ਸਮੇਂ ਨੂੰ 'ਪ੍ਰਭੂਸੱਤਾ ਦਾ ਯੁੱਗ' ਆਖਿਆ ਜਾਂਦਾ ਹੈ। ਫ੍ਰਾਂਸ ਯੂਰਪ ਵਿੱਚ ਵਾਪਰ ਰਹੀਆਂ ਤਬਦੀਲੀਆਂ ਤੋਂ ਅਭਿੱਜ ਨਹੀਂ ਸੀ ਰਹਿ ਸਕਦਾ।

ਕ੍ਰਾਂਤੀ ਲਿਆਉਣ ਵਿੱਚ ਸਹਾਇਕ ਸੋਚ ਧਾਰਾ ਦਾ ਅਧਿਐਨ ਕਰਨਾ ਮਹੱਤਵਪੂਰਣ ਹੈ ਕਿਉਂਕਿ ਹਰ ਇਕ ਕ੍ਰਾਂਤੀ ਇਨ੍ਹਾਂ ਲੋਕਾਂ ਦੇ ਮਨਾਂ ਵਿੱਚ ਉਤਪੰਨ ਹੁੰਦੀ ਹੈ ਜਿਹੜੀ ਵਾਸਤਵ ਸਚਾਈਆਂ ਦਾ ਪ੍ਰਤਿਕਰਮ ਹੁੰਦੀ ਹੈ। ਇਹ ਆਮ ਆਖਿਆ ਜਾਂਦਾ ਹੈ ਕਿ ਦਾਰਸ਼ਨਿਕ ਰਾਜ ਨੂੰ ਸੁਧਾਰਨ ਲਈ ਹੁੰਦੇ ਹਨ, ਤਬਾਹ ਕਰਨ ਲਈ ਨਹੀਂ। ਉਨ੍ਹਾਂ ਦਾ ਅੰਤਿਮ ਲਕਸ਼ ਕ੍ਰਾਂਤੀ ਦੀ ਥਾਂ ਸੁਧਾਰ ਹੁੰਦਾ ਹੈ। ਕਿਉਂਕਿ ਸੋਚ ਹੀ ਸਾਰੀਆਂ ਕ੍ਰਾਂਤੀਆਂ ਦਾ ਤੱਤ ਹੁੰਦੀ ਹੈ। ਇਸ ਲਈ ਦੋਹਾਂ ਨੂੰ ਅੱਡ-ਅੱਡ ਕਰਨਾ ਨਹੀਂ।

ਤਰਕ ਦੀ ਸਹਾਇਤਾ ਨਾਲ ਦਾਰਸ਼ਨਿਕ ਸੋਚਧਾਰਾ ਅਤੇ ਵਾਸਤਵਿਕਤਾ ਮੌਜੂਦਾ ਅੰਧਵਿਸ਼ਵਾਸ, ਅਗਿਆਨਤਾ, ਅਯੋਗ ਸ਼ਾਸਨ, ਵਿੱਤੀ ਪ੍ਰਬੰਧ, ਜ਼ਾਲਮ ਨਿਆਇ ਪ੍ਰਣਾਲੀ, ਧਾਰਮਿਕ ਦਮਨ, ਆਰਥਿਕ ਹਾਨੀ ਅਤੇ ਧਰਮ-ਭੁਲੇਖਿਆਂ ਦੇ ਪ੍ਰਹਾਰ ਕਰਦੇ ਹਨ। ਮਾਨਵਤਾ ਦੀ ਭਾਵਨਾ ਅਤੇ ਸੇਵਾ ਤੋਂ ਪ੍ਰੇਰਿਤ ਹੋ ਕੇ ਉਹ ਉਸ ਹਰ ਚੀਜ਼ ਦਾ ਵਿਰੋਧ ਕਰਦੇ ਹਨ ਜਿਹੜੀ ਮਾਨਵ ਦੇ ਸਤਿਕਾਰ ਦੇ ਵਿਰੁੱਧ ਜਾਂਦੀ ਹੈ। ਉਨ੍ਹਾਂ ਨੇ ਕਰਾਰ ਦਿੱਤਾ ਕਿ ਮੌਜੂਦਾ ਸੰਸਥਾਵਾਂ ਕੁਦਰਤੀ ਹਨ ਅਤੇ ਕੇਵਲ ਤਰਕ ਹੀ ਇਨਸਾਫ਼ ਪਸੰਦ ਅਤੇ ਆਦਰਸ਼-ਕੀਮਤਾਂ ਸਥਾਪਤ ਕਰਨ ਵਿੱਚ ਸਹਾਈ ਹੋ ਸਕਦਾ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਫ੍ਰਾਂਸ ਦੇ ਲੇਖਕ, ਵਿਦਵਾਨ ਅਤੇ ਬੁੱਧੀਜੀਵੀ ਹੀ ਸਨ ਜਿਨ੍ਹਾਂ ਨੂੰ ਆਮ ਕਰਕੇ ਫ੍ਰਾਂਸ ਦੇ ਦਾਰਸ਼ਨਿਕ ਆਖਿਆ ਜਾਂਦਾ ਹੈ, ਜਿਨ੍ਹਾਂ ਫ੍ਰਾਂਸੀਸੀ ਕ੍ਰਾਂਤੀ ਲਿਆਉਣ ਵਿੱਚ ਵੱਡਾ ਯੋਗਦਾਨ ਪਾਇਆ।

ਪਰਿਵਰਤਨ ਦੀਆਂ ਜੜ੍ਹਾਂ ਇਤਿਹਾਸ ਵਿੱਚ ਡੂੰਘੀਆਂ ਹੁੰਦੀਆਂ ਹਨ। ਬਹੁਤ ਸਾਰੇ ਵਿਦਵਾਨ-ਦਰਸ਼ਨਵੇਤਾ ਜਿਵੇਂ ਕੋਪੇਰਨਿਕਸ (Copernicus), ਕੈਪਲਰ (Kepler) ਅਤੇ ਗਲੀਲਿਓ (Galileo) ਦੇ ਪਰਿਪੇਖ ਵਿੱਚ ਇੰਗਲੈਂਡ ਦੇ ਈਸਾਕ ਨਿਊਟਨ (Issac

Newton) ਨੂੰ ਮਾਣ ਪ੍ਰਾਪਤ ਹੈ ਜਿਸ ਨੇ ਲੋਕਾਂ ਦੇ ਮਨਾਂ ਵਿੱਚ ਨਵੀਂ ਚੇਤਨਾ ਦੀ ਭਾਵਨਾ ਜਾਗ੍ਰਿਤ ਕੀਤੀ। ਉਸ ਨੇ ਗਣਿਤ ਪ੍ਰਣਾਲੀ ਪੇਸ਼ ਕਰਦਿਆਂ ਭੌਤਿਕ ਸੰਸਾਰ ਨੂੰ ਇਸ ਰੂਪ ਵਿੱਚ ਢਾਲਿਆ ਕਿ ਪ੍ਰਕ੍ਰਿਤੀ ਦਾ ਵਿਸ਼ਵ ਵਿਆਪੀ ਵਿਨਿਯਮ ਹੈ। ਵਿਸ਼ਵ ਵਿੱਚੋਂ ਇਹ ਭਰਮ ਦੂਰ ਕਰਕੇ ਉਸ ਨੇ ਪ੍ਰਕ੍ਰਿਤੀ ਨੂੰ ਮਨੁੱਖ ਅਤੇ ਈਸ਼ਵਰ ਦੇ ਵਿਚਕਾਰ ਇਕ ਹੋਰ ਅੰਗਰੇਜ਼ ਜਾਨ ਲੈ ਕੇ (John Lake) ਨੇ ਮਾਨਵ ਮਨੋਵਿਗਿਆਨ ਦਾ ਸਿਧਾਂਤ ਪੇਸ਼ ਕੀਤਾ ਅਤੇ ਦੱਸਿਆ ਕਿ ਮਨੁੱਖ ਪ੍ਰਕ੍ਰਿਤੀ ਦੇ ਨਾਲ ਰਹਿ ਸਕਦਾ ਹੈ ਕਿਉਂਕਿ ਮਨੁੱਖੀ ਸੁਭਾ ਜਮਾਂਦਰੂ ਬੁਰਾਈ ਵੱਲ ਲੁਕਿਆ ਹੋਇਆ ਹੈ। ਉਸ ਨੇ ਕਿਹਾ ਕਿ ਸਮਾਜ ਵਿੱਚ ਅਜਿਹੇ ਨਿਯਮ ਹਨ ਜਿਨ੍ਹਾਂ ਨੂੰ ਸਮਝਣ ਨਾਲ ਮਨੁੱਖ ਉੱਨਤੀ ਕਰ ਸਕਦਾ ਹੈ। ਇੰਜ ਉਸ ਦਾ ਸਦਾਚਾਰਕ ਸਿਧਾਂਤ ਲਾਭਕਾਰੀ ਸਿੱਧ ਹੁੰਦਾ ਹੈ। ਇਨ੍ਹਾਂ ਘਟਨਾਵਾਂ ਨੇ ਡੂੰਘੇ ਪ੍ਰਭਾਵ ਪਾਏ। ਉਦਾਹਰਣ ਲਈ ਮਨੁੱਖ ਚਰਚ ਜਾਂ ਅਗਮ ਗਿਆਨ ਦੇ ਬਗੈਰ ਹੀ ਪ੍ਰਕ੍ਰਿਤੀ ਦੇ ਸੱਚ ਦੀ ਪ੍ਰਾਪਤੀ ਕਰ ਸਕਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਸੁਝਾਅ ਦਿੱਤਾ ਕਿ ਉਹ ਤਰਕ ਅਤੇ ਤਜਰਬੇ ਤੋਂ ਲਾਭ ਉਠਾਉਣ। ਇਸ ਨਾਲ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਵਾਧਾ ਹੋਇਆ। ਇਸ ਨੇ ਲੋਕ ਮਨਾਂ ਵਿੱਚ ਕ੍ਰਾਂਤੀ ਲਿਆਂਦੀ। ਇਹ ਫ੍ਰਾਂਸੀਸੀ ਕ੍ਰਾਂਤੀ ਦੀ ਬੁਨਿਆਦ ਬਣਿਆ, ਜਦੋਂ ਇਸ ਨੂੰ ਸਮਾਜ ਸਰਕਾਰ ਤੇ ਲਾਗੂ ਕੀਤਾ ਗਿਆ।

ਫ੍ਰਾਂਸ ਇਨ੍ਹਾਂ ਨਵੇਂ ਵਿਚਾਰਾਂ ਤੋਂ ਅਭਿੱਜ ਨਹੀਂ ਰਹਿ ਸਕਦਾ। ਇੰਜ ਲੂਈ ਚੌਧਵੇਂ ਦੇ ਰਾਜ ਕਾਜ ਵਿੱਚ ਤਬਦੀਲੀ ਵਾਪਰਨੀ ਸੀ। ਧਰਮ ਅਤੇ ਰਾਜਨੀਤੀ ਦੀ ਸਰਵਉੱਚਤਾ ਇਸੇ ਬਾਦਸ਼ਾਹ ਦੇ ਰਾਜਕਾਲ ਵਿੱਚ ਘਟਣੀ ਆਰੰਭ ਹੋ ਗਈ ਸੀ ਅਤੇ ਇਸ ਦੇ ਮਗਰੋਂ ਆਉਣ ਵਾਲੇ ਵਾਰਸ ਦੇ ਰਾਜ ਵਿੱਚ ਇਸ ਵਿੱਚ ਵਾਧਾ ਹੋਇਆ ਸੀ, ਪੈਰੀ ਬੇਯਲ (Pere Bayle) ਇਕ ਅਜਿਹਾ ਨੀਤੀਵਾਨ ਸੀ ਜੋ ਨਾਸਤਿਕ ਸੀ। ਉਸ ਨੇ ਆਪਣੇ ਖਿਆਲਾਂ ਦੀ ਉਸਾਰੀ ਵਿਗਿਆਨਕ ਅਤੇ ਇਤਿਹਾਸਕ ਪ੍ਰਾਪਤੀਆਂ ਦੇ ਆਧਾਰ ਤੇ ਕੀਤੀ। ਮੂਲ ਰੂਪ ਵਿੱਚ ਅਮਲੀ ਪ੍ਰਸ਼ਨਾਂ ਨਾਲ ਸੰਬੰਧਿਤ ਹੋਣ ਕਰਕੇ ਉਸ ਨੇ ਆਪਣੇ ਕੱਢੇ ਹੋਏ ਨਤੀਜਿਆਂ ਅਤੇ ਤਜਰਬੇ ਦੇ ਆਧਾਰ ਤੇ ਦਲੀਲਾਂ ਦਿੱਤੀਆਂ। ਉਸ ਨੇ ਕਿਹਾ ਕਿ ਲੋਕ ਧਰਮ ਦੇ ਨਾਂ ਤੇ ਇਕੱਠੇ ਨਹੀਂ ਕੀਤੇ ਜਾ ਸਕਦੇ ਸਗੋਂ ਸਾਂਝੇ ਹਿੱਤਾਂਦੇ ਆਧਾਰ ਤੇ ਕੀਤੇ ਜਾ ਸਕਦੇ ਹਨ। ਉਸ ਦੇ ਮੁਤਾਬਕ ਕੋਈ ਵੀ ਸਰਕਾਰੀ ਸਿਸਟਮ ਬਿਲਕੁਲ ਚੰਗਾ ਨਹੀਂ ਸਾਰੀਆਂ ਸਰਕਾਰਾਂ ਨੂੰ ਉਨ੍ਹਾਂ ਦੇ ਨਤੀਜਿਆਂ ਦੇ ਆਧਾਰ ਤੇ ਵੇਖਣਾ ਚਾਹੀਦਾ ਹੈ।

ਧਰਮ ਦੇ ਖੇਤਰ ਵਿੱਚ ਨਵੇਂ ਵਿਚਾਰਾਂ ਨੇ ਸਹਿਨਸ਼ੀਲਤਾ ਨੂੰ ਵਿਕਸਿਤ ਕੀਤਾ। ਸੈਂਸਰਸ਼ਿਪ ਤੋਂ ਇਲਾਵਾ 120 ਵੱਖ-ਵੱਖ ਸੰਧੀਆਂ ਸਨ। ਨਵੀਨ ਧਾਰਮਿਕ ਵਿਚਾਰਾਂ ਨੂੰ ਪੇਸ਼ ਕੀਤਾ ਗਿਆ। ਕੋਂਡਟੇ ਡੀ ਬੋਲੇਨਵਿਲਰ (Condetde Bou Jain Villiers) ਜਿਹੜਾ ਕਿ ਵਿਕਾਏ ਮਾਹੋਮੈਟ (Vickae Mahomet) ਦਾ ਲੇਖਕ ਸੀ। ਧਰਮ ਵਿਰੋਧੀ ਵਿਚਾਰਧਾਰਾ ਦਾ ਮਾਲਿਕ ਸੀ ਜਦੋਂ ਕਿ ਮੋਜ਼ਲੀਰ (Moslier) 18ਵੀਂ ਸਦੀ ਦੇ ਸ਼ੁਰੂ ਦਾ ਇਕ ਹੋਰ ਅਜਿਹਾ ਲੇਖਕ ਸੀ, ਜਿਸ ਨੇ ਕਿਹਾ, ''ਦੁਨੀਆਂ ਸਿਆਣੇ ਬੰਦੇ ਦੁਆਰਾ ਸ਼ਾਸ਼ਿਤ ਨਹੀਂ ਕੀਤੀ ਜਾਂਦੀ।'' ਰੂੜ੍ਹੀਵਾਦੀ ਵਾਲਟੇਅਰ ਤੇ ਪੂਰਵਗਾਮੀ ਮੇਜ਼ਲੀਰ ਸਮਾਜਿਕ ਅਤੇ ਰਾਜਨੀਤਿਕ ਆਲੋਚਨਾ ਦੇ ਮਾਮਲੇ ਵਿੱਚ ਵਧੇਰੇ ਜੋਸ਼ੀਲਾ ਸੀ ਅਤੇ ਉਸ ਨੇ ਹੋਰਨਾਂ ਦੇ ਦਰਸ਼ਨ ਅਤੇ ਰੂੜ੍ਹੀਵਾਦ ਦਾ ਖੰਡਨ ਕੀਤਾ। ਪਰ ਉਸ ਦਾ ਸੰਬੰਧ ਮੂਲ ਰੂਪ

ਵਿੱਚ ਤਰਕ ਨਾਲ ਸੀ। ਉਹ ਆਪਣੀ ਸੋਚ ਕਾਰਨ ਸਹਿਨਸ਼ਾਹੀਅਤ ਵੱਲ ਸਨ। ਉਹ ਚਰਚ ਅਤੇ ਹੋਰ ਸਮਾਜਿਕ ਸੰਸਥਾਵਾਂ ਨੂੰ ਅਮਲੀ ਨਤੀਜਿਆਂ ਅਨੁਸਾਰ ਲੈਂਦੇ ਸਨ। ਉਪਯੋਗਵਾਦ ਇਸ ਸਦੀ ਦੇ ਲੋਕਾਂ ਤੇ ਛਾਇਆ ਰਿਹਾ। ਉਹ ਕਹਿੰਦੇ ਹਨ ਕਿ ਦਰਦ ਬੁਰਾ ਹੈ ਅਤੇ ਆਨੰਦ ਚੰਗਾ ਹੈ।

ਇਸ ਯੁੱਗ ਵਿੱਚ ਬਹੁਤ ਸਾਰੇ ਲੇਖਕ ਅਤੇ ਵਿਚਾਰਵਾਨ ਸਨ। ਇਸ ਪਾਠ ਦੀ ਲੋੜ ਮੁਤਾਬਿਕ ਜਿਸ ਦਾ ਉਦੇਸ਼ ਸੀਮਤ ਹੈ ਅਸੀਂ ਕੁੱਝ ਮਹੱਤਵਪੂਰਣ ਦਰਸ਼ਨ ਸ਼ਾਸਤਰੀਆਂ ਨੂੰ ਹੀ ਲਵਾਂਗੇ ਜਿਨ੍ਹਾਂ ਦੀਆਂ ਲਿਖਤਾਂ ਨੇ ਸਮਾਜ ਵਿੱਚ ਬੁਨਿਆਦੀ ਤਬਦੀਲੀਆਂ ਲਿਆਉਣ ਵਿੱਚ ਸਹਾਇਤਾ ਕੀਤੀ ਅਤੇ ਲੋਕਾਂ ਦੇ ਮਨਾਂ ਵਿੱਚ ਕ੍ਰਾਂਤੀ ਦੇ ਬੀਜ ਬੀਜੇ।

### ਵਾਲਟੇਅਰ (Voltaire)

ਵਾਲਟੇਅਰ ਕੋਲ ਕੋਈ ਵਿਅਕਤੀਗਤ ਰਾਜਨੀਤਿਕ ਵਿਚਾਰ ਨਹੀਂ ਸੀ ਅਤੇ ਰਾਜਨੀਤੀ ਵਿੱਚ ਉਸ ਦਾ ਝੁਕਾ ਨਹੀਂ ਸੀ। ਫਿਰ ਵੀ ਉਹ ਤਰਕ ਅਤੇ ਸਹਿਨਸ਼ੀਲਤਾ ਦਾ ਇਕ ਮਹੱਤਵਪੂਰਣ ਘੁਲਾਟੀਆ ਸੀ। ਉਹ ਵਧੀਆ ਸਾਹਿਤਕ ਸ਼ੌਕ ਦਾ ਬੰਦਾ ਸੀ। ਵਿਅੰਗ, ਕਵਿਤਾਵਾਂ, ਨਾਟਕ ਦਾ ਸ਼ੌਕੀਨ ਸੀ। ਵਾਲਟੇਅਰ ਨੇ ਨਿਯੂਟਨ ਅਤੇ ਲੋਕੇ ਨੂੰ ਫ੍ਰਾਂਸ ਦੇ ਲੋਕਾਂ ਵਿੱਚ ਪਰਿਚਿਤ ਕੀਤਾ ਅਤੇ ਉਨ੍ਹਾਂ ਨਾਲ ਨੇੜੇ ਦੀ ਜਾਣ ਪਛਾਣ ਕਰਵਾਈ। ਉਸ ਦਾ ਨਾਂ ਪੱਕੇ ਤੌਰ ਤੇ ਇਸ ਮੁਹਿੰਮ ਨਾਲ ਜੁੜ ਗਿਆ ਕਿ ਪ੍ਰਸਿੱਧ ਚੀਜ਼ਾਂ (Famous Things) ਨੂੰ ਕੁਚਲ ਦਿਓ। ਇਸ ਖਿਆਲ ਦੇ ਕਾਰਨ ਵਾਲਟੇਅਰ ਕੁੱਟਿਆ ਗਿਆ ਅਤੇ ਬਾਸਤੀਲ ਭੇਜ ਦਿੱਤਾ ਗਿਆ। ਰਿਹਾਅ ਹੋਣ ਤੇ 1726 ਵਿੱਚ ਇੰਗਲੈਂਡ ਚਲਾ ਗਿਆ। ਇਸ ਸਮੇਂ ਉਸ ਦੀ ਉਮਰ 32 ਸਾਲ ਦੀ ਸੀ। ਇੰਗਲੈਂਡ ਉਸ ਵਾਸਤੇ ਇਕ ਵਿਸ਼ੇਸ਼ ਪ੍ਰਾਪਤੀ ਸੀ। ਉੱਥੇ ਮੱਧ ਸ਼੍ਰੇਣੀ ਦੇ ਲੋਕਾਂ ਨੂੰ ਸਮਾਜਿਕ ਸਤਿਕਾਰ ਪ੍ਰਾਪਤ ਸੀ। ਉੱਥੇ ਵਿਚਾਰ ਵਿਅਕਤ ਕਰਨ ਦੀ ਆਜ਼ਾਦੀ ਸੀ ਅਤੇ ਧਾਰਮਿਕ ਦਮਨ ਦਾ ਨਾਂ ਤੱਕ ਨਹੀਂ। ਉਸ ਨੇ ਅੰਗਰੇਜ਼ੀ ਸਮਾਜ ਅਤੇ ਉੱਥੋਂ ਦੀਆਂ ਸੰਸਥਾਵਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਅੰਗਰੇਜ਼ਾਂ ਤੇ ਚਿੱਠੀਆਂ ਲਿਖੀਆਂ (1733)। ਅੰਗਰੇਜ਼ ੀ ਸਮਾਜ ਨੂੰ ਵਿਅਕਤ ਕਰਦਿਆਂ ਉਸ ਨੇ ਫ੍ਰਾਂਸੀਸੀ ਸਮਾਜ ਨੂੰ ਨੰਗਾ ਕੀਤਾ। ਪੈਰਿਸ ਵਿੱਚ ਕੁੱਝ ਸਮਾਂ ਰਹਿਣ ਮਗਰੋਂ ਉਹ ਲੈਰੇਨ (Lorraine) ਚਲਾ ਗਿਆ। ਫਿਰ ਫਿਲਾਸਫਰ ਬਾਦਸ਼ਾਹ (ਫਰੈਡਰਿਕ ਮਹਾਨ) ਦੀ ਅਦਾਲਤ ਵਿੱਚ ਪਰੂਸ਼ੀਆ ਚਲਾ ਗਿਆ। ਤਿੰਨ ਸਾਲਾਂ ਮਗਰੋਂ ਸਵਿਟਜ਼ਰਲੈਂਡ ਦੀਆਂ ਸਰਹੱਦਾਂ ਤੇ ਪਹੁੰਚ ਗਿਆ। ਉਸ ਨੇ ਬਹੁਤ ਸਾਰੀਆਂ ਰਚਨਾਵਾਂ ਲਿਖੀਆਂ ਅਤੇ ਫ੍ਰਾਂਸ ਵਿੱਚ ਪਹੁੰਚਾਈਆਂ। 1778 ਵਿੱਚ ਜਦੋਂ ਉਹ 84 ਸਾਲਾਂ ਦਾ ਸੀ ਉਹ ਪੈਰਿਸ ਪਰਤਿਆ ਜਿੱਥੇ ਉਸੇ ਸਾਲ ਉਸ ਦੀ ਮੌਤ ਹੋ ਗਈ।

ਜਿੱਥੋਂ ਤੱਕ ਉਸ ਦੇ ਧਾਰਮਿਕ ਵਿਚਾਰਾਂ ਦਾ ਸਵਾਲ ਹੈ ਉਹ ਨਾਸਤਿਕ ਨਹੀਂ ਸੀ, ਉਹ ਪ੍ਰਾਕ੍ਰਿਤੀ ਦੇ ਕੁੱਝ ਬੁਨਿਆਦੀ ਨਿਯਮਾਂ ਨੂੰ ਮੰਨਦਾ ਸੀ। ਉਹ ਖਾਣ-ਪੀਣ ਵਿੱਚ ਜ਼ਬਤ ਅਤੇ ਸਦਾਚਾਰਕ ਕੀਮਤਾਂ ਵਿੱਚ ਵਿਸ਼ਵਾਸ ਰੱਖਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਈਸ਼ਵਰ ਨੇ ਮਨੁੱਖ ਨੂੰ ਉਸ ਦੇ ਤਰਕ ਦੇ ਸਹਾਰੇ ਆਪਣੀ ਜਾਣ ਪਹਿਚਾਣ ਕਰਵਾਈ ਹੈ। ਉਹ ਅੰਧ ਵਿਸ਼ਵਾਸ ਕੱਟੜਤਾ, ਧਰਮ ਦੇ ਨਾਂ ਤੇ ਦਮਨ ਗੁੰਝਲਦਾਰ ਰੀਤਾਂ ਦਾ ਵਿਰੋਧੀ ਸੀ। ਸਦੀ ਦੇ ਚੌਥਾਈ ਭਾਗ ਵਿੱਚ ਇਸ ਮਹਾਨ ਵਿਅਕਤੀ ਨੇ ਆਪਣੀ ਪ੍ਰਾਪਤੀ ਵਿੱਚੋਂ ਸਹਿਨਸ਼ੀਲਤਾ ਨੂੰ ਪ੍ਰਚਾਰਿਆ। ਉਸ ਨੇ 'ਫਿਲਾਸਫੀਕਲ ਡਿਕਸ਼ਨਰੀ 1764 ਵਿੱਚ ਇਕ ਨਾਵਲ ਕਾਨਡਿਡ (Candid) 769 ਅਤੇ ਸਹਿਨਸ਼ੀਲਤਾ

ਤੇ ਇਕ ਪੁਸਤਕ ਲਿਖੀ। ਇਸ ਤੋਂ ਇਲਾਵਾ ਉਸ ਨੇ ਬਹੁਤ ਸਾਰੇ ਲੇਖ ਵੀ ਲਿਖੇ।

ਵਾਲਟੇਅਰ ਜਦੋਂ ਲੋਕਾਂ ਨੂੰ ਸਿੱਖਿਆ ਦਿੰਦਾ ਸੀ ਤਾਂ ਉਨ੍ਹਾਂ ਨੂੰ ਹਸਾਉਂਦਾ ਵੀ ਸੀ। ਸੋਰਲ (Sorel) ਨੇ ਠੀਕ ਹੀ ਕਿਹਾ ਹੈ, ''ਉਸ ਨੇ ਆਪਣੇ ਨੁਕਸਾਂ ਕਾਰਨ ਰਾਜ ਕੀਤਾ, ਜਿਹੜੇ ਉਸ ਦੇ ਗੁਣਾਂ ਨਾਲੋਂ ਵਧੇਰੇ ਸਨ।'' ਐਂਡਰਸਨ (Anderson) ਦੇ ਸ਼ਬਦਾਂ ਵਿੱਚ ''ਉਹ ਵਿਚਾਰਾਂ ਵਿੱਚ ਉਪਜਾਊ ਅਤੇ ਬੁੱਧੀਮਾਨਤਾ ਦੇ ਘੇਰੇ ਵਿੱਚ ਫੈਲਿਆ ਹੋਇਆ ਸੀ।'' ਉਹ ਸਰਕਾਰ ਦੀਆਂ ਅਮਲੀ ਸਮੱਸਿਆਵਾਂ ਦੀ ਵਿਸ਼ਾਲਤਾ ਦਾ ਸੁਆਮੀ ਸੀ ਜਿਸ ਨੂੰ ਅਰਸਤੂ ਨਾਲ ਤੁਲਨਾਇਆ ਜਾ ਸਕਦਾ ਹੈ। ਉਹ ਸਰਕਾਰ ਦੀਆਂ ਅਸਲੀ ਸਮੱਸਿਆਵਾਂ ਵਿੱਚ ਵਿਸ਼ੇਸ਼ ਦਿਲਚਸਪੀ ਰੱਖਦਾ ਸੀ। ''ਰਾਜਨੀਤਿਕ ਦਾਰਸ਼ਨਿਕ ਤੌਰ ਤੇ ਉਸ ਨੇ ਫ੍ਰਾਂਸ ਲਈ ਉਹ ਕੁੱਝ ਕੀਤਾ ਜੋ ਲੋਕੇ ਨੇ ਇੰਗਲੈਂਡ ਵਿੱਚ ਕੀਤਾ,'' ਹੌਲਵੇਲ ਨੇ ਕਿਹਾ ਹੈ।

ਮਾਂਟੈਸਕਿਊ (Montesquieu) ਦਾ ਮੁੱਖ ਉਦੇਸ਼ ਨਿੱਜੀ ਸੁਤੰਤਰਤਾ ਲਿਆਉਣਾ ਸੀ। ਨਿੱਜੀ ਡਿਕਟੇਟਰਸ਼ਿਪ ਦੇ ਜ਼ੁਲਮਾਂ ਤੋਂ ਵਾਕਿਫ ਹੋਣ ਕਰਕੇ ਉਸ ਨੇ ਫ੍ਰਾਂਸੀਸੀ ਸਮਾਜ ਦੀਆਂ ਪਰੰਪਰਾਵਾਂ ਅਤੇ ਨੈਤਿਕ, ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਅਧਿਐਨ ਕੀਤਾ ਸੀ। ਉਸ ਦਾ ਪਹਿਲਾ ਕੰਮ ਪਰਸ਼ੀਅਨ ਚਿੱਠੀਆਂ ਲੂਈ ਚੌਧਵੇਂ ਦੇ ਰਾਜ ਨੂੰ ਦੋਸ਼ੀ ਠਹਿਰਾਉਣ ਸੰਬੰਧੀ ਸੀ। ਉਸ ਨੇ ਅਦਾਲਤ ਦੀ ਬੇਈਮਾਨੀ ਦਾ ਮਖੌਲ ਉਡਾਇਆ ਸੀ। ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਦੀਆਂ ਧੱਜੀਆਂ ਉਡਾਈਆਂ ਸਨ। ਅਯੋਗ ਵਿੱਤੀ ਪ੍ਰਸ਼ਾਸਨ ਨੂੰ ਸਾਮ੍ਹਣੇ ਲਿਆਂਦਾ ਸੀ। ਕੱਟੜਵਾਦੀਆਂ ਅਤੇ ਅਸਹਿਣਸ਼ੀਲਤਾ ਵਾਲੀਆਂ ਸ਼ਕਤੀਆਂ ਨੂੰ ਨਿੰਦਿਆ ਸੀ।

ਉਸ ਦੀ ਸਭ ਤੋਂ ਪ੍ਰਸਿੱਧ ਪੁਸਤਕ ''ਕਾਨੂੰਨਾਂ ਦੀ ਆਤਮਾ'' (Spirit of Laws) 1748 ਵਿੱਚ ਪ੍ਰਕਾਸ਼ਿਤ ਹੋਈ। ਇਸ ਵਿਸ਼ੇਸ਼ ਪੁਸਤਕ ਦਾ ਮੂਲ ਸੰਬੰਧ ਰਾਜਨੀਤਿਕ ਵਿਚਾਰਾਂ ਨਾਲ ਸੀ। ਛਾਪਣ ਤੋਂ ਇਕ ਸਾਲ ਮਗਰੋਂ ਇਸ ਪੁਸਤਕ ਦਾ ਪੈਰਿਸ ਦੀ ਸੰਸਦ ਵਿੱਚ ਜ਼ਿਕਰ ਕੀਤਾ ਗਿਆ ਸੀ ਅਤੇ ਸਾਰਡੀਨੀਆ ਦੇ ਬਾਦਸ਼ਾਹ ਨੇ ਇਹ ਪੁਸਤਕ ਪੜ੍ਹਨ ਦੀ ਸਲਾਹ ਆਪਣੇ ਪੁੱਤਰ ਨੂੰ ਦਿੱਤੀ। ਉਸ ਨੇ ਰੂੜ੍ਹੀਵਾਦੀ ਰਵੱਈਆ ਅਤੇ ਸੋਧ ਤਜਵੀਜ਼ ਕੀਤੀ। ਉਸ ਨੇ ਬਾਦਸ਼ਾਹ ਅਤੇ ਉਸ ਦੀ ਸਰਕਾਰ ਦੀਆਂ ਸ਼ਕਤੀਆਂ ਦੀ ਵਧਾ ਚੜ੍ਹਾ ਕੇ ਵਿਆਖਿਆ ਕੀਤੀ ਅਤੇ ਲੂਈ ਚੌਧਵੇਂ ਦੇ ਅਧਿਕਾਰਾਂ ਨੂੰ ਨੁਕਸ ਭਰਪੂਰ ਦੱਸਿਆ। ਬੇਸ਼ੱਕ ਉਸ ਦੇ ਅੰਗਰੇਜ਼ੀ ਸੰਵਿਧਾਨਕ ਸਹਿਨਸ਼ਾਹ ਦੀ ਵਿਆਖਿਆ ਤਰੁੱਟੀ ਪੂਰਨ ਸੀ ਫੇਰ ਵੀ ਉਸ ਦੇ ਵਿਚਾਰ ਅੰਗਰੇਜ਼ੀ ਅਤੇ ਅਮਰੀਕਨ ਦਰਸ਼ਨ ਸ਼ਾਸਤਰੀਆਂ ਲਈ ਮਹੱਤਵਪੂਰਣ ਸਨ ਅਤੇ ਉਨ੍ਹਾਂ ਨੇ ਸਾਰੀਆਂ ਘਟਨਾਵਾਂ ਨੂੰ ਪ੍ਰਭਾਵਿਤ ਕੀਤਾ। ਉਸ ਨੇ ਤੱਥਾਂ ਦੇ ਆਧਾਰ ਤੇ ਜਿਵੇਂ ਕਿ ਉਹ ਭੌਤਿਕ ਜਗਤ ਵਿੱਚ ਹਨ, ਬਣਾਉਣਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਚਾਹੁੰਦਾ ਹੈ।

ਇਹ ਸਾਬਤ ਕਰਨ ਕਿ ਕਈ ਅਜਿਹੇ ਕਾਨੂੰਨ ਹਨ ਜਿਹੜੇ ਵੱਖ-ਵੱਖ ਪ੍ਰਕਾਰ ਦੀਆਂ ਸਰਕਾਰਾਂ ਨੂੰ ਵੱਖ-ਵੱਖ ਢੰਗ ਨਾਲ ਚਲਾਉਂਦੇ ਸਨ ਲਈ ਉਸ ਨੇ ਸਲਾਹ ਦਿੱਤੀ ਕਿ ਰੀਪਬਲਿਕਨ ਸਰਕਾਰ ਦਾ ਆਧਾਰ ਉਸ ਦੇ ਗੁਣ ਹਨ। ਬਾਦਸ਼ਾਹੀ ਦਾ ਆਧਾਰ ਉਸ ਦੀ ਮਾਨ ਮਰਯਾਦਾ ਹੈ ਅਤੇ ਤਾਨਾਸ਼ਾਹੀ ਸਰਕਾਰ ਨਿੱਜੀ ਪਸੰਦ ਹੈ। ਨਿੱਜੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਉਸ ਨੇ ਨਿਆਂ ਰਚਨਾਵਾਂ ਵਾਲਟੇਅਰ ਵਾਂਗ ਸਿਆਣੇ ਲੋਕਾਂ ਵਿੱਚ ਪਸੰਦ ਕੀਤੀਆਂ ਗਈਆਂ। ਉਹ ਲੋਕ ਰਾਜੀ ਨਹੀਂ ਸੀ ਨਾ ਹੀ ਉਸ ਨੇ ਵਿਸ਼ੇਸ਼ ਅਧਿਕਾਰਾਂ ਦਾ ਖੰਡਨ ਕੀਤਾ। ਉਸ ਨੇ ਕਿਹਾ ਕਿ ਚਰਚ

ਤਾਨਾਸ਼ਾਹੀ ਹੈ। ''ਵਾਲਟੇਅਰ ਮੱਧ ਸ਼੍ਰੇਣੀ ਦੇ ਹੱਕਾਂ ਲਈ ਲੜਿਆ। ਉਸ ਦੇ ਮਨੋਰਥਾਂ ਵਿੱਚ ਸੰਵਿਧਾਨਕ ਸਰਕਾਰ, ਧਾਰਮਿਕ ਸਹਿਨਸ਼ੀਲਤਾ, ਲੋਕਾਂ ਦੀ ਸਵਤੰਤਰਤਾ ਅਤੇ ਵਿਚਾਰਾਂ ਦੇ ਕਹਿਣ ਦੀ ਆਜ਼ਾਦੀ ਆਦਿ ਸੀ। ਮਾਂਟੈਸਕਿਊ ਘੱਟ ਸਿਆਣਾ ਨਹੀਂ ਸੀ। ਉਸ ਨੇ ਬੇ-ਲਗਾਮ ਸ਼ਾਸਨ ਤੇ ਨਿਯੰਤਰਣ ਰੱਖਣ ਲਈ ਉੱਚ ਵਰਗ ਦੀਆਂ ਰਾਜਨੀਤਿਕ ਸ਼ਕਤੀਆਂ ਕਾਇਮ ਰੱਖਣ ਲਈ ਸੁਝਾਉ ਦਿੱਤਾ।'' ਇਹ ਰਾਏ ਗਰਸਾਏ ਨੇ ਦਿਤੀ ਜਦੋਂ ਵਾਲਟੇਅਰ ਅਜੇ ਮਾਂਟੈਸਕਿਊ ਦਾ ਮੁਕਾਬਲਾ ਕਰ ਰਿਹਾ ਸੀ, ਪਰ ਦੋਵੇਂ ਤਰਕਸ਼ੀਲ ਨਿਆਇ ਸਿੱਧਾਂਤ ਚਾਹੁੰਦੇ ਸਨ। ਮਾਨਵ ਵਿਰੋਧੀ ਜ਼ੁਲਮ ਅਤੇ ਸਜ਼ਾਵਾਂ ਦਾ ਵਿਰੋਧ ਕਰਦੇ ਸਨ ਅਤੇ ਅਦਾਲਤਾਂ ਦੇ ਗੁਪਤ ਕਾਰ ਵਿਹਾਰ ਨੂੰ ਅਨੁਚਿਤ ਠਹਿਰਾਉਂਦੇ ਸਨ। ਦੋਵੇਂ ਸਮਾਜ ਦੀ ਰਾਜਨੀਤਿਕ ਬਣਤਰ ਵਿੱਚ ਨਵੇਂ ਝੁਕਾਵਾਂ ਦਾ ਲਿਆਉਣਾ ਜਾਇਜ਼ ਸਮਝਦੇ ਸਨ। ਉਸ ਦੇ ਸਮਕਾਲੀਆਂ ਵਿੱਚੋਂ ਸੋਏਲ (Sorel) ਨੇ ਕਿਹਾ ਸੀ, ''ਉਸ ਨੂੰ (ਸਾਂਟੈਸਕਿਊ) ਪੜ੍ਹਨ ਦੀ ਥਾਂ ਉਸ ਦੀ ਵਧੇਰੇ ਸ਼ਲਾਘਾ ਕੀਤੀ ਹੈ। ਆਮ ਤੌਰ ਤੇ ਉਸ ਨੂੰ ਪੜ੍ਹਿਆ ਗਿਆ ਹੈ ਸਮਝਿਆ ਨਹੀਂ ਗਿਆ।''

**ਦਿਦਰੋ (Diderot 1713-1784) :** ਦਿਦਰੋ ਨੂੰ ਵੀ 18ਵੀਂ ਸਦੀ ਦੇ ਉੱਘੇ ਫ੍ਰਾਂਸੀਸੀ ਵਿਦਵਾਨਾਂ ਵਿੱਚੋਂ ਗਿਣਿਆ ਜਾਂਦਾ ਹੈ। ਉਹ ਨਿਰੰਕੁਸ਼ ਸ਼ਾਸਨ, ਕੁਲੀਨਾਂ ਤੇ ਪਾਦਰੀਆਂ ਦੇ ਵਿਸ਼ੇਸ਼ ਅਧਿਕਾਰਾਂ, ਅੰਧ ਵਿਸ਼ਵਾਸਾਂ, ਨਾਜਾਇਜ਼ ਕਾਨੂੰਨਾਂ ਅਤੇ ਕੈਥੋਲਿਕ ਚਰਚ ਦੀਆਂ ਬੁਰਾਈਆਂ ਦਾ ਵਿਰੋਧ ਸੀ। ਉਸ ਨੇ ਬਹੁਤ ਸਾਰੇ ਵਿਦਵਾਨਾਂ ਤੋਂ ਰਾਜਨੀਤੀ, ਧਰਮ, ਅਰਥ-ਸ਼ਾਸਤਰ, ਨੈਤਿਕਤਾ ਆਦਿ ਵਿਸ਼ਿਆਂ ਤੇ ਲੇਖ ਲਿਖਵਾ ਕੇ ਵਿਸ਼ਵ ਕੋਸ਼ ਦਾ ਸੰਪਾਦਨ ਕੀਤਾ ਅਤੇ ਇਸ ਵਿੱਚ ਆਪਣੇ ਲੇਖ ਵੀ ਲਿਖੇ। ਇਸ ਵਿੱਚ ਵਿਸ਼ਾਲ ਗ੍ਰੰਥ ਨੇ ਕੇਵਲ ਫ੍ਰਾਂਸ ਦੇ ਲੋਕਾਂ ਉੱਤੇ ਨਹੀਂ ਸਗੋਂ ਸਾਰੇ ਯੂਰਪ ਦੇ ਦੂਜੇ ਦੇਸ਼ਾਂ ਦੇ ਲੋਕਾਂ ਉੱਤੇ ਵੀ ਪ੍ਰਭਾਵ ਪਾਇਆ।

## ਅਰਥ ਸ਼ਾਸਤਰੀ (Physiocrats)

ਇਹ ਉਹ ਲੋਕ ਸਨ ਜਿਨ੍ਹਾਂ ਨੇ 18ਵੀਂ ਸਦੀ ਦੇ ਆਮ ਵਿਚਾਰਾਂ ਨੂੰ ਵਿਸ਼ੇਸ਼ ਆਰਥਿਕ ਸਮੱਸਿਆ ਲਈ ਲਾਗੂ ਕੀਤਾ। ਉਨ੍ਹਾਂ ਦੀ ਕੇਂਦਰੀ ਧਾਰਨਾ, ਜਿਸ ਦੇ ਕਾਰਣ ਉਨ੍ਹਾਂ ਦਾ ਇਹ ਨਾਂ ਪਿਆ, ਹੇਠ ਲਿਖੇ ਸ਼ਬਦਾਂ ਵਿੱਚ ਦਰਸਾਈ ਜਾ ਸਕਦੀ ਹੈ। ਜ਼ਮੀਨ ਹੀ ਧਨ ਦਾ ਵੱਡਾ ਸ੍ਰੋਤ ਸੀ, ਸਮਾਜਿਕ ਪ੍ਰਸ਼ਾਸਨ ਪਰਿਭਾਸ਼ਾ ਅਤੇ ਕਾਨੂੰਨ ਬਣਾਉਣ ਦੇ ਅਮਲੇ ਵਿੱਚ ਕੁਦਰਤੀ ਅਤੇ ਜ਼ਰੂਰੀ ਕਾਨੂੰਨਾਂ ਵਿਨਿਯਮਾਂ ਵਿੱਚ ਬੱਧਾ ਪ੍ਰਤੀਤ ਹੋਵੇ। ਅਰਥ ਸ਼ਾਸਤਰੀਆਂ ਵਿੱਚ ਹੇਠ ਲਿਖੇ ਮੁੱਢਲੇ ਸਿੱਧਾਂਤਾਂ ਤੇ ਆਮ ਸਹਿਮਤੀ ਸੀ :

(1) ਮਨੁੱਖ ਅਤੇ ਕੌਮ ਦਾ ਪਰਸਪਰ ਅੰਤਰ ਸੰਬੰਧਿਤ ਹੋਣਾ ਪੈਦਾਵਾਰ ਦੇ ਲੈਣ ਦੇਣ ਉੱਤੇ ਨਿਰਭਰ ਕਰਦਾ ਹੈ।

(2) ਮਾਨਵ ਦੇ ਪ੍ਰਾਕ੍ਰਿਤਕ ਜਾਇਦਾਦ ਸੰਬੰਧੀ ਅਧਿਕਾਰਾਂ ਨੂੰ ਕਾਇਮ ਰੱਖਣ ਸੰਬੰਧੀ ਸਰਕਾਰੀ ਵਿਨਿਯਮ ਅਤੇ ਜਾਗੀਰਦਾਰੀ ਪਾਬੰਦੀਆਂ ਨੂੰ ਦੂਰ ਕਰਨਾ ਜ਼ਰੂਰੀ ਹੈ ਤਾਂ ਹੀ ਜਾਇਦਾਦ ਤੋਂ ਪੂਰਾ-ਪੂਰਾ ਲਾਭ ਉਠਾਇਆ ਜਾ ਸਕਦਾ ਹੈ।

(3) ਸੁਤੰਤਰਤਾ ਉਤਪਾਦਨ ਅਤੇ ਵੰਡ ਪ੍ਰਣਾਲੀ ਲਈ ਕੇਵਲ ਸਪਲਾਈ ਅਤੇ ਮੰਗ ਦੀਆਂ ਪਾਬੰਦੀਆਂ।

ਅਰਥ-ਸ਼ਾਸਤਰੀਆਂ ਵਿੱਚੋਂ ਜਿਨ੍ਹਾਂ ਨੇ ਯੋਗਦਾਨ ਪਾਇਆ ਉਨ੍ਹਾਂ ਵਿੱਚ ਫਰਾਂਨਕੋਸ ਕਏਸਨੇ (Francois Quesnay 1694-1764) ਅਤੇ ਮਾਰਕਸ ਦੀ ਗੌਰਨੇ (Marquis de

Gournay 1712-1759) ਵਿਸ਼ੇਸ਼ ਵਰਨਣਯੋਗ ਹਨ। ਦੋਵੇਂ ਕਸਟਮ ਡਿਊਟੀ, ਪ੍ਰੋਟੈਕਟਿਵ ਡਿਊਟੀ ਅਤੇ ਗਿਲਡ (ਸਿੱਕਾ) ਵਿਨਿਯਮਾਂ ਦੇ ਵਿਰੁੱਧ ਸਨ। ਇਨ੍ਹਾਂ ਦੇ ਸ਼ਿਸ਼ਾਂ ਵਿੱਚੋਂ ਡੁਪੋਂਡ ਡੀ ਨੀਮੋਰਸ (Dupont de Nemours), ਟਰੂਡੇਨ (Trudaine) ਅਤੇ ਤੁਰਗੋ (Turgot) ਨੇ ਆਪਣੀਆਂ ਸਿੱਖਿਆਵਾਂ ਦੁਆਰਾ ਕਈ ਜਰਾਇਤੀ ਸੁਧਾਰ ਲਿਆਂਦੇ ਅਤੇ ਕੱਪੜਾ ਉਦਯੋਗ ਵਿੱਚ ਵੀ ਅਹਿਮ ਯੋਗਦਾਨ ਪਾਇਆ। ਸਕਾਟਲੈਂਡ ਵਿੱਚ ਐਡਮ ਸਮਿੱਥ ਨੇ 'ਕੌਮਾਂ ਦਾ ਸਰਮਾਇਆ' (Wealth of Nations) ਨਾਂ ਦੀ ਪੁਸਤਕ ਲਿਖੀ। ਇਹ ਆਰਥਿਕ ਸੁਤੰਤਰਤਾ ਦੇ ਸਿੱਧਾਂਤ ਵਿੱਚੋਂ ਇਕ ਪ੍ਰਮੁੱਖ ਸਿੱਧਾਂਤ ਹੈ। ਹੋਰ ਲੋਕਾਂ ਵਿੱਚੋਂ ਹਾਲੈਂਡ ਵਿੱਚ ਹੁਯੋਗ ਗਰੋਟਿਯਸ (Hugo Grotius) ਅਤੇ ਕੰਡੋਰਸੈਟ (Condorcet) ਨੇ ਮਿਲਟਰੀਵਾਦ ਅਤੇ ਅੰਤਰਰਾਸ਼ਟਰੀ ਸਹਿਕਾਰਤਾ ਦਾ ਸਮਰਥਨ ਕੀਤਾ। ਅਰਥ ਸ਼ਾਸਤਰੀ ਸਰਕਾਰੀ ਮੁਦਾਖਲਤ ਦੇ ਵਿਰੁੱਧ ਸਨ। ਉਹ ਪ੍ਰਬੰਧ ਸ਼ਾਸਕ ਦੇ ਹੱਕ ਵਿੱਚ ਸਨ ਜਿਹੜਾ ਸਮਾਜ ਨੂੰ ਕੁਦਰਤੀ ਅਤੇ ਜ਼ਰੂਰੀ ਕਾਨੂੰਨਾਂ ਅਨੁਸਾਰ ਸੰਗਠਿਤ ਕਰੇ।

18ਵੀਂ ਸਦੀ ਦੇ ਮੱਧ ਵਿੱਚ ਲੇਖਕਾਂ ਦੀ ਇਕ ਪੀੜ੍ਹੀ, ਗਭਰੂ ਸਿੱਧੇ ਰਾਹ ਜਾਣ ਵਾਲੇ ਅਤੇ ਨਵੀਂ ਰੌਸ਼ਨੀ ਵਾਲੇ ਲੋਕਾਂ ਨੇ ਪੁਰਾਣੀਆਂ ਪਰੰਪਰਾਵਾਂ ਵਾਲੇ ਰਾਜ ਵਿਰੁੱਧ ਸੰਘਰਸ਼ ਛੇੜ ਦਿੱਤਾ। ਇਨ੍ਹਾਂ ਲੋਕਾਂ ਨੂੰ ਵਾਸਤਵ ਵਿੱਚ ਚੰਡੋਰਚੀ ਆਖਿਆ ਜਾ ਸਕਦਾ ਹੈ। ਡਿਡਰੋ ਡੀ ਐਲੇਮਰਟ, ਡੀ ਹੋਲਬੇਚੋ ਅਤ ਹੈਲਵੇਰਟਾਅਸ ਦੀ ਅਗਵਾਈ ਹੇਠ ਉਹ 33 ਭਾਗਾਂ ਵਿੱਚ ਕੋਕੌਸਲ (Cocossal) ਵਿਸ਼ਵਕੋਸ਼ ਤਿਆਰ ਕਰਨ ਵਿੱਚ ਕਾਮਯਾਬ ਹੋ ਗਏ। ਬਹੁਤ ਸਾਰੇ ਮਹੱਤਵਪੂਰਣ ਲੇਖਕਾਂ, ਨਾਵਲਕਾਰਾਂ, ਨਾਟਕਕਾਰਾਂ, ਕਵੀਆਂ, ਸਾਇੰਸਦਾਨਾਂ, ਧਰਮ ਸ਼ਾਸਤਰੀਆਂ, ਦਰਸ਼ਨ ਸਿੱਖਿਆ ਅਤੇ ਵਿਗਿਆਨੀਆਂ ਨੂੰ ਮਾਨਤਾਵਾਂ ਦੇ ਇਸ ਸਾਂਭਣਯੋਗ ਉਪਹਾਰ ਨੂੰ ਮੁਕੰਮਲ ਕਰਨ ਲਈ ਆਪਣੇ ਅਹਿਮ ਲੇਖ ਦਿੱਤੇ। ਇਸ ਵਿੱਚ ਸਾਰਾ ਗਿਆਨ ਜਿਹੜਾ ਉਸ ਵੇਲੇ ਅਰਜਿਤ ਕੀਤਾ ਜਾ ਚੁੱਕਿਆ ਸੀ ਇਕੱਠਾ ਕੀਤਾ ਗਿਆ। ਇਸ ਸਦੀ ਨੂੰ ਨਵੀਂ ਰੌਸ਼ਨੀ ਦੀ ਸਦੀ ਆਖਿਆ ਜਾਂਦਾ ਹੈ। ਅਜੋਕੇ ਮਨੁੱਖ ਲਈ ਇਹ ਵਿਸ਼ਵਕੋਸ਼ ਪੁਰਾਣਾ ਹੋ ਗਿਆ ਅਤੇ ਕਈ ਨਤੀਜਿਆਂ ਦੇ ਮਾਮਲੇ ਵਿੱਚ ਗਲਤ ਪ੍ਰਤੀਤ ਹੋ ਸਕਦਾ ਹੈ ਪਰ ਇਹ ਆਖਿਆ ਜਾ ਸਕਦਾ ਹੈ ਕਿ ਕੁੱਝ ਸਿਆਣੇ ਮਨੁੱਖਾਂ ਨੇ ਇਸ ਦੁਆਰਾ ਸਮਾਜ ਦੇ ਬੁਨਿਆਦੀ ਪਰਿਵਰਤਨ ਲਈ ਰਾਇ ਤਿਆਰ ਕੀਤੀ ਸੀ। ਇਹ ਇਕ ਅਜਿਹਾ ਕੰਮ ਸੀ ਜਿਹੜਾ ਉਸ ਸਮੇਂ ਢਾਹੂ ਅਤੇ ਉਸਾਰੂ ਦੋਨੋਂ ਹੀ ਜਾਪਦਾ ਸੀ।

## ਜੀਨ ਜੈਕਸ ਰੂਸੋ (Rousseau) (1712-1778)

ਰੂਸੋ ਫਰਾਸ ਦਾ ਇਕ ਪ੍ਰਭਾਵਸ਼ਾਲੀ ਅਤੇ ਕ੍ਰਿਆਸ਼ੀਲ ਅਤੇ ਕ੍ਰਾਂਤੀਕਾਰੀ ਸੀ। ਸਰਵਿੰਗ ਬੈਬਿਟ (Sarving Babbit) ਨੇ ਠੀਕ ਹੀ ਆਖਿਆ ਹੈ, ''ਜੋ ਰੂਸੋ ਦੀ ਮਾਨਸਿਕਤਾ ਦਾ ਭਲੀ ਪ੍ਰਕਾਰ ਅਧਿਐਨ ਕਰਦਾ ਹੈ ਤਾਂ ਫ੍ਰਾਂਸੀਸੀ ਕ੍ਰਾਂਤੀ ਵੱਲ ਆਉਣਾ ਪਵੇਗਾ।'' ਇਸੇ ਤਰ੍ਹਾਂ ਸੋਰੇਲ ਕਹਿੰਦਾ ਹੈ, ''ਜਿੱਥੋਂ ਤੱਕ ਕ੍ਰਾਂਤੀ ਦਾ ਪ੍ਰਸ਼ਨ ਹੈ ਉਹ ਫ੍ਰਾਂਸ ਦਾ ਅਵਤਾਰ ਸੀ।''

ਉਹ ਜਨੇਵਾ ਦੇ ਇਕ ਘੜੀਸਾਜ਼ ਦੇ ਘਰ ਪੈਦਾ ਹੋਇਆ। ਉਹ ਨਾਕਾਰਾ ਜਜ਼ਬਾਤੀ ਅਤੇ ਟਿਕਾਊ ਭਰਪੂਰ ਨਹੀਂ ਸੀ। ਬਚਪਨ ਤੋਂ ਹੀ ਉਹ ਇਕੱਲਤਾ ਵਿੱਚ ਵਿਚਰਦਾ ਰਿਹਾ। ਉਹ ਜ਼ਬਤ ਤੋਂ ਸਖਣਾ, ਅਣਸ਼ਿਕਸਤ ਅਤੇ ਦੁਨੀਆਵੀ ਵਰਤੋਂ ਵਿਹਾਰ ਵਿੱਚ ਅਣਜਾਣ ਸੀ ਪਰ ਉਹ ਇਮਾਨਦਾਰ ਸੀ। ਉਹ ਰੋਟੀ ਰੋਜ਼ੀ ਲਈ ਥਾਂ-ਥਾਂ ਫਿਰਦਾ ਰਿਹਾ ਅਤੇ ਚੀਜ਼ ਦਾ ਚਾਲੂ ਗਿਆਨ ਪ੍ਰਾਪਤ ਕਰਦਾ ਰਿਹਾ। ਅੰਤ ਵਿੱਚ ਉਹ 1741

ਵਿੱਚ ਪੈਰਿਸ ਪਹੁੰਚ ਗਿਆ ਜਿੱਥੇ ਉਸ ਨੇ ਭਟਕਣ ਛੱਡ ਦਿੱਤੀ ਅਤੇ ਆਪਣੇ ਆਪ ਵਿੱਚ ਗੁਆਚ ਗਿਆ। ਉੱਥੇ ਦਿਦਰੋ ਦੇ ਕਹਿਣ ਉੱਤੇ ਉਸ ਨੇ 1751 ਵਿੱਚ ''ਵਿਗਿਆਨ ਅਤੇ ਕਲਾ ਸੰਬੰਧੀ ਵਿਚਾਰ'' ਨਾਂ ਦਾ ਲੇਖ ਲਿਖਿਆ, ਜਿਸ ਵਿੱਚ ਉਸ ਨੇ ਯੁੱਗ ਵਿਸ਼ੇਸ਼ ਦੀਆਂ ਕੀਮਤਾਂ ਦੇ ਵਿਰੁੱਧ ਦਲੀਲਾਂ ਦਿੱਤੀਆਂ। ਉਸ ਨੇ ਇਹ ਵਿਚਾਰ ਨੂੰ ਰੱਦ ਕੀਤਾ ਕਿ ਗਿਆਨ ਮਾਨਵ ਸਮੱਸਿਆਵਾਂ ਦਾ ਉੱਤਰ ਹੈ। ਹੁਣ ਉਸ ਨੇ ਆਪਣੀਆਂ ਦਬੀਆਂ ਹੋਈਆਂ ਭਾਵਨਾਵਾਂ ਦਾ ਪ੍ਰਕਾਸ਼ਨ ਆਰੰਭ ਕਰ ਦਿੱਤਾ ਅਤੇ ਗਤੀਸ਼ੀਲਤਾ ਨਾਲ ਪੁਸਤਕਾਂ ਲਿਖਣਾ ਆਰੰਭ ਕਰ ਦਿੱਤਾ - ਨਾਬਰਾਬਰੀ ਦਾ ਆਰੰਭ The Origin of Inequality (1775), The nem Heloise (1771), ਅਮਾਇਲ (Emile) 1762, ਸਮਾਜਿਕ ਸਮਝੌਤਾ (Social Contract) (1763)। ਉਸ ਨੇ ਉਹ ਵਿਚਾਰ ਵਿਅਕਤ ਕੀਤੇ ਜਿਹੜੇ ਉਸ ਦੀ ਟੁੱਟੀ ਹੋਈ ਅਪ੍ਰਸੰਨ ਮਾਨਸਿਕਤਾ ਦੀ ਅਭਿਵਿਅਕਤੀ ਕਰਦੇ ਹਨ। ਉਹ ਅਜਿਹਾ ਸਮਾਜ ਸਿਰਜਣਾ ਚਾਹੁੰਦਾ ਸੀ ਜਿਹੜਾ ਸਭਿਯ ਯੂਰਪ ਨਾਲੋਂ ਸਾਦਾ ਅਤੇ ਬਰਾਬਰੀ ਵਾਲਾ ਹੋਵੇ। ਉਸ ਨੇ ਤਰਕ ਦੀ ਥਾਂ ਧਾਰਮਿਕ ਕ੍ਰਾਂਤੀਆਂ ਦੀਆਂ ਗੱਲਾਂ ਛੋਹੀਆਂ। ਇਸ ਲਈ ਉਸ ਨੇ ਲੋਕਾਂ ਦੇ ਦਿਮਾਗਾਂ ਨੂੰ ਛੋਹਣ ਦੀ ਥਾਂ ਉਨ੍ਹਾਂ ਦੇ ਦਿਲਾਂ ਨੂੰ ਟਟੋਲਿਆ। ਉਸ ਨੇ ਸਿਆਣਪ ਦੀ ਥਾਂ ਉਨ੍ਹਾਂ ਦੀਆਂ ਬੁਨਿਆਦੀ ਬਿਰਤੀਆਂ ਨੂੰ ਅਣਮੋਲ ਆਖਿਆ। ਉਹ ਸਾਧਾਰਣਤਾ, ਭੋਲਾਪਣ ਅਤੇ ਗਰੀਬੀ ਦਾ ਲੇਖਕ ਸੀ। ਉਸ ਨੇ ਆਖਿਆ ਸਾਡੀ ਸਿਆਣਪ ਗੁਲਾਮੀ ਭਰਪੂਰ, ਸਾਡੇ ਰਸਮੋ-ਰਿਵਾਜ, ਖਿੱਚੋਤਾਨ ਅਤੇ ਮਜ਼ਬੂਰੀਆਂ ਦੀ ਤਸਵੀਰ ਪੇਸ਼ ਕਰਦੇ ਹਨ। ਉਸ ਨੇ ਇਕ ਅਵਾਰੀ ਕਿਹਾ ਸੀ, ''ਅਜਿਹਾ ਸਮਾਜ ਲੋੜੀਂਦਾ ਹੈ ਜਿਸ ਵਿੱਚ ਮਨੁੱਖ ਖੁਸ਼ੀ-ਖੁਸ਼ੀ ਰਹਿ ਸਕੇ, ਆਪਣੀਆਂ ਰੂਹਾਨੀ ਕਦਰਾਂ-ਕੀਮਤਾਂ ਦਾ ਅਨੁਸਰਣ ਕਰ ਸਕੇ ਅਤੇ ਜਿਸ ਤੀਕ ਪ੍ਰਵਿਰਤੀ ਨਾਲ ਇਕਸੁਰਤਾ ਪੈਦਾ ਕਰ ਸਕੇ।

ਉਸ ਨੇ ਆਪਣੀ ਪ੍ਰਸਿੱਧ ਸਮਾਜਿਕ ਸਮਝੌਤਾ (The Social Contract) ਵਿੱਚ ਦਲੀਲ ਦਿੰਦਿਆਂ ਆਖਿਆ, ''ਸਭ ਮਨੁੱਖਾਂ ਦੇ ਕੁੱਝ ਕੁਦਰਤੀ ਹੱਕ ਅਤੇ ਸੁਤੰਤਰਤਾ ਹੈ, ਜਿਹੜੇ ਕਿ ਜ਼ਿੰਦਗੀ, ਅਜ਼ਾਦੀ ਅਤੇ ਜਾਇਦਾਦ ਹਨ। ਜਿਹੜੀ ਸਰਕਾਰ ਇਨ੍ਹਾਂ ਹੱਕਾਂ ਦੀ ਰਾਖੀ ਨਹੀਂ ਕਰ ਸਕਦੀ ਉਸ ਨੂੰ ਬਦਲ ਦੇਣਾ ਚਾਹੀਦਾ ਹੈ। ਉਸ ਨੇ ਮਨੁੱਖ ਅਤੇ ਸਰਕਾਰ ਦੇ ਸੰਬੰਧਾਂ ਨੂੰ ਸਪੱਸ਼ਟ ਕਰਦਿਆਂ ਕਿਹਾ, ''ਆਮ ਸ਼ਕਤੀ ਨੂੰ ਆਦਰ ਦਿੱਤਾ ਅਤੇ ਆਖਿਆ ਕਿ ਭਾਵਨਾ ਸੁਤੰਤਰ ਹੈ, ਸਰਕਾਰ ਤਾਂ ਇਸ ਦੀ ਇਕ ਏਜੰਸੀ ਹੈ। ਰੂਸ ਨੇ ਇਕ ਕ੍ਰਾਂਤੀਕਾਰੀ ਸੋਚ ਦਾ ਆਵਿਸ਼ਕਾਰ ਕੀਤਾ ਜਦੋਂ ਆਖਿਆ ਕਿ ਲੋਕ ਅਤੇ ਉਨ੍ਹਾਂ ਦੀ ਰਾਇ ਸੁਤੰਤਰ ਹੈ ਅਤੇ ਉਨ੍ਹਾਂ ਦੀ ਰਾਇ ਨਾਲ ਸਰਕਾਰ ਚਲਦੀ ਹੈ। ਉਸ ਦੀ ਵਿਚਾਰਧਾਰਾ ਦੀ ਨਵੀਨਤਾ ਉਸ ਯੁੱਗ ਵਿਸ਼ੇਸ਼ ਦੇ ਪ੍ਰਸੰਗ ਵਿੱਚ ਵੇਖਣੀ ਚਾਹੀਦੀ ਹੈ ਜਦੋਂ ਕਿ ਸ਼ਹਿਨਸ਼ਾਹੀ ਹੀ ਸਭ ਕੁੱਝ ਸੀ ਅਤੇ ਬਾਦਸ਼ਾਹ ਦੀ ਮਨਮਰਜ਼ੀ ਹੀ ਕਾਨੂੰਨ ਸੀ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਰਾਜਨੀਤਿਕ ਸਮਾਨਤਾ ਅਤੇ ਭਾਈਬੰਦੀ ਹੀ ਰਾਜਨੀਤਿਕ ਦਰਸ਼ਕ ਸੀ। ਕਾਨੂੰਨ ਸਰਕਾਰ ਲੋਕਾਂ ਦੀ ਚੁਣੀ ਹੋਈ ਸਰਕਾਰ ਹੀ ਹੈ।

ਉਸ ਨੇ ਕਵੀਆਂ ਨੂੰ ਪ੍ਰਭਾਵਿਤ ਕੀਤਾ ਦਰਸ਼ਨ ਸ਼ਾਸਤਰ ਸਿਖਾਇਆ। ਉਸ ਦੇ ਵਿਚਾਰਾਂ ਨੂੰ ਕਾਂਤ (Kant) ਨੇ ਪ੍ਰਸਾਰਿਤ ਕੀਤਾ। ਉਸ ਦੀਆਂ ਕ੍ਰਿਤੀਆਂ ਇੰਨੀਆਂ ਹਰਮਨ ਪਿਆਰੀਆਂ ਸਨ ਕਿ ਇਹ ਕਿਹਾ ਜਾਂਦਾ ਸੀ ਕਿ ਉਸ ਦੀ ਮ੍ਰਿਤੂ ਸਮੇਂ ਜੇ ਕੋਈ ਵੀ ਪੜ੍ਹ ਸਕਦਾ ਸੀ ਤਾਂ ਉਸ ਦੀਆਂ ਕ੍ਰਿਤੀਆਂ ਹੀ ਪੜ੍ਹ ਰਿਹਾ ਸੀ।

ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਬੁੱਧੀਜੀਵੀਆਂ ਅਤੇ ਦਰਸ਼ਨ ਸ਼ਾਸਤਰੀਆਂ ਨੂੰ ਪੂਰਨ ਸਫਲਤਾ ਪ੍ਰਾਪਤ ਹੋਈ। ਆਪਣੇ ਵਿਚਾਰਾਂ ਦੀ ਵਿਲੱਖਣਤਾ ਕਰਕੇ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਹੋ ਜਿਹੇ ਉਹ ਵਿਚਿਤਰ ਸਨ ਉਹੋ ਜਿਹੀ ਹੀ ਉਨ੍ਹਾਂ ਨੂੰ ਸਥਾਪਤ ਚਰਚ ਅਤੇ ਰਾਜ ਦੀ ਮੋਖਾਲਿਫਤ ਦਾ ਸਾਮ੍ਹਣਾ ਕਰਨਾ ਪਿਆ। ਸਰਕਾਰ ਦੀ ਦਮਨ ਨੀਤੀ ਸੈਂਸਰਸ਼ਿਪ ਦਾ ਲਗਾਉਣਾ, ਪ੍ਰਕਾਸ਼ਕਾਂ ਦੀ ਗ੍ਰਿਫਤਾਰੀ, ਲੇਖਕਾਂ ਨੂੰ ਨਕਾਰਾ ਕਰਨਾ ਅਤੇ ਦੇਸ਼ ਨਿਕਾਲਾ ਕਰਨਾ ਕੁੱਝ ਅਜਿਹੀਆਂ ਔਕੜਾਂ ਸਨ ਜਿਨ੍ਹਾਂ ਦਾ ਸਾਮ੍ਹਣਾ ਕਰਨਾ ਪੈਂਦਾ ਸੀ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਫ੍ਰਾਂਸ ਤੋਂ ਬਾਹਰ ਪ੍ਰਕਾਸ਼ਿਤ ਕਰਕੇ ਅਤੇ ਫਿਰ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਪਹੁੰਚਾ ਕੇ ਇਸ ਤੇ ਕਾਬੂ ਪਾਇਆ। ਉਦਾਹਰਣ ਲਈ ਵਾਲਟੇਅਰ ਦੀ ਕਿਤਾਬ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਫ੍ਰਾਂਸ ਤੋਂ ਬਾਹਰੋਂ ਦੇਸ਼ ਵਿੱਚ ਭੇਜੇ ਗਏ। ਦੂਜੀ ਔਕੜ ਇਹ ਸੀ ਕਿ ਬਹੁਤ ਘੱਟ ਲੋਕ ਅਜਿਹੇ ਸਨ ਜੋ ਪੜ੍ਹ ਲਿਖ ਸਕਦੇ ਸਨ। ਆਮ ਕਰਕੇ ਇਹ ਮੱਧ ਸ਼੍ਰੇਣੀ ਲੋਕਾਂ ਤੋਂ ਇਲਾਵਾ ਹੋਰ ਕੋਈ ਨਹੀਂ ਸਨ। ਜਨਤਕ ਪੁਸਤਕਾਲੇ ਵੀ ਬਹੁਤ ਘੱਟ ਸਨ।

ਇਸ ਤੋਂ ਇਲਾਵਾ ਸੈਂਕੜੇ ਕਲੱਬਾਂ ਸਨ, ਬਹੁਤ ਸਾਰੇ ਸੈਲੋਨ ਸਨ ਜਿੱਥੇ ਫ੍ਰਾਂਸ ਦੇ ਬੁੱਧੀਜੀਵੀ ਜਾਂਦੇ ਸਨ। ਉਨ੍ਹਾਂ ਦੀਆਂ ਬਹਿਸਾਂ ਲੰਬੀਆਂ ਚੌੜੀਆਂ ਹੁੰਦੀਆਂ ਸਨ ਅਤੇ ਉਨ੍ਹਾਂ ਵਿੱਚ ਵਿਰੋਧਤਾ ਨਹੀਂ ਹੁੰਦੀ ਸੀ। ਉਨ੍ਹਾਂ ਵਿੱਚ ਆਉਣ ਵਾਲੇ ਗੱਭਰੂ ਸਰਕਾਰ ਅਤੇ ਚਰਚ ਵਾਲੇ ਬੰਦੇ ਸਨ। ਨਵੀਨ ਵਿਚਾਰਾਂ ਦਾ ਸੰਚਾਰ ਕੈਫਿਆਂ ਅਤੇ ਗਲੀ ਨੁਕਰ-ਇਕੱਤਰਤਾਵਾਂ ਦੁਆਰਾ ਹੁੰਦਾ ਸੀ। ਕੁੱਝ ਅਖਬਾਰਾਂ ਵੀ ਸਨ ਜਿਹੜੇ ਲੋਕਾਂ ਦੀ ਪੜ੍ਹਨ ਦੀ ਆਦਤ ਦਾ ਵਿਕਾਸ ਦਰਸਾਉਂਦੇ ਸਨ। ਦੇਸ਼ ਵਿੱਚ 700 ਮੈਸੋਨਿਕ ਘਰ ਸਨ ਜਿੱਥੇ ਲੋਕ ਨਵੀਨਤਮ ਪੁਸਤਕਾਂ ਦਾ ਅਧਿਐਨ ਕਰ ਸਕਦੇ ਸਨ।

## ਵਿਚਾਰਾਂ ਦੀ ਭੂਮਿਕਾ

ਫ੍ਰਾਂਸੀਸੀ ਕ੍ਰਾਂਤੀ ਲਿਆਉਣ ਵਿੱਚ ਵਿਚਾਰਾਂ ਦੀ ਭੂਮਿਕਾ ਦਾ ਅਨੁਮਾਨ ਲਗਾਉਣ ਲਈ ਇਤਿਹਾਸਕਾਰ ਆਮ ਤੌਰ ਤੇ ਵਿਸ਼ਵਾਸ ਰੱਖਦੇ ਸਨ ਕਿ ਇਸ ਦੇ ਕਾਰਣ ਆਰਥਿਕ ਅਸਥਿਰਤਾ ਅਤੇ ਵਿੱਤੀ ਪ੍ਰਬੰਧ ਵਿੱਚ ਕਰਾਂ ਦੇ ਗੈਰ-ਅਧਿਕਾਰਤ ਸਿਸਟਮ ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਦੀ ਗਿਰਾਵਟ ਅਤੇ ਰਾਜ ਕਰਦੀ ਸ਼੍ਰੇਣੀ ਦਾ ਇਸ ਵਿੱਚ ਸੁਧਾਰ ਕਰਨ ਦੀ ਅਸਮਰਥਾ ਵਿੱਚ ਹਨ। ਉਨ੍ਹਾਂ ਦੇ ਵਿਚਾਰਾਂ ਵਿੱਚ ਕਿ ਵਿਚਾਰਵਾਨਾਂ ਨੇ ਨਾ ਤਾਂ ਲੋਕਤੰਤਰ ਅਤੇ ਨਾ ਹੀ ਕ੍ਰਾਂਤੀ ਸਿੱਖਿਆ ਦਿੱਤੀ। ਹੇਜ਼ਨ ਦੇ ਮੁਤਾਬਿਕ ਇਹ ਕਹਿਣਾ ਕਿ ਦਾਰਸ਼ਨਿਕਾਂ ਨੇ ਕ੍ਰਾਂਤੀ ਲਿਆਂਦੀ ਘੋੜੇ ਅੱਗੇ ਗੱਡੀ ਬੰਨ੍ਹਣ ਵਾਲੀ ਗੱਲ ਹੈ। ਫ੍ਰਾਂਸੀਸੀ ਕ੍ਰਾਂਤੀ ਦੇ ਪ੍ਰਸੰਗ ਵਿੱਚ ਸੋਚ ਅਤੇ ਵਿਚਾਰਾਂ ਨੂੰ ਅਲਗ ਨਹੀਂ ਕੀਤਾ ਜਾ ਸਕਦਾ।

ਸਮੱਸਿਆ ਸੰਬੰਧੀ ਦੀਰਘ ਵਿਚਾਰ ਕਰਨ ਤੋਂ ਪਹਿਲਾਂ, ਅੱਜ ਅਸੀਂ ਫ੍ਰਾਂਸੀਸੀ ਕ੍ਰਾਂਤੀ ਦੇ ਵਿਚਾਰਾਂ ਸੰਬੰਧੀ ਵਿਚਾਰ ਕਰੀਏ। ਇਹ ਆਮ ਦਲੀਲ ਹੈ ਕਿ ਨੀਤੀਵੇਤਾਵਾਂ ਨੇ ਧਰਮ ਅਤੇ ਸਰਕਾਰ ਦੇ ਮਾਮਲੇ ਪਰੰਪਰਾਗਤ ਝੁਕਾਵਾਂ ਨੂੰ ਤੋੜਨ ਵਿੱਚ ਭੂਮਿਕਾ ਨਿਭਾਈ। ਉਨ੍ਹਾਂ ਸਰਕਾਰ ਦੀਆਂ ਬੁਰਾਈਆਂ ਲੋਕਾਂ ਦੇ ਸਾਮ੍ਹਣੇ ਲਿਆਂਦੀਆਂ ਅਤੇ ਬੁਨਿਆਦੀ ਤਬਦੀਲੀ ਲਈ ਰਾਸ਼ਟਰ ਨੂੰ ਤਿਆਰ ਕੀਤਾ। ਜੇ ਰਾਜ ਕਰਦੀ ਸ਼੍ਰੇਣੀ ਇਸ ਬੰਨੇ ਧਿਆਨ ਦਿੰਦੀ ਅਤੇ ਕੁੱਝ ਬਾਨਣੂੰ ਬੰਨ੍ਹਦੀ ਤਾਂ ਸ਼ਾਇਦ ਕੋਈ ਕ੍ਰਾਂਤੀ ਨਾ ਵਾਪਰਦੀ, ਜਿਹੜੀ ਫ੍ਰਾਂਸ ਵਿੱਚ ਆਈ, ਕਿਉਂਕਿ ਨੀਤੀਵੇਤਾਵਾਂ ਨੇ ਸੁਧਾਰ ਅਤੇ ਕ੍ਰਾਂਤੀ ਦੀ ਸੰਸਥਾ ਦਿੱਤੀ। ਵਿਸ਼ੇਸ਼ ਤੌਰ ਤੇ ਹਿੰਸਕ, ਕਈ ਇਤਿਹਾਸਕਾਰਾਂ ਦਾ ਵਿਚਾਰ

ਹੈ ਕਿ ਉਨ੍ਹਾਂ ਨੂੰ ਕ੍ਰਾਂਤੀ ਦੇ ਆਗੂ ਨਹੀਂ ਸਵੀਕਾਰ ਕਰਨਾ ਚਾਹੀਦਾ। ਸੱਚ ਤਾਂ ਇਹ ਹੈ ਕਿ ਜਿਨ੍ਹਾਂ ਨੇ ਇਸ ਕ੍ਰਾਂਤੀ ਦੀ ਅਗਵਾਈ ਕੀਤੀ ਉਹ ਇਨ੍ਹਾਂ ਵਿਚਾਰਾਂ ਤੋਂ ਉਨੇ ਹੀ ਪ੍ਰਭਾਵਿਤ ਸਨ ਜਿੰਨੇ ਹਾਲਾਤ ਤੋਂ ਪ੍ਰੇਰਿਤ। ਜੇ ਅਸੀਂ ਕ੍ਰਾਂਤੀ ਦੇ ਵਿਚਾਰਾਂ ਦੀ ਡੂੰਘਾਈ ਵਿੱਚ ਜਾਈਏ ਤਾਂ ਕ੍ਰਾਂਤੀ ਇਕ ਝਟਕੇ ਵਾਂਗ ਇਕ ਸੰਗਠਿਤ ਲਹਿਰ ਸੀ ਜਿਸ ਦਾ ਮਨੋਰਥ ਇਕ ਨਿਸ਼ਚਿਤ ਤਬਦੀਲੀ ਲਿਆਉਣਾ ਸੀ।

ਵਿਕਲਪਤ ਸਿਸਟਮ ਜਿਹੜਾ ਰਾਜ ਸ਼੍ਰੇਣੀ ਲਾਗੂ ਕਰਨਾ ਚਾਹੁੰਦਾ ਸੀ, ਅਮਨ-ਅਮਾਨ ਨਾਲ ਸੁਧਾਰਕ ਨਾਲ ਲਾਗੂ ਕੀਤਾ ਜਾ ਸਕਦਾ ਸੀ। ਜੇ ਸਰਕਾਰ ਨੂੰ ਇਸ ਦੀ ਚਿੰਤਾ ਹੁੰਦੀ ਤਾਂ ਪੁਰਾਣੇ ਰਾਜ ਨੂੰ ਸਮਾਪਤ ਕਰਕੇ ਸਥਾਪਤ ਕੀਤਾ ਜਾ ਸਕਦਾ ਸੀ। ਕ੍ਰਾਂਤੀ ਲਈ ਜੁਟਾਏ ਵਿਚਾਰ ਅਤੇ ਉਸ ਦੇ ਪਰਸਪਰ ਸੰਬੰਧ ਉਸੇ ਤਰ੍ਹਾਂ ਹਨ ਜਿਵੇਂ ਬੀਜ ਅਤੇ ਧਰਤੀ ਦੇ ਸੰਬੰਧ ਅਤੇ ਭੌਤਿਕ ਢਾਂਚੇ ਅਤੇ ਸ਼ਕਤੀ ਦਾ ਸੰਬੰਧ ਪਰ ਦੋਹਾਂ ਸ਼ਰਤਾਂ ਵਿੱਚ ਕ੍ਰਾਂਤੀ ਦੀ ਆਮਦ ਲਈ ਰਾਹ ਪੱਧਰਾ ਸੀ। ਵਿਚਾਰ ਕ੍ਰਾਂਤੀ ਲਈ ਮਸਲਾ ਮੁਹੱਈਆ ਕਰਦੇ ਹਨ ਅਤੇ ਉਨ੍ਹਾਂ ਦਾ ਪਰਸਪਰ ਸੰਬੰਧ ਬੀਜ ਅਤੇ ਭੌ ਵਰਗਾ ਹੈ ਅਤੇ ਪੰਜ ਭੂਤਕ ਸਰੀਰ ਅਤੇ ਜ਼ਿੰਦਗੀ ਵਰਗਾ ਹੈ। ਵਿਚਾਰਾਂ ਤੋਂ ਬਗੈਰ, ਹਿੰਸਕ ਹਿਲਜੁਲ ਇਕ ਵੱਡੀ ਬਿਪਤਾ ਤਾਂ ਹੋ ਸਕਦੀ ਹੈ ਕ੍ਰਾਂਤੀ ਨਹੀਂ, ਵਿਸ਼ੇਸ਼ ਤੌਰ ਤੇ ਰਾਜਨੀਤਿਕ ਸਮਾਜਿਕ ਕ੍ਰਾਂਤੀ। ਨੀਤੀਵੇਤਾਵਾਂ ਨੇ ਕੁੱਝ ਹੋਰ ਵਿਚਾਰ ਦਿੱਤੇ ਜਿਵੇਂ ਕਾਨੂੰਨੀ ਨਿਯਮਾਂਵਲੀ, ਪ੍ਰੈਸ ਦੀ ਆਜ਼ਾਦੀ ਦਾ ਅਧਿਕਾਰ, ਬੋਲਣ ਦੀ ਆਜ਼ਾਦੀ ਅਤੇ ਸਿਵਿਲ-ਆਜ਼ਾਦੀ। ਇਹ ਵਿਚਾਰ ਫ੍ਰਾਂਸੀਸੀ ਕ੍ਰਾਂਤੀ ਦੀ ਰੂਹ ਬਣੇ। ਲੋਕਾਂ ਨੇ ਸਮਝਿਆ ਕਿ ਇਹੋ ਪੁਰਾਣੀ ਸ਼ਾਸਨ ਪ੍ਰਣਾਲੀ ਦਾ ਇਲਾਜ ਹਨ। ਫ੍ਰਾਂਸੀਸੀ ਕ੍ਰਾਂਤੀ ਦੇ ਕਿਸਮ ਦੀਆਂ ਸਰਕਾਰਾਂ ਵਿੱਚ ਵਿਰੋਧ ਸੀ: ਦੋ ਵੱਖ-ਵੱਖ ਝੁਕਾਵਾਂ ਦੇ ਪ੍ਰਕਾਰ ਦੀਆਂ ਸਰਕਾਰਾਂ ਦਾ ਸੰਕਲਪ, ਇਕ ਦਾ ਅੰਤ ਅਤੇ ਦੂਜੇ ਦੀ ਚਿੰਤਾਮਕਤਾ। ਕ੍ਰਾਂਤੀ ਸ਼ੁਰੂਆਤ ਕੋਈ ਵੀ ਕ੍ਰਾਂਤੀ ਨਹੀਂ ਵਾਪਰ ਸਕਦੀ ਜਿੰਨਾਂ ਚਿਰ ਕਾਰਗਰ ਹਾਲਾਤ ਨਾ ਹੋਣ। ਜਿੰਨਾਂ ਚਿਰ ਬਦਲੀ ਹੋਈ ਗੁਣਾਤਮਕ ਰਾਜਨੀਤਕ ਅਤੇ ਸਮਾਜ ਸੁਧਾਰ ਨਾ ਹੋਵੇ ਉਨਾਂ ਚਿਰ ਕੋਈ ਘਟਨਾ ਕ੍ਰਾਂਤੀ ਨਹੀਂ ਬਣ ਸਕਦੀ। ਇਹ ਵਿਚਾਰ ਲੜੀ ਹੈ ਜਿਸ ਨੂੰ ਲੋਕ ਜੀਵਨ ਜਾਂਚ ਵੱਜੋਂ ਪ੍ਰਦਾਨ ਕਰ ਲੈਂਦੇ ਹਨ। ਇਸ ਲਈ ਕ੍ਰਾਂਤੀ ਹਾਲਾਤ ਲਿਆਉਣ ਲਈ ਉਨੀ ਹੀ ਜ਼ਰੂਰੀ ਹਨ ਜਿੰਨੇ ਵਿਚਾਰ। ਅਸਲ ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ ਅਤੇ ਇਸ ਲਈ ਅਨਿਖੜ ਹਨ ਅਤੇ ਇਕੋ ਜਿਹੇ ਮਹੱਤਵਪੂਰਣ ਵੀ ਹਨ।

## SUGGESTED READINGS


1. Leo Gershoy : *The French Revolution and Napoleon.*
2. Alfred Cobban : *A History of Modern Europe,* Vol. I, 1715-1799.
3. M.S. Anderson : *Eighteenth Century Europe.*
4. J.H. Hallowell : *Main Currents in Modern Political Thought.*
5. C.D. Hazen : *Modern Europe upto 1945.*
6. ਰਾਜਿੰਦਰ ਸਿੰਘ : *ਯੂਰਪ ਦਾ ਇਤਿਹਾਸ,* 1789-1870.
7. ਅਰੋੜਾ, ਏ.ਸੀ. : *ਵਿਸ਼ਵ ਦਾ ਇਤਿਹਾਸ,* 1500-195**6.**